ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 1 ਜੂਨ ਤੋਂ ਐਤਵਾਰ, 7 ਜੂਨ, 2026

WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

ਹਫਤਾਵਾਰੀ ਅਖ਼ਬਾਰ
Ludhiana : Monday, 1 June to Sunday, 7 June 2026

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 22 | Website : www.zikarpunjab.com



## ਪੰਜਾਬ 'ਚ ਬੋਰਡ ਟੌਪਰਾਂ ਲਈ ਬਦਲਿਆ ਨਿਯਮ

# ਜਨਮ ਮਿਤੀ ਦੇ ਆਧਾਰ 'ਤੇ ਨਹੀਂ ਕੀਤੀ ਜਾਵੇਗੀ ਰੈਂਕਿੰਗ : ਮਾਨ

ਜ਼ਿਕਰ ਪੰਜਾਬ

**ਚੰਡੀਗੜ੍ਹ :** ਪੰਜਾਬ ਵਿੱਚ ਹੁਣ ਬੋਰਡ ਪ੍ਰੀਖਿਆਵਾਂ ਦੌਰਾਨ ਇੱਕੋ ਜਿਹੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਰੈਂਕਿੰਗ ਜਨਮ ਮਿਤੀ ਦੇ ਆਧਾਰ 'ਤੇ ਨਹੀਂ ਕੀਤੀ ਜਾਵੇਗੀ। ਹੁਣ ਤੋਂ ਬਰਾਬਰ ਅੰਕ ਹਾਸਲ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਇੱਕੋ ਜਿਹਾ (ਸਮਾਨ) ਸਥਾਨ ਦਿੱਤਾ

**■ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਟੌਪਰ ਵਿਦਿਆਰਥੀਆਂ ਦੇ ਸਨਮਾਨ ਲਈ 'ਸਿਤਾਰੇ ਜ਼ਮੀਨ ਪਰ' ਨਾਮਕ ਇੱਕ ਸ਼ਾਨਦਾਰ ਪ੍ਰੋਗਰਾਮ ਉਲੀਕਿਆ ਗਿਆ**

ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਇਤਿਹਾਸਕ ਅਤੇ ਅਹਿਮ ਫ਼ੈਸਲਾ ਬੋਰਡ ਜਮਾਤਾਂ ਦੇ ਟੌਪਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਆਯੋਜਿਤ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਲਿਆ। ਪ੍ਰੋਗਰਾਮ ਦੇ ਸਵਾਲ-ਜਵਾਬ ਸੈਸ਼ਨ ਦੌਰਾਨ ਅੰਮ੍ਰਿਤਸਰ ਦੀ ਇੱਕ ਵਿਦਿਆਰਥਣ ਨੇ ਮੁੱਖ ਮੰਤਰੀ ਦੇ ਸਾਹਮਣੇ ਮੁੱਦਾ ਚੁੱਕਦਿਆਂ ਦੱਸਿਆ ਕਿ ਉਨ੍ਹਾਂ ਦੇ ਜ਼ਿਲ੍ਹੇ ਵਿੱਚ ਤਿੰਨ ਲੜਕੀਆਂ ਨੇ ਬਿਲਕੁਲ ਇੱਕੋ ਜਿਹੇ ਅੰਕ ਹਾਸਲ ਕੀਤੇ ਸਨ, ਪਰ ਜਨਮ ਮਿਤੀ ਦੇ ਆਧਾਰ 'ਤੇ ਉਨ੍ਹਾਂ ਨੂੰ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਘੋਸ਼ਿਤ ਕਰ ਦਿੱਤਾ ਗਿਆ।




ਇਸ ਪੁਰਾਣੀ ਵਿਵਸਥਾ ਕਾਰਨ ਕੇਵਲ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਨੂੰ ਹੀ ਮੁੱਖ ਮੰਤਰੀ ਹੱਥੋਂ ਸਨਮਾਨਿਤ ਹੋਣ ਦਾ ਮੌਕਾ ਮਿਲ ਸਕਿਆ। ਵਿਦਿਆਰਥਣ ਦੀ ਇਸ ਦਲੀਲ ਨੂੰ ਸੁਣਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਤੁਰੰਤ ਮੌਕੇ 'ਤੇ ਹੀ ਮੌਜੂਦਾ ਵਿਵਸਥਾ ਅਤੇ ਨਿਯਮਾਂ ਵਿੱਚ ਬਦਲਾਅ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ। ਉਨ੍ਹਾਂ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਭਵਿੱਖ ਵਿੱਚ ਜੇਕਰ ਵਿਦਿਆਰਥੀਆਂ ਦੇ ਅੰਕ ਬਰਾਬਰ ਹੁੰਦੇ ਹਨ, ਤਾਂ ਉਨ੍ਹਾਂ ਸਾਰਿਆਂ ਨੂੰ ਬਰਾਬਰ ਦਾ ਸਥਾਨ ਅਤੇ ਇੱਕੋ ਜਿਹਾ ਮਾਣ-ਸਨਮਾਨ ਦਿੱਤਾ ਜਾਵੇਗਾ। ਪੰਜਾਬ ਸਿੱਖਿਆ ਵਿਭਾਗ ਵੱਲੋਂ ਅੱਜ (31 ਮਈ) ਨੂੰ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਟੌਪਰ ਵਿਦਿਆਰਥੀਆਂ ਦੇ ਸਨਮਾਨ ਲਈ 'ਸਿਤਾਰੇ ਜ਼ਮੀਨ ਪਰ' ਨਾਮਕ ਇੱਕ ਸ਼ਾਨਦਾਰ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਰਾਜ ਪੱਧਰੀ ਸਮਾਗਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਮਾਗਮ ਦੌਰਾਨ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਟੌਪਰ ਵਿਦਿਆਰਥੀਆਂ ਨਾਲ ਸਿੱਧੀ ਗੱਲਬਾਤ ਕਰ ਰਹੇ ਸਨ, ਤਾਂ ਉਸੇ ਵੇਲੇ ਇੱਕ ਵਿਦਿਆਰਥਣ ਨੇ ਖੜ੍ਹੇ ਹੋ ਕੇ ਕਿਹਾ ਕਿ ਬਰਾਬਰ • ਬਾਕੀ ਸਫ਼ਾ 2 'ਤੇ

## 'ਮਨ ਕੀ ਬਾਤ' : ਪ੍ਰਧਾਨ ਮੰਤਰੀ ਮੋਦੀ ਵੱਲੋਂ 'ਦੇਸੀ ਪਦਾਰਥ' ਪੀਣ ਦੀ ਸਲਾਹ

# ਖਿਡਾਰੀਆਂ ਦੇ ਨਵੇਂ ਰਿਕਾਰਡ ਬਣਾਉਣ ਦੀ ਵੀ ਕੀਤੀ ਸ਼ਲਾਘਾ

ਜ਼ਿਕਰ ਪੰਜਾਬ

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਮਨ ਕੀ ਬਾਤ' ਦੇ 134ਵੇਂ ਐਪੀਸੋਡ ਵਿੱਚ ਖੇਡਾਂ, ਵਾਤਾਵਰਣ ਸੰਭਾਲ, ਰਵਾਇਤੀ ਸੱਭਿਆਚਾਰ ਅਤੇ ਵਿਗਿਆਨਕ ਸਿੱਖਿਆ ਦੇ ਖੇਤਰ ਵਿੱਚ ਭਾਰਤ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਨਵੇਂ ਰਿਕਾਰਡ ਬਣਾਉਣ ਵਾਲੇ ਖਿਡਾਰੀਆਂ ਦੀ ਤਾਰੀਫ਼ ਕੀਤੀ,



ਭਾਰਤ ਦੇ ਰਵਾਇਤੀ ਗਰਮੀਆਂ ਦੇ ਪੀਣ ਵਾਲੇ ਪਦਾਰਥਾਂ (ਡਰਿੰਕਸ) ਬਾਰੇ ਗੱਲ ਕੀਤੀ, ਖ਼ਤਰੇ ਵਿੱਚ ਪਈ ਗੰਗਾ ਨਦੀ ਦੀ ਡਾਲਫਿਨ ਨੂੰ ਬਚਾਉਣ ਦੇ ਯਤਨਾਂ ਨੂੰ ਸਲਾਹਿਆ ਅਤੇ ਨੌਜਵਾਨਾਂ ਨੂੰ ਖਗੋਲ ਵਿਗਿਆਨ ਵਿੱਚ ਦਿਲਚਸਪੀ ਵਧਾਉਣ ਲਈ ਪ੍ਰੇਰਿਤ ਕੀਤਾ। ਐਤਵਾਰ ਨੂੰ ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਂਚੀ ਵਿੱਚ ਹਾਲ ਹੀ ਵਿੱਚ ਹੋਈ 'ਨੈਸ਼ਨਲ ਸੀਨੀਅਰ ਐਥਲੈਟਿਕਸ ਫੈਡਰੇਸ਼ਨ ਪ੍ਰਤੀਯੋਗਤਾ' ਵਿੱਚ ਕਈ ਸ਼ਾਨਦਾਰ ਰਿਕਾਰਡ ਟੁੱਟੇ। ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਰਵਾਇਤੀ ਦੇਸੀ ਡਰਿੰਕਸ 'ਏਕ ਭਾਰਤ, ਸ਼੍ਰੇਸ਼ਠ ਭਾਰਤ' ਦੀ ਭਾਵਨਾ ਨੂੰ ਦਰਸਾਉਂਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਇੱਕ ਖ਼ਾਸ ਤੌਰ 'ਤੇ ਤਿਆਰ ਕੀਤੀ 'ਡਾਲਫਿਨ ਰੈਸਕਿਊ ਐਂਬੂਲੈਂਸ' ਰਾਹੀਂ ਗੰਗਾ ਨਦੀ ਦੀ ਡਾਲਫਿਨ ਨੂੰ ਸੁਰੱਖਿਅਤ ਬਚਾਉਣ ਦੀ ਸ਼ਲਾਘਾ ਕੀਤੀ ਅਤੇ ਨੌਜਵਾਨਾਂ ਨੂੰ ਕਲੱਬਾਂ ਅਤੇ ਪਲੈਨੇਟੇਰੀਅਮ (ਤਾਰਾਮੰਡਲ) ਰਾਹੀਂ ਖਗੋਲ ਵਿਗਿਆਨ ਨੂੰ ਸਮਝਣ ਦੀ ਅਪੀਲ ਕੀਤੀ। ਖੇਡਾਂ ਵਿੱਚ ਨਵੇਂ ਰਾਸ਼ਟਰੀ ਰਿਕਾਰਡਖੇਡਾਂ ਦਾ ਜ਼ਿਕਰ ਕਰਦਿਆਂ ਪੀਐਮ ਮੋਦੀ ਨੇ ਝਾਰਖੰਡ ਦੇ ਰਾਂਚੀ ਵਿੱਚ ਹੋਈ ਚੈਂਪੀਅਨਸ਼ਿਪ ਦੌਰਾਨ ਨਵੇਂ ਰਾਸ਼ਟਰੀ ਰਿਕਾਰਡ ਬਣਾਉਣ ਲਈ ਐਥਲੀਟ ਗੁਰਿੰਦਰਵੀਰ ਸਿੰਘ, ਵਿਸ਼ਾਲ ਟੀਕੇ, ਤੇਜਸਵਿਨ ਸ਼ੰਕਰ, ਦੇਵ ਮੀਨਾ ਅਤੇ ਕੁਲਦੀਪ ਕੁਮਾਰ ਨੂੰ • ਬਾਕੀ ਸਫ਼ਾ 2 'ਤੇ



## ਗੁਜਰਾਤ ਟਾਈਟਨਸ ਨੂੰ ਹਰਾ ਕੇ

# RCB ਦੂਜੀ ਵਾਰੀ ਬਣੀ IPL ਚੈਂਪੀਅਨ

ਜ਼ਿਕਰ ਪੰਜਾਬ

**ਅਹਿਮਦਾਬਾਦ :** ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਖੇਡੇ ਗਏ ਆਈ ਪੀ ਐੱਲ 2026 ਦੇ ਫਾਈਨਲ ਮੈਚ ਵਿੱਚ ਰੌਇਲ ਚੈਲੰਜਰਜ਼ ਬੰਗਲੁਰੂ ਨੇ ਗੁਜਰਾਤ ਟਾਈਟਨਸ ਨੂੰ 5 ਵਿਕੇਟਾਂ ਨਾਲ ਹਰਾ ਕੇ ਆਈ ਪੀ ਐੱਲ ਦਾ ਖਿਤਾਬ ਦੂਜੀ ਵਾਰ ਆਪਣੇ ਨਾਮ ਕਰ ਲਿਆ ਹੈ। ਗੁਜਰਾਤ ਵੱਲੋਂ ਦਿੱਤੇ 156 ਦੌੜਾਂ ਦੇ ਟੀਚੇ ਨੂੰ ਬੇਂਗਲੁਰੂ ਨੇ 18 ਓਵਰਾਂ ਵਿੱਚ ਪੰਜ ਵਿਕਟਾਂ 'ਤੇ 161 ਦੌੜਾਂ ਬਣਾ ਕੇ ਹਾਸਲ ਕਰ ਲਿਆ। ਇਸ ਜਿੱਤ ਵਿੱਚ ਸਭ ਤੋਂ ਅਹਿਮ ਯੋਗਦਾਨ ਵਿਰਾਟ ਕੋਹਲੀ ਦਾ ਰਿਹਾ, ਜਿਨ੍ਹਾਂ ਨੇ 42 ਗੇਂਦਾਂ ਵਿੱਚ 9 ਚੌਕਿਆਂ ਅਤੇ 3 ਛੱਕਿਆਂ ਦੀ ਮਦਦ ਨਾਲ ਨਾਬਾਦ 75 ਦੌੜਾਂ ਬਣਾਈਆਂ। ਟਾਸ ਹਾਰ ਕੇ ਪਹਿਲਾਂ ਬੱਲੇਬਾਜ਼ੀ ਕਰਨ ਉੱਤਰੀ ਗੁਜਰਾਤ ਟਾਈਟਨਸ ਅੱਠ ਵਿਕਟਾਂ 'ਤੇ 155 ਦੌੜਾਂ ਹੀ ਬਣਾ ਸਕੀ। ਲਾਲ ਅਤੇ ਕਾਲੀ ਮਿੱਟੀ ਦੇ ਮਿਸ਼ਰਣ ਵਾਲੀ ਪਿੱਚ 'ਤੇ ਸ਼ਾਟ ਖੇਡਣਾ ਬਿਲਕੁਲ ਵੀ ਆਸਾਨ ਨਹੀਂ ਸੀ ਜੋ ਗੁਜਰਾਤ ਟਾਈਟਨਸ ਦੀ ਬੱਲੇਬਾਜ਼ੀ ਵਿੱਚ ਸਾਫ਼ ਦਿਖਾਈ ਦੇ ਰਿਹਾ ਸੀ। ਆਰ ਸੀ ਬੀ ਦੇ ਗੇਂਦਬਾਜ਼ਾਂ ਨੇ ਸ਼ੁਰੂ ਤੋਂ ਹੀ ਦਬਦਬਾ ਬਣਾਉਂਦੇ ਹੋਏ ਪਾਵਰਪਲੇ ਵਿੱਚ ਸਲਾਮੀ ਬੱਲੇਬਾਜ਼ ਸ਼ੁਭਮਨ ਗਿੱਲ (10) ਅਤੇ ਸਾਈ ਸੁਦਰਸ਼ਨ (12) ਦੀਆਂ ਵਿਕਟਾਂ ਝਟਕਾ ਦਿੱਤੀਆਂ। ਗੁਜਰਾਤ ਟਾਈਟਨਸ ਨੂੰ ਆਪਣੀ ਸਲਾਮੀ ਜੋੜੀ ਤੋਂ ਚੰਗੀ ਸ਼ੁਰੂਆਤ ਦੀ ਉਮੀਦ ਸੀ ਪਰ ਟੀਮ ਇਨ੍ਹਾਂ ਝਟਕਿਆਂ ਤੋਂ ਉਭਰ ਨਹੀਂ ਸਕੀ। ਗੁਜਰਾਤ • ਬਾਕੀ ਸਫ਼ਾ 2 'ਤੇ

# ਪੰਜਾਬ-ਹਰਿਆਣਾ 'ਚ 6 ਜੂਨ ਤੱਕ ਲਗਾਤਾਰ ਪਵੇਗਾ ਮੀਂਹ

ਜ਼ਿਕਰ ਪੰਜਾਬ

**ਚੰਡੀਗੜ੍ਹ :** ਉੱਤਰ-ਪੱਛਮੀ ਭਾਰਤ ਵਿੱਚ ਚਾਰ ਦਿਨਾਂ ਤੋਂ ਜਾਰੀ ਮੀਂਹ ਦੇ ਸਿਲਸਿਲੇ ਅਤੇ ਪਿਛਲੇ 24 ਘੰਟਿਆਂ ਦੌਰਾਨ ਪਏ ਮੀਂਹ ਨੇ ਪੰਜਾਬ ਵਿੱਚ ਮਈ ਮਹੀਨੇ ਦੌਰਾਨ ਮੀਂਹ ਦੀ ਵੱਡੀ ਕਮੀ ਨੂੰ ਪੂਰਾ ਕਰ ਦਿੱਤਾ ਹੈ ਜੋ ਮੀਂਹ 29 ਮਈ ਤੱਕ ਲੰਮੀ ਮਿਆਦ ਦੇ ਔਸਤ ਨਾਲੋਂ 37 ਫ਼ੀਸਦੀ ਘੱਟ ਸੀ, ਉਹ ਹੁਣ ਔਸਤ ਨਾਲੋਂ 25 ਫ਼ੀਸਦੀ ਵੱਧ ਹੋ ਗਿਆ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਵੱਲੋਂ 31 ਮਈ ਨੂੰ ਜਾਰੀ ਬੁਲੇਟਿਨ ਅਨੁਸਾਰ, ਪੰਜਾਬ ਅਤੇ ਹਰਿਆਣਾ ਵਿੱਚ 6 ਜੂਨ ਤੱਕ ਮੀਂਹ ਦਾ ਸਿਲਸਿਲਾ ਲਗਾਤਾਰ ਜਾਰੀ ਰਹਿਣ ਦੀ ਉਮੀਦ ਹੈ, ਜਿਸ ਦੌਰਾਨ ਕੁਝ ਥਾਵਾਂ 'ਤੇ ਰੁਕ-ਰੁਕ ਕੇ ਜਾਂ ਖਿੰਡਵਾਂ ਮੀਂਹ ਪੈ ਸਕਦਾ ਹੈ। ਇਸ ਤੋਂ ਪਹਿਲਾਂ, 2 ਤੋਂ 4 ਜੂਨ ਤੱਕ ਮੌਸਮ ਖ਼ੁਸ਼ਕ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਸੀ ਪੰਜਾਬ ਅਤੇ ਹਰਿਆਣਾ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਹਲਕਾ ਤੋਂ ਦਰਮਿਆਨਾ ਮੀਂਹ ਪਿਆ, ਜਦੋਂ ਕਿ ਕੁਝ ਥਾਵਾਂ 'ਤੇ ਗਰਜ-ਚਮਕ ਦੇ ਨਾਲ ਤੇਜ਼ ਹਵਾਵਾਂ ਚੱਲੀਆਂ ਕਈ ਥਾਵਾਂ 'ਤੇ ਮੀਂਹ ਆਮ ਨਾਲੋਂ ਕਾਫ਼ੀ ਜ਼ਿਆਦਾ ਰਿਹਾ ਹੈ। ਪੰਜਾਬ ਵਿੱਚ ਮੀਂਹ ਦੇ ਅੰਕੜੇ 1 ਮਈ ਤੋਂ 31 ਮਈ ਦੀ ਸਵੇਰ ਤੱਕ, ਪੰਜਾਬ ਵਿੱਚ 21.6 ਐਮਐਮ ਮੀਂਹ ਦਰਜ ਕੀਤਾ ਗਿਆ, ਜਦੋਂ ਕਿ ਇਸ ਸਮੇਂ ਦਾ ਲੰਮੀ ਮਿਆਦ ਦਾ ਔਸਤ 17.3 ਐਮਐਮ ਹੁੰਦਾ ਹੈ। 1 ਮਾਰਚ ਤੋਂ ਹੁਣ ਤੱਕ ਸੂਬੇ ਵਿੱਚ ਸੀਜ਼ਨ ਦਾ ਕੁੱਲ ਮੀਂਹ ਔਸਤ ਨਾਲੋਂ 22 ਫ਼ੀਸਦੀ ਵੱਧ ਹੈ ਮੋਗਾ ਨੂੰ ਛੱਡ ਕੇ, ਪਿਛਲੇ 24 ਘੰਟਿਆਂ ਦੌਰਾਨ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਵੱਖ-



# ਵੀਅਤਨਾਮ ਖਰੀਦੇਗਾ 'ਬ੍ਰਹਮੋਸ'

ਜ਼ਿਕਰ ਪੰਜਾਬ

**ਨਵੀਂ ਦਿੱਲੀ :** ਭਾਰਤ ਦੀ ਰੱਖਿਆ ਬਰਾਮਦ ਅਤੇ ਦੱਖਣ-ਪੂਰਬੀ ਏਸ਼ੀਆ ਵਿਚ ਰਣਨੀਤਕ ਪਹੁੰਚ ਨਾਲ ਜੁੜੇ ਇਕ ਵੱਡੇ ਘਟਨਾਚੱਕਰ ਵਿਚ, ਫਿਲੀਪੀਨਜ਼ ਤੋਂ ਬਾਅਦ ਹੁਣ ਵੀਅਤਨਾਮ ਨੇ ਬ੍ਰਹਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲ ਪ੍ਰਣਾਲੀ ਖਰੀਦਣ ਲਈ ਇਕ ਸਮਝੌਤੇ 'ਤੇ ਦਸਤਖਤ ਕੀਤੇ ਹਨ, ਜਦੋਂ ਕਿ ਇੰਡੋਨੇਸ਼ੀਆ ਨਾਲ ਇਸ ਸਬੰਧੀ ਗੱਲਬਾਤ ਆਖਰੀ ਦੌਰ ਵਿਚ ਹੈ। ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਨੇ ਸਿੰਗਾਪੁਰ ਵਿਚ 'ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਟ੍ਰੈਟੇਜਿਕ ਸਟੱਡੀਜ਼' ਵੱਲੋਂ ਆਯੋਜਿਤ 23ਵੇਂ ਸਾਂਗਰੀ-ਲਾ ਡਾਇਲਾਗ ਵਿਚ ਇਕ ਪੈਨਲ ਚਰਚਾ ਦੌਰਾਨ ਇਹ ਗੱਲ ਕਹੀ। ਇਸ ਸਮਝੌਤੇ ਤੋਂ ਹਿੰਦ-ਪ੍ਰਸ਼ਾਂਤ ਖੇਤਰ ਵਿਚ ਰੱਖਿਆ ਭਾਈਵਾਲ ਵਜੋਂ ਭਾਰਤ ਦੀ ਵਧਦੀ ਸਾਖ ਦਾ ਪਤਾ ਲੱਗਦਾ ਹੈ। ਸਿੰਘ ਨੇ ਦੱਖਣ-ਪੂਰਬੀ ਏਸ਼ੀਆ ਵਿਚ ਬ੍ਰਹਿਮੋਸ ਮਿਜ਼ਾਈਲ ਦੇ ਸੰਭਾਵਿਤ ਖਰੀਦਦਾਰਾਂ ਬਾਰੇ ਪੁੱਛੇ ਗਏ ਇਕ ਸਵਾਲ ਦੇ

# ਵਿਧਾਇਕ ਪਠਾਣਮਾਜਰਾ ਜੇਲ੍ਹ ਚੋਂ ਰਿਹਾਅ



ਜ਼ਿਕਰ ਪੰਜਾਬ

**ਬਠਿੰਡਾ :** ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਐਤਵਾਰ ਨੂੰ ਕੇਂਦਰੀ ਜੇਲ੍ਹ ਚੋਂ ਰਿਹਾਅ ਹੋ ਗਏ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਦਰਜ ਮਾਮਲਿਆਂ ਵਿੱਚ ਉਨ੍ਹਾਂ ਨੂੰ ਬਿਨਾਂ ਵਜ੍ਹਾ ਪਰੇਸ਼ਾਨ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਆਪਣੇ ਵਿਧਾਨ ਸਭਾ ਹਲਕੇ ਦੀਆਂ ਸਮੱਸਿਆਵਾਂ ਅਤੇ ਮੰਗਾਂ ਨੂੰ ਸਰਕਾਰ ਦੇ ਸਾਹਮਣੇ ਚੁੱਕਣ ਕਰਕੇ ਉਨ੍ਹਾਂ ਖ਼ਿਲਾਫ਼ ਇਹ ਕਾਰਵਾਈ ਕੀਤੀ ਗਈ ਹੈ। ਪਠਾਣਮਾਜਰਾ ਨੇ ਕਿਹਾ ਕਿ ਜੇਕਰ ਰਾਜ ਸਰਕਾਰ ਉਨ੍ਹਾਂ ਦੇ ਹਲਕੇ ਦੇ ਵਿਕਾਸ ਅਤੇ ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਕੋਈ ਠੋਸ ਕਦਮ ਚੁੱਕਦੀ ਹੈ, ਤਾਂ ਉਹ ਖੇਤਰ ਦੇ ਹਿੱਤ ਵਿੱਚ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਅਗਲੀ ਸਿਆਸੀ ਰਣਨੀਤੀ ਉਹ ਆਪਣੇ ਸਮਰਥਕਾਂ ਅਤੇ ਖੇਤਰ ਦੇ ਲੋਕਾਂ ਨਾਲ ਚਰਚਾ ਕਰਨ ਤੋਂ ਬਾਅਦ ਹੀ ਤੈਅ ਕਰਨਗੇ। ਪਾਰਟੀ ਛੱਡਣ ਸਬੰਧੀ ਪੁੱਛੇ ਗਏ ਸਵਾਲ 'ਤੇ ਉਨ੍ਹਾਂ ਸਪਸ਼ਟ ਜਵਾਬ ਦੇਣ ਤੋਂ ਬਚਦਿਆਂ ਕਿਹਾ ਕਿ ਉਹ ਆਪਣੇ ਖੇਤਰ ਦੇ ਲੋਕਾਂ ਦੀ ਰਾਏ ਦੇ ਆਧਾਰ 'ਤੇ ਹੀ ਕੋਈ ਫੈਸਲਾ ਲੈਣਗੇ। ਰਿਹਾਈ ਤੋਂ ਬਾਅਦ ਪਠਾਣਮਾਜਰਾ ਨੇ ਦੱਸਿਆ ਕਿ ਉਹ ਆਪਣੇ ਸਮਰਥਕਾਂ ਦੇ ਨਾਲ ਸਭ ਤੋਂ ਪਹਿਲਾਂ ਬਾਬਾ ਬੁੱਢਾ ਸਾਹਿਬ ਵਿਖੇ ਮੱਥਾ ਟੇਕਣ ਗਏ।

# ਮੁੱਖ ਮੰਤਰੀ ਮਾਨ ਨੇ ਅੱਜ ਮੁੜ ਸੱਦੀ ਮੰਤਰੀ ਮੰਡਲ ਦੀ ਮੀਟਿੰਗ

ਜ਼ਿਕਰ ਪੰਜਾਬ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 1 ਜੂਨ ਨੂੰ ਮੁੜ ਤੋਂ ਮੰਤਰੀ ਮੰਡਲ ਦੀ ਮੀਟਿੰਗ ਸੱਦ ਲਈ ਹੈ ਇਹ ਮੀਟਿੰਗ ਦੁਪਹਿਰ 12 ਵਜੇ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰੀ ਰਿਹਾਇਸ਼ ਉੱਤੇ ਹੋਵੇਗੀ। ਪੰਜਾਬ ਸਰਕਾਰ ਵੱਲੋਂ ਮੀਟਿੰਗ ਦਾ ਏਜੰਡਾ ਹਾਲੇ ਕੋਈ ਜਾਰੀ ਨਹੀਂ ਕੀਤਾ ਗਿਆ ਪਰ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਵੱਲੋਂ ਮੀਟਿੰਗ ਵਿੱਚ ਕਈ ਅਹਿਮ ਫੈਸਲੇ ਲਏ ਜਾਣਗੇ। ਦੱਸਣਯੋਗ ਹੈ ਕਿ ਲੰਘੇ ਦਿਨ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੰਜਾਬ ਸਰਕਾਰ ਨੇ ਸੂਬੇ ਵਿੱਚ ਆਊਟਸੋਰਸ ਤੇ ਕੰਮ ਕਰਨ ਵਾਲੇ ਕਾਮਿਆਂ ਨੂੰ ਸਰਕਾਰ ਅਧੀਨ ਠੇਕੇ 'ਤੇ ਲਿਆਉਣ ਲਈ ਪ੍ਰਵਾਨਗੀ ਦੇ ਦਿੱਤੀ ਸੀ। ਇਸ ਤੋਂ ਇਲਾਵਾ ਡੀਏ ਦੇ ਬਕਾਏ ਦੇ ਭੁਗਤਾਨ ਬਾਰੇ ਅਧਿਅਨ ਕਰਨ ਲਈ ਕਮੇਟੀ ਦੇ ਪੁਨਰਗਠਨ ਨੂੰ ਵੀ ਹਰੀ ਝੰਡੀ ਦੇ ਦਿੱਤੀ ਸੀ।

# ਸਮਾਜ ਦੇ ਸਾਰੇ ਵਰਗ ਆਪਣੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰ ਲੈਣ ਤਾਂ ਪੂਰਾ ਸਮਾਜ ਨਸ਼ਾ ਮੁਕਤ ਹੋ ਜਾਵੇਗਾ : ਰਾਜਪਾਲ ਕਟਾਰੀਆ

ਜ਼ਿਕਰ ਪੰਜਾਬ

**ਚੰਡੀਗੜ੍ਹ :** ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ-ਆਪਣੇ ਵਰਗ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰ ਲੈਣ ਤਾਂ ਪੂਰਾ ਸਮਾਜ ਨਸ਼ਾ ਮੁਕਤ ਹੋ ਜਾਵੇਗਾ। ਅਗਰ ਸਮੇਂ ਰਹਿੰਦੇ ਨਹੀਂ ਸੰਭਲ਼ੇ ਤਾਂ ਨਸ਼ਾ ਭਾਵੀ ਪੀੜ੍ਹੀ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਖੋਖਲਾ ਕਰ ਦੇਵੇਗਾ। ਸ਼੍ਰੀ ਕਟਾਰੀਆ ਅੱਜ ਸੈਕਟਰ 27 ਸਥਿਤ ਜਾਟ ਭਵਨ ਵਿਖੇ ਆਓ ਨਸ਼ਾ ਮੁਕਤ ਭਵਿੱਖ ਦਾ ਮਿਲ ਕੇ ਨਿਰਮਾਣ ਕਰੀਏ ਨਾਮਕ ਰਾਸ਼ਟਰੀ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ। ਇਸ ਅਵਸਰ 'ਤੇ ਇੱਕ ਸੋਵੀਨਾਰ ਵੀ ਜਾਰੀ ਕੀਤਾ ਗਿਆ। ਰਾਜਪਾਲ ਨੇ ਨਸ਼ਿਆਂ ਦੀ ਜਾਟ ਸਮਾਜ ਦੁਆਰਾ ਨਸ਼ੇ ਦੇ ਖ਼ਿਲਾਫ਼ ਜਾਗਰੂਕਤਾ ਫੈਲਾਉਣ ਲਈ ਆਯੋਜਿਤ ਪ੍ਰੋਗਰਾਮ ਦੀ ਸ਼ਲਾਘਾ ਕਰਦੇ ਹੋਏ ਸਮਾਜ ਦੇ ਹੋਰ ਵਰਗਾਂ ਨੂੰ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਆਯੋਜਿਤ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਨੇ ਕਿਹਾ ਸਮਾਜਿਕ ਸੰਗਠਨਾਂ ਦਾ ਪ੍ਰਭਾਵ ਜ਼ਿਆਦਾ ਪੈਂਦਾ ਹੈ। ਜਿਸ ਤਰ੍ਹਾਂ ਸਮਾਜ ਨੇ ਦਾਜ ਪ੍ਰਥਾ ਅਤੇ ਹੋਰ ਸਮਾਜਿਕ ਕੁਰੀਤੀਆਂ ਖ਼ਿਲਾਫ਼ ਆਪਣੀ ਮੁਹਿੰਮ ਚਲਾ ਕੇ ਲੋਕਾਂ ਵਿੱਚ ਜਾਗਰਿਤੀ ਲਿਆਉਣ ਦਾ ਕੰਮ ਕੀਤਾ ਹੈ, ਉਸੇ ਤਰ੍ਹਾਂ ਨਸ਼ੇ ਦੇ ਖ਼ਿਲਾਫ਼ ਵੀ ਸਾਰਿਆਂ ਨੂੰ ਇਕਜੁੱਟ ਹੋ ਕੇ ਕਾਰਜ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਮਾਜਿਕ ਸੰਗਠਨਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਅਤੇ ਕਾਲਜਾਂ ਦੇ ਇਲਾਵਾ ਹੋਰ ਵਿੱਦਿਅਕ ਸੰਸਥਾਵਾਂ ਵਿੱਚ ਵੀ ਅਜਿਹੇ ਸੈਮੀਨਾਰ ਆਯੋਜਿਤ ਕਰਕੇ ਨੌਜਵਾਨਾਂ ਨੂੰ ਦੇਸ਼ ਅਤੇ ਯੁਵਾ ਪੀੜ੍ਹੀ ਬਚਾਉਣ ਲਈ ਆਪਣੀ ਆਹੂਤੀ ਦੇਣੀ ਚਾਹੀਦੀ ਹੈ।




ਸ਼੍ਰੀ ਕਟਾਰੀਆ ਨੇ ਵਿਭਿੰਨ ਜੇਲ੍ਹਾਂ ਵਿੱਚ ਨਸ਼ੇ ਵੇਚਣ ਦੇ ਦੋਸ਼ ਵਿੱਚ ਪਕੜੇ ਗਏ ਲੋਕਾਂ ਨਾਲ ਕੀਤਾ ਗਿਆ ਸੰਵਾਦ ਸਾਂਝਾ ਕਰਦੇ ਹੋਏ ਦੱਸਿਆ ਕਿ ਕੁਝ ਲੋਕ ਧਨ ਦੌਲਤ ਕਮਾਉਣ ਦੇ ਚੱਕਰ ਵਿੱਚ ਗ਼ਰੀਬ ਲੋਕਾਂ ਅਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫਸਾਉਂਦੇ ਹਨ, ਅਸਲੀ ਦੋਸ਼ੀ ਇਨ੍ਹਾਂ ਨੂੰ ਵਰਗ਼ਲਾਉਣ ਵਾਲਾ ਹੈ ਨਾ ਕਿ ਨਸ਼ਾ ਕਰਨ ਵਾਲਾ। ਭਾਰਤ ਦੇ ਐਡੀਸ਼ਨਲ ਸਾਲਿਸਿਟਰ ਜਨਰਲ ਅਤੇ ਸਾਬਕਾ ਸਾਂਸਦ, ਸ਼੍ਰੀ ਸਤਿਆਪਾਲ ਜੈਨ ਨੇ ਸੈਮੀਨਾਰ ਦੀ ਪ੍ਰਧਾਨਗੀ ਕਰਦੇ ਹੋਏ ਕਿਹਾ ਕਿ ਜੋ ਵਿਅਕਤੀ ਨਸ਼ਾ ਕਰਦੇ ਹਨ ਉਹ ਬਾਹਰੀ ਤੌਰ 'ਤੇ ਬੇਸ਼ੱਕ ਤੰਦਰੁਸਤ ਦਿਖਾਈ ਦਿੰਦੇ ਹਨ ਲੇਕਿਨ ਉਹ ਅੰਦਰੋਂ ਖੋਖਲੇ ਹੋ ਚੁੱਕੇ ਹੁੰਦੇ ਹਨ।ਉਨ੍ਹਾਂ ਨੇ ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਭਾਰਤ ਵਿੱਚ ਫ਼ਿਲਹਾਲ 8% ਲੋਕ ਐਸੇ ਹਨ ਜੋ ਕਿਸੇ ਨਾ ਕਿਸੇ ਨਸ਼ੇ ਦੇ ਆਦੀ ਹਨ। ਸੁਪਰੀਮ ਕੋਰਟ ਦੇ ਸੇਵਾਮੁਕਤ ਜਸਟਿਸ ਸ਼੍ਰੀ ਮਦਨ ਲੋਕੁਰ ਨੇ ਨਸ਼ੇ ਦੇ ਮਾਮਲੇ ਵਿੱਚ ਕਈ ਕਾਨੂੰਨੀ ਪਹਿਲੂਆਂ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਦਵਾਈ ਦੇ ਰੂਪ ਵਿੱਚ ਕੁਝ ਡਰੱਗਸ ਦੀ ਆਗਿਆ ਤਾਂ ਸੰਵਿਧਾਨ ਵਿੱਚ ਦਿੱਤੀ ਗਈ ਹੈ, ਲੇਕਿਨ ਨਸ਼ੇ ਦੇ ਤੌਰ 'ਤੇ ਅਤਿਅਧਿਕ ਮਾਤਰਾ ਦੀ ਮਨਾਹੀ ਹੈ। ਉਨ੍ਹਾਂ ਨੇ ਭਾਰਤ ਸਰਕਾਰ ਦੁਆਰਾ ਅੰਤਰਰਾਸ਼ਟਰੀ ਪੱਧਰ 'ਤੇ ਡਰੱਗ ਨੂੰ ਰੋਕਣ ਲਈ ਕੀਤੀ • ਬਾਕੀ ਸਫ਼ਾ 2 'ਤੇ

# ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਐਸਸੀ ਭਾਈਚਾਰੇ ਤੋਂ ਮੁਆਫ਼ੀ ਮੰਗੀ

ਜ਼ਿਕਰ ਪੰਜਾਬ

**ਅੰਮ੍ਰਿਤਸਰ :** ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਅੱਜ ਨੂੰ ਨਗਰ ਨਿਗਮ ਚੋਣਾਂ ਵਾਲੇ ਦਿਨ 26 ਮਈ ਨੂੰ ਐਸਸੀ ਭਾਈਚਾਰੇ ਬਾਰੇ ਕੀਤੀਆਂ ਟਿੱਪਣੀਆਂ ਲਈ ਮੁਆਫ਼ੀ ਮੰਗੀ ਹੈ। ਉਨ੍ਹਾਂ ਕਿਹਾ, "ਮੈਂ ਸਾਰਿਆਂ ਤੋਂ ਹੱਥ ਜੋੜ ਕੇ ਅਤੇ ਸਿਰ ਝੁਕਾ ਕੇ ਮੁਆਫ਼ੀ ਮੰਗਦਾ ਹਾਂ। ਉਸ ਸਮੇਂ ਸਥਿਤੀ ਜੋ ਵੀ ਸੀ, ਇਹ ਬਾਅਦ ਦੀ ਗੱਲ ਹੈ। ਪਰ ਇੱਕ ਮੰਤਰੀ ਹੋਣ ਦੇ ਨਾਤੇ, ਮੈਂ ਆਪਣੇ ਮੂੰਹੋਂ ਨਿਕਲੇ ਸ਼ਬਦਾਂ ਲਈ ਮੁਆਫ਼ੀ ਮੰਗਦਾ ਹਾਂ, ਅਜਿਹਾ ਨਹੀਂ ਹੋਣਾ ਚਾਹੀਦਾ ਸੀ। ਅੰਮ੍ਰਿਤਸਰ 'ਚ ਉਨ੍ਹਾਂ ਕਿਹਾ, "ਮੈਂ ਸੰਵਿਧਾਨਕ ਸੰਸਥਾਵਾਂ ਦਾ ਸਤਿਕਾਰ ਕਰਦਾ ਹਾਂ। ਜੇਕਰ ਮੈਨੂੰ ਹੱਥ ਜੋੜ ਕੇ ਐਸਸੀ ਕਮਿਸ਼ਨ ਅੱਗੇ ਜਾ ਕੇ ਮੁਆਫ਼ੀ ਮੰਗਣੀ ਪਈ, ਤਾਂ ਮੈਂ ਉਹ ਕਰਾਂਗਾ। ਜੇਕਰ ਕਮਿਸ਼ਨ ਮੈਨੂੰ ਤਲਬ ਕਰਦਾ ਹੈ ਅਤੇ ਸਪੱਸ਼ਟੀਕਰਨ ਮੰਗਦਾ ਹੈ, ਤਾਂ ਮੈਂ ਨਿੱਜੀ ਤੌਰ 'ਤੇ ਪੇਸ਼ ਹੋਵਾਂਗਾ ਅਤੇ ਜੇ ਲੋੜ ਪਈ ਤਾਂ ਲਿਖਤੀ ਤੌਰ 'ਤੇ ਵੀ ਮੁਆਫ਼ੀ ਮੰਗਾਂਗਾ। ਰਵਨੀਤ ਸਿੰਘ ਬਿੱਟੂ ਨੇ ਕਿਹਾ, "ਇਸ ਪੂਰੀ ਗੁਰੂ ਨਗਰੀ 'ਚ ਇਹ ਪਵਿੱਤਰ ਸ਼ਹਿਰ ਜਿੱਥੇ ਸਾਡਾ ਦਰਬਾਰ ਸਾਹਿਬ, ਦੁਰਗਿਆਣਾ ਮੰਦਰ ਅਤੇ ਰਾਮ ਤੀਰਥ



ਸਥਿਤ ਹਨ, ਮੈਂ ਅੱਜ ਇੱਥੇ ਆਇਆ ਹਾਂ ਕਿਉਂਕਿ ਐਸਸੀ ਕਮਿਸ਼ਨ ਨੇ 26 ਮਈ ਨੂੰ ਧੂਰੀ 'ਚ ਵਾਪਰੀ ਇੱਕ ਘਟਨਾ ਬਾਰੇ ਸੰਗਰੂਰ ਦੇ ਐਸਐਸਪੀ ਤੋਂ ਰਿਪੋਰਟ ਮੰਗੀ ਹੈ।"ਇਸ ਮਾਮਲੇ ਨੂੰ ਲੈ ਕੇ ਐਸਸੀ ਕਮਿਸ਼ਨ ਦੇ ਸਾਹਮਣੇ ਅਤੇ ਕਈ ਹੋਰ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ ਹੋਏ ਹਨ।

# ਬਾਬਾ ਬਕਾਲਾ ਸਾਹਿਬ ਵਿਖੇ ਵਿਸ਼ਾਲ ਪੰਥਕ ਕਾਨ.ਫਰੰਸ 'ਚ ਬੁਲਾਰਿਆਂ ਨੇ ਇਕਮਤ ਨਾਲ ਸਰਕਾਰ ਨੂੰ ਐਕਟ 'ਚੋਂ ਇਤਰਾਜ਼ਯੋਗ ਮੱਦਾਂ ਤੁਰੰਤ ਹਟਾਉਣ ਲਈ ਆਖਿਆ

## ਸ਼ਹੀਦੀ ਹ.ਫਤੇ ਮਗਰੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕਰਕੇ ਲਿਆ ਜਾਵੇਗਾ ਸਖ਼ਤ ਫੈਸਲਾ : ਜਥੇਦਾਰ ਕੁਲਦੀਪ ਸਿੰਘ ਗੜਗੱਜ

ਜ਼ਿਕਰ ਪੰਜਾਬ

**ਬਾਬਾ ਬਕਾਲਾ ਸਾਹਿਬ :** ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ (ਸੋਧ) ਐਕਟ 2026" ਵਿਚ ਦਰਜ ਮੱਦਾਂ ਜਿਨ੍ਹਾਂ 'ਤੇ ਸਿੱਖ ਪੰਥ ਵੱਲੋਂ ਇਤਰਾਜ਼ ਜਿਤਾਏ ਜਾ ਰਹੇ ਹਨ, ਸਬੰਧੀ ਵਿਚਾਰਾਂ ਕਰਨ ਲਈ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ਵਿਸ਼ਾਲ ਪੰਥਕ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ 'ਚ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ




ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ ਸਮੇਤ ਵੱਖ-ਵੱਖ ਸਿੱਖ ਸੰਪ੍ਰਦਾਵਾਂ, ਜਥੇਬੰਦੀਆਂ, ਸਿੱਖ ਬੁੱਧੀਜੀਵੀ ਅਤੇ ਪੰਜਾਬ ਭਰ ਤੋਂ ਵੱਡੀ ਗਿਣਤੀ 'ਚ ਸੰਗਤ ਨੇ ਸ਼ਮੂਲੀਅਤ ਕੀਤੀ। ਪੰਥਕ ਕਾਨਫ਼ਰੰਸ 'ਚ ਵੱਖ-ਵੱਖ ਬੁਲਾਰਿਆਂ ਨੇ ਇਕਮਤ ਹੋ ਕੇ ਸਰਕਾਰ ਵੱਲੋਂ ਪਾਸ ਕੀਤੇ ਐਕਟ ਵਿਚਲੀਆਂ ਖਾਮੀਆਂ ਨੂੰ ਤੁਰੰਤ ਦੂਰ ਕੀਤੇ ਜਾਣ 'ਤੇ ਜ਼ੋਰ ਦਿੱਤਾ। ਬੁਲਾਰਿਆਂ ਕਿਹਾ ਕਿ ਜਿਨ੍ਹਾਂ ਮੱਦਾਂ 'ਤੇ ਪੰਥ ਨੂੰ ਇਤਰਾਜ਼ ਹੈ, ਸਰਕਾਰ ਨੂੰ ਆਪਣੇ ਹੱਠਧਰਮੀ ਛੱਡ ਕੇ ਸਿੱਖ ਭਾਵਨਾਵਾਂ ਅਨੁਸਾਰ ਸੋਧ ਕਰਨ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਇਸੇ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰ ਦੁਆਰਾ ਪਾਸ ਕੀਤਾ ਇਹ ਕਾਨੂੰਨ ਮਿੱਠਾ ਜ਼ਹਿਰ ਹੈ, ਜੋ ਕੌਮ ਦੇ ਭਵਿੱਖ ਲਈ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਸਰਕਾਰ ਦੀ ਸਿੱਖ ਸੰਸਥਾਵਾਂ ਅੰਦਰ ਸਿੱਧੀ ਦਖ਼ਲਅੰਦਾਜ਼ੀ ਦੀ ਚਾਲ ਹੈ, ਜਿਸ ਨੂੰ ਕੌਮ ਭਲੀਭਾਂਤ ਸਮਝਦੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਨਾਲ ਖ਼ਾਲਸਾ ਪੰਥ ਸਹਿਮਤ ਹੈ, ਪਰ • ਬਾਕੀ ਸਫ਼ਾ 2 'ਤੇ

# ਪੰਜਾਬ 'ਚ ਕਾਨੂੰਨ ਵਿਵਸਥਾ ਦੀ ਸਥਿਤੀ ਚਿੰਤਾਜਨਕ : ਮੁੱਖ ਮੰਤਰੀ ਨਾਇਬ ਸਿੰਘ ਸੈਣੀ



ਜ਼ਿਕਰ ਪੰਜਾਬ

**ਕਪੂਰਥਲਾ :** ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਆਪਸ ਵਿੱਚ ਮਿਲੀਆਂ ਹੋਈਆਂ ਹਨ ਅਤੇ ਦੋਵਾਂ ਦੀ ਵਿਚਾਰਧਾਰਾ ਇੱਕੋ ਜਿਹੀ ਹੈ। ਪੰਜਾਬ ਵਿੱਚ ਹੋਈਆਂ ਸਥਾਨਕ ਚੋਣਾਂ (ਨਿਕਾਏ ਚੋਣਾਂ) ਵਿੱਚ ਜਿਸ ਤਰ੍ਹਾਂ ਕਾਨੂੰਨ ਵਿਵਸਥਾ ਦੀਆਂ ਧੱਜੀਆਂ ਉਡਾਈਆਂ ਗਈਆਂ, ਉਸ ਨੇ ਲੋਕਤੰਤਰਿਕ ਵਿਵਸਥਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਬੈਲਟ ਪੇਪਰ ਨਾਲ ਚੋਣਾਂ ਕਰਵਾ ਕੇ ਪੰਜਾਬ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਲੋਕਤੰਤਰਿਕ ਪ੍ਰਕਿਰਿਆ ਵਿੱਚ ਆਪਣੀ ਹਾਰ ਤੋਂ ਡਰੀ ਹੋਈ ਸੀ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਐਤਵਾਰ ਨੂੰ ਕਪੂਰਥਲਾ ਪਹੁੰਚੇ, ਜਿੱਥੇ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਜਨਤਾ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਉਨ੍ਹਾਂ ਨੂੰ ਪੂਰੇ ਕਰਨ ਵਿੱਚ ਅਸਫਲ ਰਹੀ। ਜਨਤਾ ਹੁਣ ਸਮਝ ਚੁੱਕੀ ਹੈ ਕਿ ਸਿਰਫ਼ ਐਲਾਨ ਕਰਨ ਅਤੇ ਸਬਜ਼ਬਾਗ ਦਿਖਾਉਣ ਨਾਲ ਵਿਕਾਸ ਨਹੀਂ ਹੁੰਦਾ। ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਜਨਤਾ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਵਿੱਚੋਂ ਆਖਰ ਕਿੰਨੇ ਵਾਅਦੇ ਪੂਰੇ ਕੀਤੇ ਗਏ। ਉਨ੍ਹਾਂ ਨੇ ਦੋਸ਼ ਲਾਇਆ ਕਿ ਸੂਬੇ ਵਿੱਚ ਵਿਕਾਸ ਕਾਰਜਾਂ ਦੇ ਨਾਂ 'ਤੇ ਲੋੜੀਂਦੇ ਕੰਮ ਨਹੀਂ ਹੋਏ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ • ਬਾਕੀ ਸਫ਼ਾ 2 'ਤੇ

## ਕਵਿਤਾ : ਧੰਨ ਬਾਬਾ ਨਾਨਕ: ਜਿਹੜੇ ਵਿਛੜਿਆਂ ਨੂੰ ਮੇਲਦੇ

ਉਹ ਪੈਰਾਂ ਵਿੱਚ ਸਫ਼ਰ ਨਹੀਂ,
ਆਪਣੇ ਨਾਲ ਇੱਕ ਨਵਾਂ ਸੂਰਜ ਲੈ ਕੇ ਤੁਰੇ ਸਨ।
ਜਿੱਥੇ ਵੀ ਕਦਮ ਪਏ,
ਉੱਥੋਂ ਦੀ ਚੁੱਪ ਨੂੰ ਸਾਹ ਆ ਗਏ,
ਤੇ ਪੱਥਰਾਂ ਨੂੰ ਬੋਲਣਾ ਸਿਖਾ ਗਏ।

ਉਹ ਸਿਰਫ਼ ਰਸਤਿਆਂ 'ਤੇ ਨਹੀਂ ਤੁਰੇ,
ਉਹ ਸਦੀਆਂ ਤੋਂ ਸੁੱਤੀ ਹੋਈ ਚੇਤਨਾ ਦੀ ਹਿੱਕ 'ਤੇ ਤੁਰੇ।
ਉਨ੍ਹਾਂ ਨਦੀਆਂ ਨੂੰ ਸਵਾਲ ਕੀਤੇ,
ਹਵਾਵਾਂ ਨੂੰ ਸੰਵਾਦ ਸਿਖਾਇਆ,
ਅਤੇ ਪਹਾੜਾਂ ਦੀ ਗੂੜ੍ਹੀ ਚੁੱਪ ਨੂੰ
ਆਪਣੇ ਸੁਆਲਾਂ ਨਾਲ ਝੰਜੋੜਿਆ।

ਜਿੱਥੇ ਪਹਿਲਾਂ ਸਿਰਫ਼ ਹੁਕਮ ਸਨ,
ਉੱਥੇ ਉਨ੍ਹਾਂ 'ਸਵਾਲ' ਪੈਦਾ ਕੀਤੇ।
ਜਿੱਥੇ ਪਹਿਲਾਂ ਸਿਰਫ਼ 'ਮੰਨ ਲੈਣਾ' ਹੀ ਧਰਮ ਸੀ,
ਉੱਥੇ 'ਜਾਣ ਲੈਣ' ਦਾ ਰਾਹ ਵਿਖਾਇਆ।

ਉਹ ਕੋਈ ਫ਼ਤਿਹ ਕਰਨ ਵਾਲੇ ਸ਼ਾਹ ਨਹੀਂ ਸਨ,
ਉਹ ਤਾਂ ਰੱਬ ਦੇ ਘਰ ਦੇ ਇੱਕ ਫ਼ਕੀਰ ਸਨ,
ਜਿਨ੍ਹਾਂ ਤਲਵਾਰ ਦੀ ਥਾਂ ਸੁਰ ਚੁੱਕੀ,
ਤੇ ਸੰਸਾਰ ਦੇ ਸਾਰੇ ਡਰਾਂ ਨੂੰ
ਇੱਕੋ ਸੁਰ ਵਿੱਚ ਵਹਾ ਦਿੱਤਾ।

ਭਾਰਤੀ ਚਿੰਤਨ ਕੋਈ ਇੱਕ ਮੱਤ ਨਹੀਂ,
ਕੋਈ ਇੱਕ ਦਿਸ਼ਾ, ਕੋਈ ਇੱਕ ਦਰਵਾਜ਼ਾ ਨਹੀਂ...
ਇਹ ਤਾਂ ਉਹ ਵਿਸ਼ਾਲ ਦਰਿਆ ਹੈ,
ਜਿੱਥੇ ਹਜ਼ਾਰਾਂ ਸਵਾਲ ਰਲ ਕੇ ਵਗਦੇ ਨੇ,
ਤੇ ਮੱਤਭੇਦ ਵੀ ਮਿਲ ਕੇ ਸੋਚਦੇ ਨੇ।

ਉਹ ਆਏ, ਤਾਂ ਚੇਤਨਾ ਦੇ ਉਸ ਕਦੀਮੀ ਦਰਿਆ ਵਿੱਚ
ਉਨ੍ਹਾਂ ਕੋਈ ਵੱਖਰੀ ਲਹਿਰ ਨਹੀਂ ਸੀ ਉਛਾਲੀ,
ਬੱਸ ਸਦੀਆਂ ਤੋਂ ਸੁੱਤੀਆਂ ਲਹਿਰਾਂ ਨੂੰ
ਆਪਣੀ ਹੀ ਹਸਤੀ ਵਿੱਚ ਜਾਗਣਾ ਸਿਖਾ ਦਿੱਤਾ!
ਖੜ੍ਹੇ ਹੋਏ ਬੇਜਾਨ ਪਾਣੀਆਂ ਨੂੰ
ਇੱਕ ਰਵਾਨਗੀ ਬਖ਼ਸ਼ੀ, ਇੱਕ ਨਵਾਂ ਵਹਿਣ ਦਿੱਤਾ,
ਜਿਸਨੇ ਟੁੱਟੇ ਹੋਏ ਵਖਰੇਵਿਆਂ ਨੂੰ
ਸੰਵਾਦ ਦਾ ਸਾਂਝਾ ਸੰਗੀਤ ਬਣਾ ਦਿੱਤਾ!

ਉਨ੍ਹਾਂ ਵਿਦਵਾਨਾਂ ਦੀ ਪੰਡਤਾਈ ਨੂੰ ਪੁੱਛਿਆ—
ਜੇ ਅੱਖਰਾਂ ਵਿੱਚੋਂ ਦਰਦ ਮੁੱਕ ਗਿਆ, ਤਾਂ ਉਹ ਗਿਆਨ ਕਾਹਦਾ?
ਉਨ੍ਹਾਂ ਤਖ਼ਤਾਂ ਦੇ ਹੰਕਾਰ ਨੂੰ ਪੁੱਛਿਆ—
ਜੇ ਪਰਜਾ ਭੁੱਖੀ ਸੌਂਦੀ ਹੈ, ਤਾਂ ਉਹ ਰਾਜ ਕਾਹਦਾ?'
ਅਤੇ ਉਨ੍ਹਾਂ ਸਾਧੂਆਂ ਦੀਆਂ ਗੁਫ਼ਾਵਾਂ ਨੂੰ ਪੁੱਛਿਆ—
ਜੇ ਸੰਸਾਰ ਸੜ ਰਿਹਾ ਹੈ, ਤਾਂ ਇਹ ਭਗਤੀ ਕਾਹਦੀ?

ਉਹ 'ਇੱਕ' ਦੀ ਗੱਲ ਕਰਦੇ ਕਰਦੇ,
ਹਰ 'ਵੱਖਰੇ' ਨੂੰ ਗਲ ਨਾਲ ਲਾਉਂਦੇ ਗਏ।
ਜੰਗਲ ਦੇ ਪੱਤਿਆਂ ਵਾਂਗ,
ਜੋ ਇੱਕ ਹੀ ਸੂਰਜ ਦੀ ਲੋਅ ਹੇਠ,
ਆਪੋ ਆਪਣੀ ਰੌਸ਼ਨੀ ਵਿੱਚ ਜੀਂਦੇ ਨੇ।

ਉਨ੍ਹਾਂ ਧਰਤੀ ਨੂੰ ਆਪਣੇ ਹੀ ਅੰਦਰ ਝਾਕਣ ਲਾ ਦਿੱਤਾ,
ਤੇ ਸਦੀਆਂ ਦੇ ਡੂੰਘੇ ਵਖਰੇਵਿਆਂ ਨੂੰ
ਅਰਥਾਂ ਦੀ ਇੱਕ ਸਾਂਝੀ ਘਾਲਣਾ ਵਿੱਚ ਬੰਨ੍ਹ ਦਿੱਤਾ।

-ਅਮਰਜੀਤ ਗਰੇਵਾਲ

# 20 ਲੱਖ ਤੋਂ ਵੱਧ ਮਾਪਿਆਂ ਨੇ 'ਸਿੱਖਿਆ ਦਾ ਮਹਾਂ ਜਸ਼ਨ' 'ਚ ਕੀਤੀ ਸ਼ਮੂਲੀਅਤ: ਹਰਜੋਤ ਸਿੰਘ ਬੈਂਸ

**ਚੰਡੀਗੜ੍ਹ** : ਕੌਮੀ ਸਿੱਖਿਆ ਦਰਜਾਬੰਦੀ 'ਚ ਪੰਜਾਬ ਵੱਲੋਂ ਸਿਖ਼ਰਲਾ ਸਥਾਨ ਮੱਲਣ ਦੇ ਜਸ਼ਨ ਮਨਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅੱਜ 19,000 ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਮੈਗਾ ਮਾਪੇ-ਅਧਿਆਪਕ ਮਿਲਣੀ (ਪੀਟੀਐਮ) ਕਰਵਾਈ ਗਈ, ਜਿਸ 'ਚ ਸੂਬੇ ਭਰ 'ਚ ਭਾਗੀਦਾਰੀ ਵਾਲੀ ਸਿੱਖਿਆ ਦਾ ਜੀਵੰਤ ਮਾਹੌਲ ਦੇਖਣ ਨੂੰ ਮਿਲਿਆ। 'ਸਿੱਖਿਆ ਦਾ ਮਹਾਂ ਜਸ਼ਨ' ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਸ਼ਾਨਦਾਰ ਸਮਾਗਮ ਨੀਤੀ ਆਯੋਗ ਦੀ ਸਕੂਲ ਸਿੱਖਿਆ ਗੁਣਵੱਤਾ ਰਿਪੋਰਟ 2026 'ਚ ਪੰਜਾਬ ਦੀ ਨੰਬਰ ਵਨ ਰੈਂਕਿੰਗ ਸਬੰਧੀ ਕਰਵਾਏ ਗਏ, ਜਿਸ 'ਚ ਪੰਜਾਬ ਨੇ ਬੁਨਿਆਦੀ ਸਿੱਖਿਆ ਦੇ ਮੁੱਖ ਮਾਪਦੰਡਾਂ 'ਤੇ ਕੇਰਲਾ, ਜਿਸਨੂੰ ਸਕੂਲ ਸਿੱਖਿਆ 'ਚ ਲੰਬੇ ਸਮੇਂ ਤੋਂ ਭਾਰਤ ਦੇ ਸੁਨਹਿਰੀ ਮਿਆਰ ਵਾਲਾ ਸੂਬਿਆ ਮੰਨਿਆ ਜਾਂਦਾ ਰਿਹਾ ਹੈ, ਨੂੰ ਪਛਾੜ ਦਿੱਤਾ ਹੈ। ਹਰਜੋਤ ਸਿੰਘ ਬੈਂਸ ਨੇ ਦੱਸਿਆ ਸਾਰੀਆਂ ਸਬੰਧਤ ਧਿਰਾਂ ਦੀ ਸਾਂਝੀ ਸਫ਼ਲਤਾ ਦੇ ਸਨਮਾਨ 'ਚ ਸ਼ਨੀਵਾਰ ਨੂੰ ਅਧਿਆਪਕਾਂ ਅਤੇ ਗੈਰ-ਅਧਿਆਪਨ ਸਟਾਫ਼ ਨੂੰ ਉਨ੍ਹਾਂ ਦੇ ਅਣਥੱਕ ਯਤਨਾਂ ਲਈ ਸਨਮਾਨਿਤ ਕੀਤਾ। ਇਸਦੇ ਨਾਲ ਹੀ ਬੋਰਡ ਪ੍ਰੀਖਿਆਵਾਂ ਦੇ ਟਾਪਰ, ਇੰਗਲਿਸ਼ ਐਜ ਪ੍ਰੋਗਰਾਮ ਦੇ ਅਚੀਵਰਜ਼ ਅਤੇ ਜੇਈਈ ਕੁਆਲੀਫਾਇਰਜ਼ ਸਮੇਤ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਮਾਨਤਾ ਦਿੱਤੀ ਅਤੇ ਸਰਟੀਫਿਕੇਟ ਵੰਡੇ ਗਏ। ਇਸ ਸਫ਼ਲਤਾ ਨੂੰ ਬਰਕਰਾਰ ਰੱਖਣ 'ਚ ਮੁੱਖ ਭਾਗੀਦਾਰਾਂ ਵਜੋਂ ਮਾਪਿਆਂ ਦੀ ਭੂਮਿਕਾ ਨੂੰ ਮਜ਼ਬੂਤ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੈਗਾ ਪੀ.ਟੀ.ਐਮ. ਅਤੇ ਪੇਰੈਂਟਸ ਵਰਕਸ਼ਾਪ 'ਚ 20 ਲੱਖ ਤੋਂ ਵੱਧ ਮਾਪੇ ਸ਼ਾਮਲ ਹੋਏ। ਇਹ ਵਿਆਪਕ ਸਮਾਗਮ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ 'ਚ ਸਿੱਖਣ ਦੀ ਨਿਰੰਤਰਤਾ ਬਰਕਰਾਰ ਰੱਖਣ, ਛੁੱਟੀਆਂ ਦੇ ਹੋਮਵਰਕ ਪ੍ਰਬੰਧਨ ਅਤੇ ਸਕਾਰਾਤਮਕ ਰੁਟੀਨ ਬਣਾਉਣ 'ਤੇ ਕੇਂਦ੍ਰਿਤ ਸੀ। ਇਸ ਵਿਆਪਕ ਸਮਾਗਮ ਦੇ ਉੱਚ-ਗੁਣਵੱਤਾ ਦੇ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ, ਸਾਰੇ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਲਾਈਵ ਯੂਟਿਊਬ ਸੈਸ਼ਨ ਰਾਹੀਂ ਸਿਖਲਾਈ ਦਿੱਤੀ। ਸਿੱਖਿਆ ਮੰਤਰੀ ਨੇ ਕਿਹਾ ਕਿ ਸਿਖਲਾਈ ਪ੍ਰਾਪਤ ਸਹਿਯੋਗੀ ਸਟਾਫ਼ ਅਤੇ ਸਰਗਰਮ ਸਕੂਲ ਪ੍ਰਬੰਧਨ ਕਮੇਟੀਆਂ ਨੇ ਮਾਪਿਆਂ ਦੀ ਲਾਮਬੰਦੀ, ਤਾਲਮੇਲ ਅਤੇ ਗਤੀਵਿਧੀਆਂ ਦਾ ਜ਼ਮੀਨੀ ਪੱਧਰ 'ਤੇ ਲਾਗੂਕਰਨ 'ਚ ਭਰਪੂਰ ਸਮਰਥਨ ਦਿੱਤਾ। ਹਰਜੋਤ ਸਿੰਘ ਬੈਂਸ ਨੇ ਇਸ ਉਪਲਬਧੀ ਨੂੰ 'ਪੰਜਾਬ ਸਿੱਖਿਆ ਕ੍ਰਾਂਤੀ' ਦਾ ਮੀਲ ਪੱਥਰ ਕਰਾਰ ਦਿੰਦਿਆਂ ਕਿਹਾ, "ਇਹ ਨੰਬਰ 1 ਰੈਂਕ ਸਿਰਫ਼ ਸਰਕਾਰ ਦਾ ਨਹੀਂ ਹੈ, ਸਗੋਂ ਹਰ ਮਾਂ-ਬਾਪ ਦਾ ਹੈ ਜਿਸ ਨੇ ਸਰਕਾਰੀ ਸਕੂਲਾਂ ਉੱਤੇ ਵਿਸ਼ਵਾਸ ਜਤਾਇਆ, ਹਰ ਵਿਦਿਆਰਥੀ ਜਿਸ ਨੇ ਮਿਹਨਤ ਕੀਤੀ ਅਤੇ ਹਰ ਅਧਿਆਪਕ ਜਿਸ ਨੇ ਕਿਤਾਬਾਂ ਤੋਂ ਪਰ੍ਹੇ ਜਾ ਕੇ ਸਿੱਖਿਆ ਦਿੱਤੀ। ਅਸੀਂ ਸਰਕਾਰੀ ਸਕੂਲਾਂ ਨੂੰ ਆਖਰੀ ਵਿਕਲਪ ਤੋਂ ਪਹਿਲੀ ਪਸੰਦ 'ਚ ਤਬਦੀਲ ਕੀਤਾ। ਦਹਾਕਿਆਂ ਤੋਂ ਇਹ ਮੰਨਿਆ ਜਾਂਦਾ ਸੀ ਕਿ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਸੰਭਵ ਨਹੀਂ ਹੈ ਪਰ ਪੰਜਾਬ ਨੇ ਇਸ ਨੂੰ ਗਲਤ ਸਾਬਤ ਕਰਕੇ ਦਿਖਾਇਆ। ਇਹ ਰੈਂਕ ਸਾਡੇ ਕਲਾਸਰੂਮਾਂ ਤੋਂ ਉਤਪੰਨ ਹੋਈ ਸਿੱਖਿਆ ਕ੍ਰਾਂਤੀ ਨੂੰ ਦਰਸਾਉਂਦਾ ਹੈ।




# ਜੰਗਲਾਤ ਵਿਭਾਗ ਵੱਲੋਂ 45 ਪਵਿੱਤਰ ਵਣਾਂ ਤੇ 650 ਨਾਨਕ ਬਗੀਚੀਆਂ ਸਥਾਪਤ ਕਰਨ ਯੋਜਨਾ ਦੀ ਸ਼ੁਰੂਆਤ




**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਸੂਬੇ ਨੂੰ ਹਰਿਆ-ਭਰਿਆ ਬਣਾਉਣ ਅਤੇ ਸਾਫ਼ ਤੇ ਸਵੱਛ ਬਣਾਉਣ ਦੇ ਉਦੇਸ਼ ਨਾਲ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਨੇ ਵਿਸਥਾਰਤ ਯੋਜਨਾ ਦੀ ਸ਼ੁਰੂਆਤ ਕੀਤੀ ਹੈ। ਸੂਬਾ ਸਰਕਾਰ ਨੇ ਆਗਾਮੀ ਮਾਨਸੂਨ ਸੀਜ਼ਨ ਦੌਰਾਨ ਵੱਖ-ਵੱਖ ਯੋਜਨਾਵਾਂ ਅਧੀਨ ਪੌਦੇ ਲਗਾਉਣ ਸਬੰਧੀ ਟੀਚਿਆਂ ਨੂੰ ਅੰਤਿਮ ਰੂਪ ਦਿੱਤਾ ਹੈ, ਇਸ 'ਚ ਕੈਂਪਾ ਸਕੀਮ ਅਧੀਨ 4117.49 ਹੈਕਟੇਅਰ ਰਕਬੇ 'ਚ ਪੌਦੇ ਲਗਾਉਣਾ, 584 ਹੈਕਟੇਅਰ ਰਕਬੇ 'ਚ ਪੌਦੇ ਲਗਾਉਣ ਦਾ ਟੀਚਾ, 45 ਪਵਿੱਤਰ ਵਣਾਂ ਦੀ ਸਥਾਪਨਾ ਅਤੇ ਗ੍ਰੀਨ ਪੰਜਾਬ ਮਿਸ਼ਨ ਸਕੀਮ ਅਧੀਨ 650 ਨਾਨਕ ਬਗੀਚੀਆਂ ਸਥਾਪਤ ਕਰਨਾ ਸ਼ਾਮਲ ਹੈ। ਇਸੇ ਤਰ੍ਹਾਂ ਵਿਭਾਗ ਦੀਆਂ ਯੋਜਨਾਵਾਂ 'ਚ ਵਿਭਾਗੀ ਨਰਸਰੀਆਂ ਵਿੱਚ ਬੂਟੇ ਲਗਾਉਣਾ, ਨਰਸਰੀ ਸਟਾਕ ਦੀ ਦੇਖਭਾਲ, ਪਾਣੀ ਦੇਣਾ, ਨਦੀਨ ਕੱਢਣ ਅਤੇ ਗਰੇਡਿੰਗ ਦੇ ਨਾਲ-ਨਾਲ ਪੌਲੀਬੈਗ ਅਤੇ ਰੂਟ ਟ੍ਰੇਨਰ ਤਿਆਰ ਕਰਨਾ ਸ਼ਾਮਲ ਹੈ।

# ਪ੍ਰਧਾਨ ਸੰਜੀਵ ਧਮੀਜਾ ਨੇ ਕੀਤਾ ਏ. ਐੱਸ. ਸੀਨੀਅਰ ਸੈਕੰਡਰੀ ਸਕੂਲ ਖੰਨਾ ਦੇ ਸਵੀਮਿੰਗ ਪੂਲ ਦਾ ਉਦਘਾਟਨ

**ਖੰਨਾ/ਮਨਜੀਤ ਸਿੰਘ ਧੀਮਾਨ**

ਸਥਾਨਕ ਏ. ਐੱਸ. ਸੀਨੀਅਰ ਸੈਕੰਡਰੀ ਸਕੂਲ, ਖੰਨਾ ਵਿੱਚ ਤੈਰਾਕਾਂ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਵੀਮਿੰਗ ਪੂਲ ਦਾ ਰਸਮੀ ਉਦਘਾਟਨ ਏ. ਐੱਸ. ਹਾਈ ਸਕੂਲ ਖੰਨਾ ਅਤੇ ਮੈਨੇਜਮੈਂਟ ਸੁਸਾਇਟੀ ਦੇ ਪ?ਧਾਨ ਸੰਜੀਵ ਧਮੀਜਾ ਜੀ ਵੱਲੋਂ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਹ ਸਵੀਮਿੰਗ ਸਮਰ-ਕੋਚਿੰਗ ਕੈਂਪ 01 ਜੂਨ ਤੋਂ 30 ਜੂਨ 2026 ਤੱਕ ਲੱਗੇਗਾ। ਸਕੂਲ ਪ੍ਰਿੰਸੀਪਲ ਇੰਦਰਜੀਤ ਸਿੰਘ ਨੇ ਆਏ ਸਾਰੇ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਦੱਸਿਆ ਕਿ ਆਲੇ ਦੁਆਲੇ 40 ਕਿਲੋਮੀਟਰ ਤੱਕ ਇਸ ਤਰ੍ਹਾਂ ਦਾ ਸਵੀਮਿੰਗ ਪੂਲ ਕਿਤੇ ਵੀ ਨਹੀਂ ਹੈ। ਇਹ ਇੰਟਰਨੈਸ਼ਨਲ ਸਟੈਂਡਰਡ ਦੇ ਹਿਸਾਬ ਨਾਲ ਬਣਿਆ ਹੋਇਆ ਹੈ। ਪ?ਧਾਨ ਸੰਜੀਵ ਧਮੀਜਾ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਸਮਰ ਕੈਂਪ ਵਿੱਚ ਸਾਫ਼ ਸਫ਼ਾਈ ਦਾ ਪੂਰਾ ਧਿਆਨ ਰੱਖਿਆ ਜਾਵੇਗਾ। ਇਹ ਕੈਂਪ ਤੈਰਾਕਾਂ ਲਈ ਬਹੁਤ ਲਾਹੇਵੰਦ ਹੋਵੇਗਾ। ਇਸ ਮੌਕੇ ਏ. ਐੱਸ. ਮੈਨੇਜਮੈਂਟ ਦੇ ਵਾਇਸ ਪ੍ਰਧਾਨ ਐਡਵੋਕੇਟ ਨਵੀਨ ਥੰਮਨ, ਸਕੂਲ ਮੈਨੇਜਰ ਮੋਹਿਤ ਗੋਇਲ ਪੌਂਪੀ, ਏ. ਐੱਸ. ਕਾਲਜ ਆੱਫ਼ ਐਜੂਕੇਸ਼ਨ ਖੰਨਾ ਦੇ ਸਕੱਤਰ ਸੁਬੋਧ ਮਿੱਤਲ, ਰਿਟਾਇਰਡ ਆਈ ਆਰ ਐੱਸ ਕਮਿਸ਼ਨਰ ਇਨਕਮ ਟੈਕਸ ਸੁਖਦੀਪ ਸਿੰਘ ਨੈਸ਼ਨਲ ਤੈਰਾਕ, ਪੁਰਾਣੇ ਤੈਰਾਕ ਸੁਰੇਸ਼ ਕੁਮਾਰ ਮੱਲ, ਰਿਟਾਇਰਡ ਪ੍ਰਿੰਸੀਪਲ ਕੇ. ਕੇ.ਸ਼ਰਮਾ, ਇੰਦਰਜੀਤ ਸਿੰਘ ਸੋਨੀ, ਜਿੰਮੀ ਸਾਹਨੇਵਾਲੀਆ, ਰਵੀ ਵਰਮਾ, ਨੇ ਭਾਗ ਲਿਆ। ਇਸ ਮੌਕੇ ਤੇ ਸਵੀਮਿੰਗ ਇੰਚਾਰਜ ਗੁਰਬਚਨ ਸਿੰਘ, ਸੁਰਿੰਦਰ ਸਿੰਘ ਵਾਲੀਆ, ਭੁਪਿੰਦਰ ਸਿੰਘ ਡੀਪੀਈ, ਜਤਿੰਦਰ ਕੁਮਾਰ, ਸੰਦੀਪ ਕੁਮਾਰ, ਜਸਪ੍ਰੀਤ ਸਿੰਘ, ਮੋਹਿਤ ਕੁਮਾਰ, ਭੁਪਿੰਦਰ ਸਿੰਘ ਲਾਇਬਰੇਰੀਅਨ, ਰਾਮ ਸੁਧਾਰੇ ਅਤੇ ਸਕੂਲ ਦੇ ਹੋਰ ਕਰਮਚਾਰੀ ਹਾਜ਼ਰ ਸਨ। ਇਸ ਮੌਕੇ ਤੇ ਏ. ਐੱਸ. ਮੈਨੇਜਮੈਂਟ ਦੇ ਜਨਰਲ ਸਕੱਤਰ ਰਾਜੇਸ਼ ਡਾਲੀ ਨੇ ਇਸ ਸਮਰ ਕੈਂਪ ਲਈ ਆਪਣੀਆਂ ਸ਼ੁਭ ਕਾਮਨਾਵਾਂ ਭੇਜੀਆਂ।



# ਨੈਕਸਸ ਐਮਬੀਡੀ ਨਿਓਪੋਲਿਸ ਲੈ ਕੇ ਆਇਆ ਹੈ 'ਆਰਮੀ ਬੂਟ ਕੈਂਪ' - ਬੱਚਿਆਂ ਲਈ ਇੱਕ ਐਕਸ਼ਨ-ਪੈਕਡ ਅਨੁਭਵ

**ਲੁਧਿਆਣਾ** : ਕੀ ਤੁਸੀਂ ਇਸ ਗਰਮੀਆਂ ਵਿੱਚ ਬੱਚਿਆਂ ਲਈ ਇੱਕ ਦਿਲਚਸਪ ਅਤੇ ਸਰਗਰਮ ਆਊਟਿੰਗ ਦੀ ਭਾਲ ਕਰ ਰਹੇ ਹੋ? ਨੈਕਸਸ ਐਮਬੀਡੀ ਨਿਓਪੋਲਿਸ 1 ਜੂਨ, 2026 ਤੋਂ 'ਆਰਮੀ ਬੂਟ ਕੈਂਪ' ਸ਼ੁਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ - ਇੱਕ ਮਜ਼ੇਦਾਰ ਅਤੇ ਦਿਲਚਸਪ ਅਨੁਭਵ ਜੋ ਖਾਸ ਤੌਰ 'ਤੇ 3 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਲਈ ਤਿਆਰ ਕੀਤਾ ਗਿਆ ਹੈ। ਸਰੀਰਕ ਗਤੀਵਿਧੀਆਂ ਨੂੰ ਇੰਟਰਐਕਟਿਵ ਗੇਮਾਂ ਨਾਲ ਜੋੜਦੇ ਹੋਏ, ਆਰਮੀ ਬੂਟ ਕੈਂਪ ਬੱਚਿਆਂ ਨੂੰ ਫੌਜ-ਸ਼ੈਲੀ ਦੀਆਂ ਚੁਣੌਤੀਆਂ ਤੋਂ ਪ੍ਰੇਰਿਤ ਇੱਕ ਮਿੰਨੀ ਐਡਵੈਂਚਰ ਜ਼ੋਨ ਵਿੱਚ ਜਾਣ ਦਾ ਮੌਕਾ ਪ੍ਰਦਾਨ ਕਰਦਾ ਹੈ। ਰੁਕਾਵਟ ਵਾਲੇ ਰਸਤਿਆਂ ਤੋਂ ਘਿਸੜ ਕੇ ਲੰਘਣ ਤੋਂ ਲੈ ਕੇ ਉਨ੍ਹਾਂ ਦੀ ਨਿਸ਼ਾਨੇਬਾਜ਼ੀ ਅਤੇ ਚੁਸਤੀ ਦੀ ਪਰਖ ਕਰਨ ਤੱਕ, ਸੈੱਟਅੱਪ ਨੌਜਵਾਨ ਮਹਿਮਾਨਾਂ ਨੂੰ ਸਰਗਰਮ, ਮਨੋਰੰਜਨ ਅਤੇ ਪੂਰੀ ਤਰ੍ਹਾਂ ਰੁੱਝੇ ਰੱਖਣ ਲਈ ਤਿਆਰ ਕੀਤਾ ਗਿਆ ਹੈ। ਇਸ ਅਨੁਭਵ ਵਿੱਚ ਵਿਹਾਰਕ ਗਤੀਵਿਧੀਆਂ ਅਤੇ ਵੀਆਰ-ਅਧਾਰਤ ਖੇਡਾਂ ਦਾ ਮਿਸ਼ਰਣ ਸ਼ਾਮਲ ਹੈ। ਇਹ ਆਕਰਸ਼ਣ ਬੱਚਿਆਂ ਅਤੇ ਪਰਿਵਾਰਾਂ ਲਈ ਇੱਕ ਦਿਲਚਸਪ ਅਨੁਭਵ ਪ੍ਰਦਾਨ ਕਰਦਾ ਹੈ, ਜਿਸ ਵਿੱਚ ਰੁਕਾਵਟ ਚੁਣੌਤੀਆਂ, ਚੱਟਾਨ ਚੜ੍ਹਨਾ, ਉਛਾਲ ਵਾਲੀਆਂ ਗਤੀਵਿਧੀਆਂ, ਅਤੇ ਇੱਕ ਸਮਰਪਿਤ ਸਾਫਟ ਪਲੇ ਜ਼ੋਨ ਸ਼ਾਮਲ ਹੈ, ਜੋ ਇਸਨੂੰ ਸਾਰੇ ਉਮਰ ਸਮੂਹਾਂ ਲਈ ਇੱਕ ਸੰਪੂਰਨ ਅਨੁਭਵ ਬਣਾਉਂਦਾ ਹੈ। ਭਾਵੇਂ ਇਹ ਵੀਕਐਂਡ ਛੁੱਟੀ ਹੋਵੇ, ਖੇਡਣ ਦੀ ਤਾਰੀਖ ਹੋਵੇ, ਜਾਂ ਬੱਚਿਆਂ ਨੂੰ ਘਰ ਦੇ ਅੰਦਰ ਸਰਗਰਮ ਰੱਖਣ ਦਾ ਇੱਕ ਤਰੀਕਾ ਹੋਵੇ, ਆਰਮੀ ਬੂਟ ਕੈਂਪ ਇੱਕ ਸੁਰੱਖਿਅਤ ਅਤੇ ਦਿਲਚਸਪ ਵਾਤਾਵਰਣ ਪ੍ਰਦਾਨ ਕਰਦਾ ਹੈ ਜਿੱਥੇ ਉਹ ਆਪਣੀ ਰਫ਼ਤਾਰ ਨਾਲ ਖੋਜ ਕਰ ਸਕਦੇ ਹਨ, ਖੇਡ ਸਕਦੇ ਹਨ ਅਤੇ ਮੌਜ-ਮਸਤੀ ਕਰ ਸਕਦੇ ਹਨ।




●----- ਸਫ਼ਾ 1 ਦਾ ਬਾਕੀ -----●

## ਜਨਮ ਮਿਤੀ ਦੇ ਆਧਾਰ 'ਤੇ ਨਹੀਂ ਕੀਤੀ...

ਅੰਕ ਹਾਸਲ ਕਰਨ ਵਾਲੇ ਬੱਚਿਆਂ ਦੀ ਰੈਂਕਿੰਗ ਜਨਮ ਮਿਤੀ ਦੇ ਆਧਾਰ 'ਤੇ ਤੈਅ ਕਰਨਾ ਪੂਰੀ ਤਰ੍ਹਾਂ ਗਲਤ ਹੈ। ਉਸਨੇ ਤਰਕ ਦਿੱਤਾ ਕਿ ਸਾਰੇ ਬੱਚੇ ਅਤੇ ਅਧਿਆਪਕ ਬਰਾਬਰ ਮਿਹਨਤ ਕਰਦੇ ਹਨ, ਪਰ ਨਤੀਜਾ ਆਉਣ 'ਤੇ ਘੱਟ ਉਮਰ ਵਾਲੇ ਵਿਦਿਆਰਥੀ ਨੂੰ ਅੱਗੇ ਅਤੇ ਸਿਰਫ਼ ਉਮਰ ਵੱਧ ਹੋਣ ਕਾਰਨ ਦੂਜੇ ਵਿਦਿਆਰਥੀ ਨੂੰ ਪਿੱਛੇ ਕਰ ਦਿੱਤਾ ਜਾਂਦਾ ਹੈ। ਵਿਦਿਆਰਥਣ ਦੀ ਇਸ ਦਲੇਰਾਨਾ ਗੱਲ 'ਤੇ ਪੂਰੇ ਹਾਲ ਵਿੱਚ ਤਾਲੀਆਂ ਗੂੰਜ ਉੱਠੀਆਂ। ਇਸ ਮੌਕੇ ਮੌਜੂਦ ਮਨੀਸ਼ ਸਿਸੋਦੀਆ ਨੇ ਵੀ ਵਿਦਿਆਰਥਣ ਦੀ ਗੱਲ ਦਾ ਸਮਰਥਨ ਕਰਦਿਆਂ ਕਿਹਾ, "ਬਹੁਤ ਸਹੀ ਗੱਲ।

ਵਿਦਿਆਰਥਣ ਨੇ ਅੱਗੇ ਖ਼ੁਲਾਸਾ ਕਰਦਿਆਂ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਤਿੰਨ ਲੜਕੀਆਂ ਨੇ ਅੱਠਵੀਂ ਜਮਾਤ ਦੀ ਪ੍ਰੀਖਿਆ ਵਿੱਚ 500 ਵਿੱਚੋਂ 500 ਪੂਰੇ ਅੰਕ ਹਾਸਲ ਕੀਤੇ ਹਨ। ਇਸ ਦੇ ਬਾਵਜੂਦ ਸਿਰਫ਼ ਜਨਮ ਮਿਤੀ ਦੇ ਫ਼ਰਕ ਕਾਰਨ ਉਨ੍ਹਾਂ ਨੂੰ ਪਹਿਲਾ, ਦੂਜਾ ਅਤੇ ਤੀਜਾ ਰੈਂਕ ਦਿੱਤਾ ਗਿਆ। ਉਸਨੇ ਸਵਾਲ ਉਠਾਇਆ ਕਿ ਜਦੋਂ ਤਿੰਨਾਂ ਦੀ ਮਿਹਨਤ ਅਤੇ ਅੰਕ ਬਿਲਕੁਲ ਬਰਾਬਰ ਹਨ ਅਤੇ ਉਹ ਇੱਕੋ ਜਮਾਤ ਦੀਆਂ ਵਿਦਿਆਰਥਣਾਂ ਹਨ, ਤਾਂ ਸਾਰੀਆਂ ਨੂੰ ਪਹਿਲਾ ਸਥਾਨ ਕਿਉਂ ਨਹੀਂ ਦਿੱਤਾ ਗਿਆ। ਵਿਦਿਆਰਥਣ ਦੇ ਇਸ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਲਈ ਇਹ ਤਿੰਨੋਂ ਹੀ ਵਿਦਿਆਰਥਣਾਂ ਟੌਪਰ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਖ਼ੁਦ ਪਹਿਲਾਂ ਵੀ ਕਈ ਵਾਰ ਅਧਿਕਾਰੀਆਂ ਨੂੰ ਕਹਿ ਚੁੱਕੇ ਹਨ ਕਿ ਸਮਾਨ ਅੰਕ ਪਾਉਣ ਵਾਲੇ ਬੱਚਿਆਂ ਨੂੰ ਵੱਖ-ਵੱਖ ਰੈਂਕ ਕਿਉਂ ਦਿੱਤੇ ਜਾਂਦੇ ਹਨ। ਵਿਦਿਆਰਥਣ ਦੇ ਇਸ ਇਤਰਾਜ਼ ਅਤੇ ਸੁਝਾਅ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਮੌਕੇ 'ਤੇ ਮੌਜੂਦ ਉੱਚ ਅਧਿਕਾਰੀਆਂ ਨੂੰ ਫ਼ੌਰੀ ਨਿਰਦੇਸ਼ ਦਿੱਤੇ ਕਿ ਭਵਿੱਖ ਵਿੱਚ ਹੋਣ ਵਾਲੀਆਂ ਸਾਰੀਆਂ ਬੋਰਡ ਪ੍ਰੀਖਿਆਵਾਂ ਵਿੱਚ ਸਮਾਨ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਬਰਾਬਰ ਦਾ ਸਥਾਨ (ਰੈਂਕ) ਦਿੱਤਾ ਜਾਵੇ। ਇਸ ਫ਼ੈਸਲੇ ਤੋਂ ਬਾਅਦ ਹੁਣ ਪੰਜਾਬ ਵਿੱਚ ਬੋਰਡ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਬਰਾਬਰ ਅੰਕ ਹਾਸਲ ਕਰਨ ਵਾਲੇ ਬੱਚਿਆਂ ਨੂੰ ਜਨਮ ਮਿਤੀ ਦੇ ਆਧਾਰ 'ਤੇ ਵੱਖ-ਵੱਖ ਰੈਂਕਾਂ ਵਿੱਚ ਨਹੀਂ ਵੰਡਿਆ ਜਾਵੇਗਾ, ਸਗੋਂ ਸਾਰਿਆਂ ਨੂੰ ਸੰਯੁਕਤ ਤੌਰ 'ਤੇ ਇਕੋ ਜਿਹਾ ਸਥਾਨ ਅਤੇ ਬਰਾਬਰ ਦਾ ਮਾਣ-ਸਨਮਾਨ ਹਾਸਲ ਹੋਵੇਗਾ।

## ਖਿਡਾਰੀਆਂ ਦੇ ਨਵੇਂ ਰਿਕਾਰਡ ਬਣਾਉਣ ਦੀ ਵੀ...

ਵਧਾਈ ਦਿੱਤੀ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਪੁਰਸ਼ਾਂ ਦੀ 100 ਮੀਟਰ ਦੌੜ ਦਾ ਜ਼ਿਕਰ ਕੀਤਾ, ਜਿੱਥੇ ਐਥਲੀਟ ਗੁਰਿੰਦਰਵੀਰ ਸਿੰਘ ਅਤੇ ਅਨੀਮੇਸ਼ ਕੁਜੂਰ ਵੱਲੋਂ ਦੋ ਦਿਨਾਂ ਦੇ ਅੰਦਰ ਤਿੰਨ ਵਾਰ ਰਾਸ਼ਟਰੀ ਰਿਕਾਰਡ ਤੋੜਿਆ ਗਿਆ ਉਨ੍ਹਾਂ ਇਸ ਨੂੰ ਭਾਰਤੀ ਐਥਲੈਟਿਕਸ ਲਈ ਮਾਣ ਵਾਲੀ ਗੱਲ ਦੱਸਿਆ।

ਗਰਮੀ ਤੋਂ ਬਚਾਅ ਅਤੇ ਦੇਸੀ ਡਰਿੰਕਸ ਦੇਸ਼ ਭਰ ਵਿੱਚ ਚੱਲ ਰਹੀ ਲੂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨੇ ਨਾਗਰਿਕਾਂ ਨੂੰ ਹਾਈਡ੍ਰੇਟਿਡ ਰਹਿਣ (ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦੇਣ) ਅਤੇ ਪ੍ਰਸ਼ਾਸਨ ਵੱਲੋਂ ਜਾਰੀ ਗਾਈਡਲਾਈਨਜ਼ ਦਾ ਪਾਲਣ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਭਾਰਤੀ ਰਵਾਇਤੀ ਪੇਅ ਪਦਾਰਥਾਂ ਜਿਵੇਂ ਪੰਜਾਬ ਅਤੇ ਹਰਿਆਣਾ ਦੀ ਲੱਸੀ, ਰਾਜਸਥਾਨ ਅਤੇ ਗੁਜਰਾਤ ਦੀ ਛਾਛ, ਬਿਹਾਰ ਅਤੇ ਝਾਰਖੰਡ ਦਾ ਸੱਤੂ ਸ਼ਰਬਤ, ਕੋਨਕਣ ਤੇ ਗੋਆ ਦਾ ਕੋਕਮ ਸ਼ਰਬਤ ਅਤੇ ਸੋਲ ਕਢੀ, ਦੱਖਣ ਭਾਰਤ ਦੇ ਪਾਨਕਮ ਅਤੇ ਨੀਰ ਮੋਰ ਅਤੇ ਓਡੀਸ਼ਾ ਦੇ ਬੇਲ ਪਾਨਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਤਾਜ਼ਗੀ ਹੀ ਨਹੀਂ ਦਿੰਦੇ, ਸਗੋਂ ਭਾਰਤ ਦੀ ਅਮੀਰ ਸੱਭਿਆਚਾਰਕ ਵਿਭਿੰਨਤਾ ਦੇ ਪ੍ਰਤੀਕ ਵੀ ਹਨ। ਡਾਲਫਿਨ ਰੈਸਕਿਊ ਐਂਬੂਲੈਂਸ ਅਤੇ ਨਦੀ ਦੀ ਸਫ਼ਾਈਪ੍ਰਧਾਨ ਮੰਤਰੀ ਨੇ 'ਡਾਲਫਿਨ ਰੈਸਕਿਊ ਐਂਬੂਲੈਂਸ' ਦੀ ਵਿਲੱਖਣ ਪਹਿਲਕਦਮੀ ਦੀ ਸ਼ਲਾਘਾ ਕੀਤੀ, ਜਿਸ ਨੇ 13 ਘੰਟੇ ਦੇ ਮੁਸ਼ਕਲ ਅਪਰੇਸ਼ਨ ਤੋਂ ਬਾਅਦ ਗੰਗਾ ਨਦੀ ਦੀ ਡਾਲਫਿਨ ਨੂੰ ਬਚਾਇਆ ਇਹ ਮੋਬਾਈਲ ਹਸਪਤਾਲ ਵਰਗੀ ਐਂਬੂਲੈਂਸ ਆਕਸੀਜਨ ਸਪੋਰਟ ਅਤੇ ਖ਼ਾਸ ਸਟ੍ਰੈਚਰਾਂ ਨਾਲ ਲੈਸ ਹੈ ਇਸ ਦੇ ਨਾਲ ਹੀ ਉਨ੍ਹਾਂ ਉੱਤਰ ਪ੍ਰਦੇਸ਼ ਦੇ ਬਸਤੀ ਜ਼ਿਲ੍ਹੇ ਦੇ ਆਕਾਸ਼ ਗੁਪਤਾ ਦੀ ਕਹਾਣੀ ਸਾਂਝੀ ਕੀਤੀ, ਜਿਨ੍ਹਾਂ ਨੇ ਸਥਾਨਕ ਨੌਜਵਾਨਾਂ ਨੂੰ ਨਾਲ ਲੈ ਕੇ ਪ੍ਰਦੂਸ਼ਿਤ ਮਨੋਰਮਾ ਨਦੀ ਵਿੱਚੋਂ ਜਲ-ਕੁੰਭੀ ਅਤੇ ਪਲਾਸਟਿਕ ਦਾ ਕੂੜਾ ਸਾਫ਼ ਕਰਕੇ ਵਾਤਾਵਰਣ ਪ੍ਰਤੀ ਜਾਗਰੂਕਤਾ ਫੈਲਾਈ। ਅਖੀਰ ਵਿੱਚ, ਉਨ੍ਹਾਂ ਕੇਰਲ ਦੇ ਅਲੁਵਾ ਵਿੱਚ ਸਾਜੀ ਵਲਸੇਰਿਲ ਦੁਆਰਾ ਸ਼ੁਰੂ ਕੀਤੀ ਇੱਕ ਪ੍ਰੇਰਨਾਦਾਇਕ ਮੁਹਿੰਮ ਦੀ ਤਾਰੀਫ਼ ਕੀਤੀ। ਇੱਕ ਬੇੜੀ ਹਾਦਸੇ ਵਿੱਚ ਵਿਦਿਆਰਥੀਆਂ ਦੀ ਜਾਨ ਜਾਣ ਤੋਂ ਦੁਖੀ ਹੋ ਕੇ, ਸਾਜੀ ਨੇ ਇੱਕ ਸਵਿਮਿੰਗ ਟ੍ਰੇਨਿੰਗ ਮਿਸ਼ਨ ਸ਼ੁਰੂ ਕੀਤਾ ਜਿਸ ਤਹਿਤ ਉਹ ਹੁਣ ਤੱਕ ਦਿਵਿਆਂਗ ਬੱਚਿਆਂ ਸਮੇਤ 15,000 ਤੋਂ ਵੱਧ ਲੋਕਾਂ ਨੂੰ ਤੈਰਾਕੀ ਸਿਖਾ ਕੇ ਉਨ੍ਹਾਂ ਦੀ ਜਾਨ ਬਚਾਉਣ ਦਾ ਹੁਨਰ ਦੇ ਚੁੱਕੇ ਹਨ।

## ਗੁਜਰਾਤ ਟਾਈਟਨਸ ਨੂੰ ਹਰਾ ਕੇ...

ਟਾਈਟਨਸ ਲਈ ਇਕੱਲੇ ਵਾਸ਼ਿੰਗਟਨ ਸੁੰਦਰ ਹੀ ਇਸ ਮੁਸ਼ਕਲ ਦਾ ਸਾਹਮਣਾ ਕਰਦੇ ਹੋਏ 37 ਗੇਂਦਾਂ ਵਿੱਚ ਪੰਜ ਚੌਕਿਆਂ ਦੀ ਮਦਦ ਨਾਲ 50 ਦੌੜਾਂ ਬਣਾ ਕੇ ਨਾਬਾਦ ਰਹੇ। ਆਰ ਸੀ ਬੀ ਲਈ ਰਸਿਖ ਸਲਾਮ ਨੇ ਤਿੰਨ ਜਦਕਿ ਭੁਵਨੇਸ਼ਵਰ ਕੁਮਾਰ ਅਤੇ ਜੋਸ਼ ਹੇਜ਼ਲਵੁੱਡ ਨੇ ਦੋ-ਦੋ ਵਿਕਟਾਂ ਲਈਆਂ। ਉੱਥੇ ਹੀ ਕਰੁਣਾਲ ਪਾਂਡਿਆਂ ਨੇ 23 ਦੌੜਾਂ ਦੇ ਕੇ ਇੱਕ ਵਿਕਟ ਝਟਕਾਈ।

## ਪੰਜਾਬ-ਹਰਿਆਣਾ 'ਚ 6 ਜੂਨ ਤੱਕ ਲਗਾਤਾਰ...

ਵੱਖ ਮਾਤਰਾ ਵਿੱਚ ਮੀਂਹ ਪਿਆ। ਨਵਾਂਸ਼ਹਿਰ ਵਿੱਚ ਸਭ ਤੋਂ ਵੱਧ 33.7 ਐਮਐਮ ਮੀਂਹ ਪਿਆ ਇਸ ਤੋਂ ਬਾਅਦ ਲੁਧਿਆਣਾ ਵਿੱਚ 25.7 ਐਮਐਮ ਅਤੇ ਗੁਰਦਾਸਪੁਰ ਵਿੱਚ 22.6 ਐਮਐਮ ਮੀਂਹ ਪਿਆ। ਫ਼ਤਿਹਗੜ੍ਹ ਸਾਹਿਬ, ਜਲੰਧਰ, ਪਟਿਆਲਾ ਅਤੇ ਰੋਪੜ ਹੋਰ ਅਜਿਹੇ ਜ਼ਿਲ੍ਹੇ ਸਨ ਜਿੱਥੇ 10 ਐਮਐਮ ਤੋਂ ਵੱਧ ਮੀਂਹ ਪਿਆ ਹਾਲਾਂਕਿ, ਸੀਜ਼ਨ ਦੇ ਹਿਸਾਬ ਨਾਲ ਅਜੇ ਵੀ ਸੱਤ ਜ਼ਿਲ੍ਹਿਆਂ ਪਟਿਆਲਾ, ਫ਼ਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮਾਨਸਾ ਅਤੇ ਮੁਕਤਸਰ ਵਿੱਚ ਮੀਂਹ ਔਸਤ ਨਾਲੋਂ 9 ਫ਼ੀਸਦੀ ਤੋਂ 61 ਫ਼ੀਸਦੀ ਤੱਕ ਘੱਟ ਹੈ।

## ਵੀਅਤਨਾਮ ਖਰੀਦੇਗਾ 'ਬ੍ਰਹਮੋਸ'

ਜਵਾਬ ਵਿਚ ਕਿਹਾ ਕਿ ਉੱਨਤ ਰੱਖਿਆ ਤਕਨੀਕਾਂ ਦਾ ਤਬਾਦਲਾ ਭਰੋਸੇ ਅਤੇ ਰਣਨੀਤਕ ਭਾਈਵਾਲੀ 'ਤੇ ਅਧਾਰਤ ਹੁੰਦਾ ਹੈ। ਰੱਖਿਆ ਸਹਿਯੋਗ ਪ੍ਰਤੀ ਭਾਰਤ ਦੇ ਦ੍ਰਿਸ਼ਟੀਕੋਣ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਕੋਈ ਵੀ ਦੇਸ਼ ਆਪਣੇ ਵਧੇਰੇ ਉੱਨਤ ਹਥਿਆਰ ਅਤੇ ਪਲੇਟਫਾਰਮ ਉਨ੍ਹਾਂ ਦੇਸ਼ਾਂ ਨੂੰ ਵੇਚੇਗਾ ਜੋ ਦੋਸਤ ਵਿਦੇਸ਼ੀ ਦੇਸ਼ ਹਨ। ਤੁਸੀਂ ਇਸ ਨੂੰ ਕਿਸੇ ਵਿਰੋਧੀ ਜਾਂ ਅਜਿਹੇ ਕਿਸੇ ਵਿਅਕਤੀ ਨੂੰ ਨਹੀਂ ਵੇਚੋਗੇ ਜੋ ਇਸ ਨੂੰ ਕਿਸੇ ਵਿਰੋਧੀ ਨੂੰ ਦੇ ਸਕਦਾ ਹੋਵੇ। ਸਿੰਘ ਨੇ ਕਿਹਾ ਕਿ ਮੇਰੀ ਸਮਝ ਮੁਤਾਬਕ, ਇੰਡੋਨੇਸ਼ੀਆ ਅਤੇ ਵੀਅਤਨਾਮ ਦੋਵਾਂ ਨਾਲ ਸਮਝੌਤਾ ਆਖਰੀ ਦੌਰ ਵਿਚ ਹੈ। ਅਸਲ ਵਿਚ ਵੀਅਤਨਾਮ ਦੇ ਮਾਮਲੇ ਵਿਚ ਮੇਰੀ ਜਾਣਕਾਰੀ ਅਨੁਸਾਰ ਇਸ ਉੱਤੇ ਪਹਿਲਾਂ ਹੀ ਦਸਤਖਤ ਹੋ ਚੁੱਕੇ ਹਨ। ਸ਼ਾਇਦ ਇਸ ਦਾ ਜਨਤਕ ਐਲਾਨ ਨਹੀਂ ਕੀਤਾ ਗਿਆ ਹੈ, ਪਰ ਇਸ 'ਤੇ ਦਸਤਖਤ ਹੋ ਚੁੱਕੇ ਹਨ।

## ਸਮਾਜ ਦੇ ਸਾਰੇ ਵਰਗ ਆਪਣੇ ਨੌਜਵਾਨਾਂ ਨੂੰ ਨਸ਼ਿਆਂ...

ਜਾ ਰਹੀ ਕਾਰਵਾਈ ਦੀ ਸ਼ਲਾਘਾ ਕਰਦੇ ਹੋਏ ਦੇਸ਼ ਵਿੱਚ ਨਾਰਕੋਟਿਕਸ ਕੰਟਰੋਲ ਬਿਊਰੋ, ਜੱਜਾਂ, ਪੁਲਿਸ ਸਮੇਤ ਹੋਰ ਮਹੱਤਵਪੂਰਨ ਕੜੀਆਂ ਨੂੰ ਡਰੱਗ ਟੈਸਟਿੰਗ ਤੋਂ ਲੈਕੇ ਹੋਰ ਪਹਿਲੂਆਂ ਦੀ ਤਕਨੀਕੀ ਜਾਣਕਾਰੀ ਨਾਲ ਅਪਡੇਟ ਕਰਨ ਦਾ ਸੁਝਾਅ ਦਿੱਤਾ। ਇਸ ਅਵਸਰ 'ਤੇ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰੇਣੂ ਵਿੱਗ, ਸਾਬਕਾ ਡੀਜੀਪੀ ਡਾ. ਕੇ.ਪੀ. ਸਿੰਘ, ਲੈਫਟੀਨੈਂਟ ਜਨਰਲ ਸੁਖਦੀਪ ਸਿੰਘ ਸਾਂਗਵਾਨ, ਸਾਬਕਾ ਡੀਜੀਪੀ ਜੀ.ਐੱਸ. ਮੱਲ੍ਹੀ, ਈਡੀ ਦੇ ਸਾਬਕਾ ਡਾਇਰੈਕਟਰ ਕਰਨੈਲ ਸਿੰਘ, ਐੱਨਸੀਬੀ ਜ਼ੋਨਲ ਯੂਨਿਟ, ਚੰਡੀਗੜ੍ਹ ਦੇ ਐਡੀਸ਼ਨਲ ਡਾਇਰੈਕਟਰ ਅਮਨਜੀਤ ਸਿੰਘ, ਡਾ. ਈਸ਼ਵਰ ਸਿੰਘ, ਡਾ. ਸੁਮਨ ਸਿੰਘ, ਸੀਨੀਅਰ ਵਕੀਲ ਰਾਮਕੁਮਾਰ ਮਲਿਕ, ਰੰਮੀ ਮਲਿਕ, ਡਾ. ਐੱਚ.ਕੇ. ਬਾਲੀ, ਆਕਾਸ਼ ਗੋਇਲ, ਪ੍ਰੋਫੈਸਰ ਹਰਬੰਸ, ਰਿਪਨ ਮਹੱਤਾ ਸਮੇਤ ਕਈ ਵਿਸ਼ਾ ਮਾਹਰਾਂ ਨੂੰ ਉਨ੍ਹਾਂ ਦੇ ਜ਼ਿਕਰਯੋਗ ਕਾਰਜਾਂ ਲਈ ਸਨਮਾਨਿਤ ਕੀਤਾ ਗਿਆ। ਸੈਮੀਨਾਰ ਵਿੱਚ ਸੀਨੀਅਰ ਡਰੱਗ ਕੰਟਰੋਲਰ ਡਾ. ਸਾਰਿਕਾ ਮਲਿਕ, ਜਾਟ ਸਭਾ ਦੇ ਉਪ ਪ੍ਰਧਾਨ ਜੈਪਾਲ ਪੂਨੀਆ, ਸਕੱਤਰ ਬੀ ਐੱਸ ਗਿੱਲ, ਮਹਾਵੀਰ ਫੌਗਾਟ, ਜੇ.ਐੱਸ. ਢਿੱਲੋਂ, ਨਰੇਸ਼ ਦਹੀਆ, ਵਿਮਲ ਜੂਨ, ਡਾ. ਸਤਿਆਵ?ਰਤ ਧਨਖੜ, ਮਨਬੀਰ ਸਿੰਘ ਸਾਂਗਵਾਨ, ਸੁਰੇਂਦਰ ਬਾਂਗੜ, ਅਸ਼ੋਕ ਸ਼ਯੋਕੰਦ, ਸੁਖਬੀਰ ਸਿੰਘ ਹੁੱਡਾ, ਸ਼੍ਰੀ ਪ੍ਰੇਮ ਸਿੰਘ, ਡਾ. ਸਤਬੀਰ ਸਿੰਘ ਸੈਣੀ, ਸ਼੍ਰੀ ਸਤੀਸ਼ ਕੁਮਾਰ, ਸ਼੍ਰੀ ਪ੍ਰੇਮ ਸਿੰਘ, ਡਾ. ਸਤਬੀਰ ਸਿੰਘ ਸੈਣੀ, ਆਨੰਦ ਲਾਠਰ, ਸ਼੍ਰੀ ਕਪਿਲ ਮਲਹਾਨ ਸਮੇਤ ਕਾਰਜਕਾਰਣੀ ਦੇ ਅਨੇਕ ਮੈਂਬਰ ਉਪਸਥਿਤ ਸਨ।

## ਬਾਬਾ ਬਕਾਲਾ ਸਾਹਿਬ ਵਿਖੇ ਵਿਸ਼ਾਲ ਪੰਥਕ....

ਕਾਨੂੰਨ ਵਿਚ ਮਰਯਾਦਾ ਅਤੇ ਸੇਵਾਦਾਰਾਂ ਧਿਰਾਂ ਨਾਲ ਸਬੰਧਤ ਮੱਦਾਂ 'ਤੇ ਕੌਮ ਨੂੰ ਵੱਡਾ ਇਤਰਾਜ਼ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਅਸਲ ਮਾਮਲਾ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦੇਣ ਦਾ ਸੀ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਹ ਕਿਹੜੀਆਂ ਸ਼ਕਤੀਆਂ ਹਨ ਜੋ ਲਗਾਤਾਰ ਲੰਮੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਸੱਟ ਮਾਰਦੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ 15 ਦਿਨਾਂ ਦਾ ਸਮਾਂ ਦਿੱਤਾ ਸੀ, ਜੋ ਪੂਰਾ ਹੋ ਚੁੱਕਾ ਹੈ ਅਤੇ ਸਰਕਾਰ ਨੇ ਸਿੱਖਾਂ ਦੇ ਇਤਰਾਜ਼ਾਂ ਸਬੰਧੀ ਵਿਚਾਰ ਕਰਨ ਦੀ ਵੀ ਕੋਈ ਗੱਲ ਨਹੀਂ ਕੀਤੀ। ਇਸ ਦੇ ਉਲਟ ਮੁੱਖ ਮੰਤਰੀ ਵੱਲੋਂ ਹੈਂਕੜ ਭਰੇ ਪ੍ਰਗਟਾਵੇ ਕੀਤੇ ਜਾ ਰਹੇ ਹਨ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਧੀ ਵੰਗਾਰ ਦੇ ਤੁੱਲ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਪਾਸ ਕੀਤੇ ਐਕਟ ਵਿਚ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਤੋਂ ਕਿਸੇ ਨੂੰ ਇਤਰਾਜ਼ ਨਹੀਂ, ਪ੍ਰੰਤੂ ਇਸ ਵਿਚਲੀਆਂ ਕੁਝ ਮੱਦਾਂ ਸਿੱਖ ਸੰਗਤਾਂ ਨੂੰ ਗੁਰਬਾਣੀ ਤੋਂ ਦੂਰ ਕਰਨ ਵਾਲੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਬੁੱਧੀਜੀਵੀਆਂ ਅਤੇ ਸੰਗਤਾਂ ਵੱਲੋਂ ਲਗਾਤਾਰ ਇਤਰਾਜ਼ ਕਰਨ ਤੋਂ ਬਾਅਦ ਵੀ ਸਰਕਾਰ ਦਾ ਹੱਠੀ ਰਵੱਈਆ ਉਸ ਦੀ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਇਸ ਵਿਸ਼ਾਲ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਸਿੱਖ ਆਪਣੇ ਧਾਰਮਿਕ ਮਾਮਲਿਆਂ 'ਚ ਸਰਕਾਰੀ ਦਖ਼ਲ ਨੂੰ ਬਰਦਾਸ਼ਤ ਨਹੀਂ ਕਰਨਗੇ। ਇਸੇ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਨੇ ਆਪਣੇ ਸੰਬੋਧਨ ਵਿਚ ਸਰਕਾਰ ਨੂੰ ਸਿੱਖ ਭਾਵਨਾਵਾਂ ਸਮਝਣ ਅਤੇ ਇਤਰਾਜ਼ ਮੱਦਾਂ ਨੂੰ ਹਟਾਏ ਜਾਣ ਲਈ ਆਖਿਆ।

ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਬਾਬਾ ਜੀਤ ਸਿੰਘ ਜੌਲਾਂ, ਐਡਵੋਕੇਟ ਪੂਰਨ ਸਿੰਘ ਹੁੰਦਲ, ਡਾ. ਪ੍ਰਿਤਪਾਲ ਸਿੰਘ, ਡਾ. ਕੇਹਰ ਸਿੰਘ, ਬਾਬਾ ਭਾਗ ਸਿੰਘ ਬੰਗੇ ਵਾਲੇ, ਬਾਬਾ ਅਮੀਰ ਸਿੰਘ ਜਵੱਦੀ ਕਲਾ, ਡਾ. ਗੁਰਨਾਮ ਸਿੰਘ, ਸ. ਇਮਾਨ ਸਿੰਘ ਮਾਨ, ਸਾਬਕਾ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਭਾਈ ਤਾਰਾ ਸਿੰਘ, ਭਾਈ ਗੁਰਜੀਤ ਸਿੰਘ, ਭਾਈ ਦਾਰਾ ਸਿੰਘ ਅਕਲੀਆਂ ਨੇ ਵੀ ਸੰਬੋਧਨ ਕੀਤਾ।

## ਪੰਜਾਬ 'ਚ ਕਾਨੂੰਨ ਵਿਵਸਥਾ ਦੀ ਸਥਿਤੀ ਚਿੰਤਾਜਨਕ...

ਲਗਾਤਾਰ ਖ਼ਰਾਬ ਹੋਈ ਹੈ। ਪੰਜਾਬ ਵਿੱਚ ਗੈਂਗਸਟਰਵਾਦ ਨੂੰ ਹੁਲਾਰਾ ਮਿਲਿਆ, ਜਿਸ ਨਾਲ ਆਮ ਨਾਗਰਿਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਵਧੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਡਬਲ ਇੰਜਣ ਸਰਕਾਰ ਨੇ ਜਨ-ਕਲਿਆਣਕਾਰੀ ਯੋਜਨਾਵਾਂ ਦੇ ਮਾਧਿਅਮ ਰਾਹੀਂ ਲੋਕਾਂ ਤੱਕ ਸਹੂਲਤਾਂ ਪਹੁੰਚਾਉਣ ਦਾ ਕਾਰਜ ਕੀਤਾ ਹੈ। ਕੇਂਦਰ ਸਰਕਾਰ ਦੀ ਆਯੁਸ਼ਮਾਨ ਭਾਰਤ ਯੋਜਨਾ ਦੇ ਨਾਲ ਰਾਜ ਸਰਕਾਰ ਦੀ ਚਿਰਾਯੂ ਯੋਜਨਾ ਨੂੰ ਜੋੜ ਕੇ ਸੂਬੇ ਦੇ ਲੱਖਾਂ ਪਰਿਵਾਰਾਂ ਨੂੰ ਬਿਹਤਰ ਸਿਹਤ ਸਹੂਲਤਾਂ ਦਾ ਲਾਭ ਦਿੱਤਾ ਗਿਆ ਹੈ। ਗਰੀਬ ਅਤੇ ਲੋੜਵੰਦ ਲੋਕਾਂ ਨੂੰ ਮੁਫ਼ਤ ਇਲਾਜ ਉਪਲਬਧ ਕਰਵਾਉਣ ਦੀ ਦਿਸ਼ਾ ਵਿੱਚ ਸਰਕਾਰ ਨੇ ਪ੍ਰਭਾਵਸ਼ਾਲੀ ਕਦਮ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਵਿਕਾਸਮੁਖੀ ਨੀਤੀਆਂ 'ਤੇ ਵਿਸ਼ਵਾਸ ਜਤਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਕਮਲ ਖਿਲਾਉਣ ਦਾ ਕੰਮ ਕਰੇਗੀ। ਜਨਤਾ ਵਿਕਾਸ, ਸੁਸ਼ਾਸਨ ਅਤੇ ਜਵਾਬਦੇਹੀ ਦੀ ਰਾਜਨੀਤੀ ਚਾਹੁੰਦੀ ਹੈ ਅਤੇ ਸਿਰਫ਼ ਵਾਅਦਿਆਂ ਨਾਲ ਹੁਣ ਸੰਤੁਸ਼ਟ ਨਹੀਂ ਹੋਵੇਗੀ।

# ਪੇਂਡੂ ਸੜਕੀ ਸੰਪਰਕ ਨੂੰ ਮਿਲਿਆ ਵੱਡਾ ਹੁਲਾਰਾ; ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਿੜ੍ਹਬਾ, ਲਹਿਰਾਗਾਗਾ ਅਤੇ ਬਾਘਰੌਲ ਖੇਤਰਾਂ ਵਿੱਚ 18.76 ਕਰੋੜ ਰੁਪਏ ਤੋਂ ਵੱਧ ਦੇ ਸੜਕੀ ਪ੍ਰੋਜੈਕਟ ਕੀਤੇ ਲੋਕ ਅਰਪਣ ਅਤੇ ਰੱਖੇ ਨੀਂਹ ਪੱਥਰ


**ਲਹਿਰਾਗਾਗਾ** : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਲਹਿਰਾਗਾਗਾ ਖੇਤਰ ਵਿੱਚ 18.76 ਕਰੋੜ ਰੁਪਏ ਤੋਂ ਵੱਧ ਦੇ ਸੜਕੀ ਬੁਨਿਆਦੀ ਢਾਂਚੇ ਅਤੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਅਤੇ ਨੀਂਹ ਪੱਥਰ ਰੱਖੇ। ਇਹ ਪ੍ਰੋਜੈਕਟ ਪੇਂਡੂ ਸੰਪਰਕ ਨੂੰ ਮਜ਼ਬੂਤ ਕਰਨ ਅਤੇ ਸਥਾਨਕ ਆਰਥਿਕਤਾ ਨੂੰ ਹੁਲਾਰਾ ਦੇਣ ਵਿੱਚ ਅਹਿਮ ਸਾਬਤ ਹੋਣਗੇ। ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼ ਸੁਰੱਖਿਆ ਖ਼ਤਰਿਆਂ ਨੂੰ ਖ਼ਤਮ ਕਰਨਾ, ਪੇਂਡੂ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨਾ ਅਤੇ ਹਜ਼ਾਰਾਂ ਪਿੰਡ ਵਾਸੀਆਂ ਲਈ ਹਰ ਮੌਸਮ ਵਿੱਚ ਆਵਾਜਾਈ ਨੂੰ ਸੁਖਾਲਾ ਬਣਾਉਣਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਵਿਜ਼ਨ ਬਾਰੇ ਚਾਨਣਾ ਪਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਸੂਬੇ ਭਰ ਵਿੱਚ ਲਗਭਗ 40,000 ਕਿਲੋਮੀਟਰ ਸੜਕਾਂ ਨੂੰ ਮਜ਼ਬੂਤ ਕਰਕੇ ਪੇਂਡੂ ਪੰਜਾਬ ਦੀ ਨੁਹਾਰ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪਿੰਡਾਂ ਨੂੰ ਬਿਹਤਰ ਸੰਪਰਕ ਅਤੇ ਬੁਨਿਆਦੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਜੋ ਦਹਾਕਿਆਂ ਤੋਂ ਅਣਗੌਲੇ ਸਨ। ਪਿੰਡ ਡਸਕਾ ਵਿਖੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬਛੂਆਣਾ ਤੋਂ ਬਰੇਟਾ (ਵਾਇਆ ਦਸਕਾ ਅਤੇ ਬਹਾਦਰਪੁਰ) ਨੂੰ ਜੋੜਨ ਵਾਲੀ 10.5 ਕਿਲੋਮੀਟਰ ਲੰਬੀ ਸੜਕ ਲੋਕਾਂ ਨੂੰ ਸਮਰਪਿਤ ਕੀਤੀ। ਇਸ ਸੜਕ ਨੂੰ 7.15 ਕਰੋੜ ਰੁਪਏ ਦੀ ਲਾਗਤ ਨਾਲ 12 ਫੁੱਟ ਤੋਂ ਵਧਾ ਕੇ 18 ਫੁੱਟ ਚੌੜਾ ਕੀਤਾ ਗਿਆ ਹੈ। ਸੜਕ ਦੇ ਚੌੜਾ ਹੋਣ ਨਾਲ ਪੁਰਾਣੀ ਖਸਤਾ ਹਾਲਤ ਅਤੇ ਤੰਗ ਰਸਤੇ ਕਾਰਨ ਪੈਦਾ ਹੋਣ ਵਾਲੀਆਂ ਟਰੈਫਿਕ ਸਮੱਸਿਆਵਾਂ ਅਤੇ ਸੁਰੱਖਿਆ ਚਿੰਤਾਵਾਂ ਦੂਰ ਹੋਣ ਦੀ ਉਮੀਦ ਹੈ। ਵਿੱਤ ਮੰਤਰੀ ਨੇ 1.27 ਕਰੋੜ ਰੁਪਏ ਦੀ ਲਾਗਤ ਨਾਲ ਡਸਕਾ ਅਤੇ ਖੱਤਰੀਵਾਲਾ ਨੂੰ ਜੋੜਨ ਵਾਲੀ ਨਵੀਂ ਬਣੀ 4 ਕਿਲੋਮੀਟਰ ਪੱਕੀ ਸੜਕ ਵੀ ਲੋਕ ਅਰਪਣ ਕੀਤੀ, ਜਿਸ ਨਾਲ ਲੰਬੇ ਸਮੇਂ ਤੋਂ ਬਣੇ ਕੱਚੇ ਰਸਤੇ ਨੂੰ ਹਰ ਮੌਸਮ ਦੇ ਅਨੁਕੂਲ ਸੜਕ ਵਿੱਚ ਬਦਲ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਡਸਕਾ-ਬਹਾਦਰਪੁਰ ਰਸਤੇ 'ਤੇ ਡੇਰਾ ਬਾਬਾ ਧੌਲਾ ਪੀਰ ਨੂੰ ਜਾਣ ਵਾਲੀ 1 ਕਿਲੋਮੀਟਰ ਲਿੰਕ ਸੜਕ 34.50 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਕੀਤੀ ਗਈ ਹੈ, ਜਿਸ ਨਾਲ ਸ਼ਰਧਾਲੂਆਂ ਅਤੇ ਸਥਾਨਕ ਨਿਵਾਸੀਆਂ ਦੀ ਆਵਾਜਾਈ ਸੁਖਾਲੀ ਹੋਵੇਗੀ। ਬਾਘਰੌਲ ਅਤੇ ਨੇੜਲੇ ਪਿੰਡਾਂ ਵਿੱਚ ਵਿਕਾਸ ਦੇ ਘੇਰੇ ਨੂੰ ਵਧਾਉਂਦੇ ਹੋਏ ਹਰਪਾਲ ਸਿੰਘ ਚੀਮਾ ਨੇ ਲਗਭਗ 10 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਅਤੇ ਨੀਂਹ ਪੱਥਰ ਰੱਖੇ। ਪਿੰਡਾਂ ਦੇ ਸਰਪੰਚਾਂ, ਪੰਚਾਇਤ ਮੈਂਬਰਾਂ ਅਤੇ ਸਥਾਨਕ ਨਿਵਾਸੀਆਂ ਦੀ ਮੌਜੂਦਗੀ ਵਿੱਚ ਉਨ੍ਹਾਂ ਨੇ ਬਾਘਰੌਲ ਤੋਂ ਬੁਜਰਕ ਤੱਕ 1.10 ਕਰੋੜ ਰੁਪਏ ਦੀ ਲਾਗਤ ਨਾਲ 3 ਕਿਲੋਮੀਟਰ ਸੜਕ ਅਤੇ ਬਾਘਰੌਲ ਨੂੰ ਬੁਰਜ ਟਿੱਲਾ ਤੇ ਖੇੜੀ ਨਗਾਈਆਂ ਨਾਲ ਜੋੜਨ ਵਾਲੀ 2.35 ਕਿਲੋਮੀਟਰ ਸੜਕ (ਲਾਗਤ 1 ਕਰੋੜ ਰੁਪਏ ਤੋਂ ਵੱਧ) ਦੀ ਉਸਾਰੀ ਦਾ ਐਲਾਨ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਬਾਘਰੌਲ ਅਤੇ ਬਲਮਗੜ੍ਹ ਨੂੰ ਜੋੜਨ ਵਾਲੀ 2.75 ਕਿਲੋਮੀਟਰ ਸੜਕ ਦੀ ਉਸਾਰੀ 'ਤੇ 1.16 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਲਾਕੇ ਵਿੱਚ ਕੀਤੇ ਗਏ ਵੱਡੇ ਉਪਰਾਲਿਆਂ ਵਿੱਚ ਲਗਭਗ 12 ਕਿਲੋਮੀਟਰ ਕੱਚੀਆਂ ਸੜਕਾਂ ਨੂੰ ਪੱਕਾ ਕਰਨਾ ਸ਼ਾਮਲ ਹੈ, ਜੋ ਪਿਛਲੇ 70 ਤੋਂ 80 ਸਾਲਾਂ ਤੋਂ ਅਣਗੌਲੀਆਂ ਸਨ। ਇਨ੍ਹਾਂ ਸੜਕਾਂ ਨੂੰ 5.25 ਕਰੋੜ ਰੁਪਏ ਦੀ ਲਾਗਤ ਨਾਲ ਪੱਕੇ ਸੜਕੀ ਨੈੱਟਵਰਕ ਵਿੱਚ ਬਦਲਿਆ ਜਾ ਰਿਹਾ ਹੈ। ਵਿੱਤ ਮੰਤਰੀ ਨੇ ਇੱਕ ਨਵੇਂ ਬਣੇ ਪੁਲ ਦਾ ਉਦਘਾਟਨ ਵੀ ਕੀਤਾ ਜਿਸ ਨੇ ਦੋ ਪ੍ਰਮੁੱਖ ਪਿੰਡਾਂ ਵਿਚਕਾਰ ਆਵਾਜਾਈ ਦੇ ਸਬੰਧਾਂ ਨੂੰ ਮਜ਼ਬੂਤ ਕੀਤਾ ਹੈ। ਚੱਲ ਰਹੇ ਬੁਨਿਆਦੀ ਢਾਂਚੇ ਦੇ ਕੰਮਾਂ ਬਾਰੇ ਦੱਸਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ, ਬਾਘਰੌਲ ਤੋਂ ਖੇੜੀ ਦਗਾਈਆਂ ਤੱਕ ਪਿੰਡ ਦੀ ਫਿਰਨੀ ਸਮੇਤ ਲਗਭਗ 4 ਕਿਲੋਮੀਟਰ ਸੜਕ 1.83 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਹੈ। ਇਸ ਦੇ ਨਾਲ ਹੀ ਬਾਘਰੌਲ ਨੂੰ ਕੰਗਰੌੜੀ ਅਤੇ ਕਮਾਲਪੁਰ ਨਾਲ ਜੋੜਨ ਵਾਲੀਆਂ ਸੜਕਾਂ ਨੂੰ ਚੌੜਾ ਕਰਨ ਦਾ ਕੰਮ 4.50 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਚੱਲ ਰਿਹਾ ਹੈ। ਕੁੱਲ ਮਿਲਾ ਕੇ ਬਾਘਰੌਲ ਖੇਤਰ ਦੇ ਆਲੇ-ਦੁਆਲੇ ਲਗਭਗ 19 ਕਿਲੋਮੀਟਰ ਸੜਕਾਂ ਦੀ ਉਸਾਰੀ ਅਤੇ ਵਿਸਥਾਰ ਦਾ ਕੰਮ ਜਾਰੀ ਹੈ, ਜਿਸ ਨਾਲ ਖੇਤੀਬਾੜੀ ਗਤੀਵਿਧੀਆਂ ਅਤੇ ਆਰਥਿਕ ਗਤੀਸ਼ੀਲਤਾ ਵਿੱਚ ਆ ਰਹੀਆਂ ਦਹਾਕਿਆਂ ਪੁਰਾਣੀਆਂ ਰੁਕਾਵਟਾਂ ਦੂਰ ਹੋਣ ਦੀ ਉਮੀਦ ਹੈ।



ਸੰਪਾਦਕੀ

# ਕੀ ਪੰਜਾਬ ਭਾਜਪਾ ਦੀ ਕਮਾਨ ਢਿੱਲੋਂ ਹੱਥ ਆਉਣ ਮਗਰੋਂ 'ਖਿੜੇਗਾ ਕਮਲ'

ਪੰਜਾਬ ਭਾਜਪਾ ਦੇ ਪ੍ਰਧਾਨ ਵਜੋਂ ਸੁਨੀਲ ਜਾਖੜ ਦਾ ਤਿੰਨ ਸਾਲ ਦਾ ਕਾਰਜਕਾਲ ਸਮਾਪਤ ਹੋਣ ਮਗਰੋਂ ਭਾਰਤੀ ਜਨਤਾ ਪਾਰਟੀ ਦੀ ਹਾਈ ਕਮਾਂਡ ਨੇ ਬਰਨਾਲਾ ਦੇ ਸਾਬਕਾ ਕਾਂਗਰਸੀ ਵਿਧਾਇਕ ਅਤੇ 2022 ਵਿੱਚ ਭਾਜਪਾ ਵਿੱਚ ਸ਼ਾਮਿਲ ਹੋਏ ਪ੍ਰਸਿੱਧ ਸਿਆਸਤਦਾਨ ਅਤੇ ਕਾਰੋਬਾਰੀ ਕੇਵਲ ਸਿੰਘ ਢਿੱਲੋਂ ਨੂੰ ਭਾਜਪਾ ਦੀ ਪੰਜਾਬ ਇਕਾਈ ਦੀ ਕਮਾਨ ਸੌਂਪੀ ਹੈ। ਢਿੱਲੋਂ ਨੂੰ ਪੰਜਾਬ ਪ੍ਰਧਾਨ ਬਣਾਉਣ ਦਾ ਫੈਸਲਾ ਭਾਜਪਾ ਵੱਲੋਂ ਸਿੱਧਾ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖ ਗਿਆ ਹੈ। ਇਸ



ਨਿਯੁਕਤੀ ਦਾ ਐਲਾਨ ਹੁੰਦਿਆਂ ਹੀ ਪੰਜਾਬ ਦੀ ਸਿਆਸਤ ਵਿਚ ਹਿਲਜੁਲ ਸ਼ੁਰੂ ਹੋ ਗਈ ਹੈ ਅਤੇ ਅਗਲੀਆਂ ਅਸੈਂਬਲੀ ਚੋਣਾਂ ਨੂੰ ਲੈਕੇ ਸਾਰੀਆਂ ਪ੍ਰਮੁੱਖ ਪਾਰਟੀਆਂ ਨੇ ਜਿੱਤਣਯੋਗ ਸੀਟਾਂ ਦੇ ਅੰਦਾਜ਼ੇ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਭਾਜਪਾ ਨੂੰ ਪੰਜਾਬ ਵਿਚ ਹਮੇਸ਼ਾ ਹੀ ਹਿੰਦੂ ਬੇਸ ਪਾਰਟੀ ਵਜੋਂ ਦੇਖਿਆ ਜਾਂਦਾ ਹੈ। ਸੁਨੀਲ ਜਾਖੜ ਅਤੇ ਉਸਤੋਂ ਪਹਿਲਾਂ ਦੇ ਪਾਰਟੀ ਪ੍ਰਧਾਨ ਹਿੰਦੂ ਚੇਹਰੇ ਸਨ। ਹੁਣ ਮਾਲਵਾ ਦੇ ਅਨੁਭਵੀ ਜੱਟ ਸਿੱਖ ਨੇਤਾ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾ ਕੇ ਭਾਜਪਾ ਨੇ ਸਿੱਖ ਵੋਟ ਬੈਂਕ ਵਿਚ ਪੈਠ ਬਣਾਉਣ ਦਾ ਦਾਅ ਖੇਡਿਆ ਹੈ। ਨਵੇਂ ਬਣੇ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਸਿਰਫ਼ ਸਿਆਸਤਦਾਨ ਹੀ ਨਹੀਂ ਹਨ, ਉਹ ਵੱਡੇ ਕਾਰੋਬਾਰੀ ਵੀ ਹਨ। ਬਰਨਾਲਾ ਤੋਂ 2007 ਅਤੇ 2012 ਵਿਚ ਦੋ ਵਾਰ ਵਿਧਾਇਕ ਬਣੇ ਢਿੱਲੋਂ ਦਾ ਜ਼ਮੀਨੀ ਪੱਧਰ ਉਪਰ ਆਧਾਰ ਵੀ ਮਜ਼ਬੂਤ ਹੈ। ਨਿਯੁਕਤੀ ਹੁੰਦਿਆਂ ਹੀ ਢਿੱਲੋਂ ਨੇ ਸਾਫ ਕਿਹਾ ਕਿ ÷2027 'ਚ ਪੰਜਾਬ ਵਿਚ ਕਮਲ ਖਿੜੇਗਾ।÷' ਭਾਜਪਾ ਗਠਜੋੜ ਬਾਰੇ ਅਜੇ ਕੋਈ ਚਰਚਾ ਨਹੀਂ ਕਰ ਰਹੀ।, ਹਾਲਾਂਕਿ ਸੰਭਾਵਨਾ ਗਠਜੋੜ ਹੋਣ ਦੀ ਨਜ਼ਰ ਆ ਰਹੀ ਹੈ। 2022 ਦੀਆਂ ਚੋਣਾਂ ਵਿੱਚ ਹੂੰਝਾ ਫੇਰੂ ਜਿੱਤ ਹਾਸਿਲ ਕਰਕੇ ਸਰਕਾਰ ਬਣਾਉਣ ਵਾਲੀ ਆਮ ਆਦਮੀ ਪਾਰਟੀ ਆਉਂਦੀਆਂ ਚੋਣਾਂ ਵਿੱਚ ਭਾਵੇਂ ਪਹਿਲਾਂ ਵਰਗਾ ਕਮਾਲ ਨਾ ਵੀ ਕਰ ਪਾਵੇ, ਪਰ ਅਜੇ ਵੀ ਲੱਗ ਅਜਿਹਾ ਹੀ ਰਿਹਾ ਹੈ ਕਿ ਹੋਰਨਾਂ ਪਾਰਟੀਆਂ ਨਾਲੋਂ ਸੀਟਾਂ ਵੱਧ ਹੀ ਲਿਜਾਵੇਗੀ। ਕਾਂਗਰਸ ਅਤੇ ਅਕਾਲੀ ਦਲ ਬਾਦਲ ਦੀ ਝੋਲੀ ਵਿਚ ਸੀਟਾਂ ਭਾਵੇਂ ਪਹਿਲਾਂ ਨਾਲੋਂ ਵੱਧ ਪੈ ਜਾਣ, ਪਰ ਇਹ ਸਰਕਾਰ ਬਣਾ ਸਕਣ ਵਰਗਾ ਕੋਈ ਕ੍ਰਿਸ਼ਮਾਂ ਤਾਂ ਕਦਾਚਿਤ ਵੀ ਨਹੀਂ ਕਰ ਪਾਉਣਗੀਆਂ। ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ ਭਾਵੇਂ ਭਾਜਪਾ ਨੇ ਆਗਾਮੀ ਚੋਣਾਂ ਨੂੰ ਮੱਦੇਨਜ਼ਰ ਰੱਖ ਕੇ ਕੀਤੀ ਹੈ, ਪਰ ਢਿੱਲੋਂ ਦਾ ਬੇਸ ਵੀ ਸਿਰਫ ਮਾਲਵਾ ਤਕ ਹੀ ਸੀਮਿਤ ਹੋਣ ਕਾਰਨ ਇਸ ਖੇਤਰ ਵਿਚ ਭਾਜਪਾ ਦਾ ਆਧਾਰ ਤਾਂ ਜ਼ਰੂਰ ਵਧੇਗਾ, ਲੇਕਿਨ ਮਾਝਾ ਤੇ ਦੋਆਬਾ ਵਿਚ ਭਾਜਪਾ ਨੂੰ ਲੋੜੀਂਦਾ ਹੁੰਗਾਰਾ ਮਿਲਣ ਦੀ ਆਸ ਨਹੀਂ ਦਿਖਾਈ ਦਿੰਦੀ। ਹਾਲਾਂਕਿ ਬੰਗਾਲ ਦੇ ਬਾਅਦ 2027 ਵਿਚ ਭਾਜਪਾ ਪੰਜਾਬ ਵਿਚ ਕਮਲ ਖਿੜਾਉਣ ਦੀ ਗੱਲ ਆਖ ਰਹੀ ਹੈ। ਪਰ ਸਿਆਸੀ ਸਮੀਕਰਣ ਪੂਰੀ ਤਰ੍ਹਾਂ ਆਪ ਸਰਕਾਰ ਹੀ ਮੁੜ ਬਣਨ ਦੇ ਦਿਖਾਈ ਦੇ ਰਹੇ ਹਨ। ਹਾਂ, ਜਿਸ ਤਰ੍ਹਾਂ ਨਾਲ ਭਾਜਪਾ ਨੇ ਪਿਛਲੇ ਦੋ ਤਿੰਨ ਸਾਲਾਂ ਵਿਚ ਸੂਬੇ ਵਿੱਚ ਆਪਣਾ ਆਧਾਰ ਮਜ਼ਬੂਤ ਕੀਤਾ ਹੈ, ਇਹ ਸੰਭਾਵਨਾ ਵੀ ਬਣ ਸਕਦੀ ਹੈ ਕਿ ਜੇਕਰ ਭਾਜਪਾ ਅਕਾਲੀ ਦਲ ਨਾਲ ਗਠਜੋੜ ਕਰ ਲਵੇ ਤਾਂ ਸਮੀਕਰਣ ਬਦਲ ਵੀ ਸਕਦੇ ਹਨ। ਰਾਜਨੀਤੀ ਵਿਚ ਅਦਲ ਬਦਲ ਤੇ ਉਥਲ ਪੁਥਲ ਤਾਂ ਆਏ ਦਿਨ ਹੁੰਦੀ ਰਹਿੰਦੀ ਹੈ, ਸੋ ਹਾਲ ਦੀ ਘੜੀ ਅਗਲੀ ਸਰਕਾਰ ਸੰਬੰਧੀ ਕੋਈ ਅਨੁਮਾਨ ਲਾਉਣਾ ਵਾਜਿਬ ਨਹੀਂ ਹੋਵੇਗਾ। ਸਮੀਕਰਣ ਬਦਲਣ ਲਈ ਨਵੇਂ ਭਾਜਪਾ ਪ੍ਰਧਾਨ ਨੂੰ 'ਬਹੁਤ ਮੇਹਨਤ ਕਰਨੀ ਪਵੇਗੀ ਅਤੇ ਬਹੁਤ ਜ਼ੋਰ ਲਾਉਣਾ ਪਵੇਗਾ।'

**- ਅਸ਼ਵਨੀ ਜੇਤਲੀ**

# ਚਾਵਾਂ ਨਾਲ ਕੀਤੇ ਵਿਆਹ, ਸੁਆਰਥ ਨਾਲ ਕੀਤੇ ਖਤਮ

ਜ਼ਿਕਰ ਪੰਜਾਬ

ਰਿਸ਼ਤਾ ਮਨੁੱਖੀ ਜੀਵਨ ਦੀ ਸਭ ਤੋਂ ਕੀਮਤੀ ਪੂੰਜੀ ਹੈ। ਜਨਮ ਤੋਂ ਲੈ ਕੇ ਮੌਤ ਤੱਕ ਇਨਸਾਨ ਕਿਸੇ ਨਾ ਕਿਸੇ ਰਿਸ਼ਤੇ ਦੀ ਡੋਰ ਨਾਲ ਬੱਝਿਆ ਰਹਿੰਦਾ ਹੈ। ਮਾਂ ਦੀ ਮਮਤਾ, ਪਿਉ ਦਾ ਪਿਆਰ, ਭੈਣ-ਭਰਾ ਦੀ ਸਾਂਝ, ਦਾਦਾ-ਦਾਦੀ ਦਾ ਦੁਲਾਰ, ਦੋਸਤਾਂ ਦੀ ਯਾਰੀ ਤੇ ਜੀਵਨਸਾਥੀ ਦਾ ਸਾਥ, ਇਹ ਸਾਰੇ ਰਿਸ਼ਤੇ ਜ਼ਿੰਦਗੀ ਨੂੰ ਅਰਥ ਦਿੰਦੇ ਹਨ। ਸਾਡੇ ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਜਿਸ ਘਰ ਵਿੱਚ ਰਿਸ਼ਤਿਆਂ ਵਿੱਚ ਪ੍ਰੇਮ ਤੇ ਸਤਿਕਾਰ ਹੁੰਦਾ ਹੈ, ਉੱਥੇ ਦੇਵਤੇ ਵਾਸ ਕਰਦੇ ਹਨ। ਪਰ ਵਰਤਮਾਨ ਸਮੇਂ ਵਿੱਚ ਇਹਨਾਂ ਰਿਸ਼ਤਿਆਂ ਦਾ ਸਰੂਪ ਬਦਲ ਰਿਹਾ ਹੈ। ਜਿੱਥੇ ਪਹਿਲਾਂ ਰਿਸ਼ਤਿਆਂ ਵਿੱਚ ਨਿਸ਼ਕਾਮ ਪਿਆਰ, ਤਿਆਗ ਤੇ ਸਮਰਪਣ ਦੀ ਭਾਵਨਾ ਮੁੱਖ ਹੁੰਦੀ ਸੀ, ਉੱਥੇ ਅੱਜ ਸੁਆਰਥ, ਹਉਮੈ ਤੇ ਭੌਤਿਕ ਲਾਲਸਾ ਨੇ ਰਿਸ਼ਤਿਆਂ ਵਿੱਚ ਖਟਾਸ ਘੋਲ ਦਿੱਤੀ ਹੈ। ਖਟਾਸ ਇੱਕ ਅਜਿਹੀ ਮਾਨਸਿਕ ਸਥਿਤੀ ਹੈ ਜਿੱਥੇ ਦਿਲਾਂ ਵਿੱਚ ਦੂਰੀ ਵਧ ਜਾਂਦੀ ਹੈ। ਇਹ ਉਦੋਂ ਪੈਦਾ ਹੁੰਦੀ ਹੈ ਜਦੋਂ ਇੱਕੋ ਛੱਤ ਹੇਠ ਰਹਿੰਦੇ ਹੋਏ ਵੀ ਵਿਅਕਤੀ ਇੱਕ-ਦੂਜੇ ਲਈ ਅਜਨਬੀ ਬਣ ਜਾਂਦੇ ਹਨ। ਬੋਲ-ਚਾਲ ਬੰਦ ਹੋ ਜਾਂਦਾ ਹੈ, ਸ਼ੱਕ ਦਾ ਬੀਜ ਪੁੰਗਰ ਜਾਂਦਾ ਹੈ ਤੇ ਛੋਟੀ-ਛੋਟੀ ਗੱਲ ਬਹਿਸ ਦਾ ਰੂਪ ਧਾਰ ਲੈਂਦੀ ਹੈ। ਘਰ ਦੇ ਵੱਡੇ-ਬਜ਼ੁਰਗਾਂ ਨੂੰ ਬੋਝ ਸਮਝਿਆ ਜਾਣ ਲੱਗਦਾ ਹੈ ਤੇ ਬੱਚਿਆਂ ਦੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਰਿਸ਼ਤਿਆਂ ਦੀ ਇਹ ਕੁੜੱਤਣ ਨਾ ਸਿਰਫ਼ ਦੋ ਵਿਅਕਤੀਆਂ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਪੂਰੇ ਪਰਿਵਾਰਕ ਮਾਹੌਲ ਨੂੰ ਜ਼ਹਿਰੀਲਾ ਬਣਾ ਦਿੰਦੀ ਹੈ। ਇਸ ਖਟਾਸ ਦਾ ਸਭ ਤੋਂ ਵੱਡਾ ਕਾਰਨ ਆਧੁਨਿਕ ਜੀਵਨ-ਸ਼ੈਲੀ ਦਾ ਭੌਤਿਕਵਾਦ ਹੈ। ਅੱਜ ਸਫਲਤਾ ਦਾ ਮਾਪਦੰਡ ਧਨ-ਦੌਲਤ, ਵੱਡੀ ਕੋਠੀ ਤੇ ਮਹਿੰਗੀ ਗੱਡੀ ਬਣ ਗਿਆ ਹੈ। ਇਨਸਾਨ ਪੈਸੇ ਦੀ ਦੌੜ ਵਿੱਚ ਇੰਨਾ ਰੁੱਝ ਗਿਆ ਹੈ ਕਿ ਉਸ ਕੋਲ ਰਿਸ਼ਤਿਆਂ ਨੂੰ ਦੇਣ ਲਈ ਸਮਾਂ ਹੀ ਨਹੀਂ ਬਚਿਆ। ਰਿਸ਼ਤਿਆਂ ਨੂੰ ਵੀ ਨਫ਼ੇ-ਨੁਕਸਾਨ ਦੀ ਤੱਕੜੀ ਵਿੱਚ ਤੋਲਿਆ ਜਾਣ ਲੱਗਾ ਹੈ। ਸਮਾਜਿਕ ਢਾਂਚੇ ਵਿੱਚ ਆਈ ਤਬਦੀਲੀ ਨੇ ਵੀ ਖਟਾਸ ਨੂੰ ਵਧਾਇਆ ਹੈ। ਅੱਜ ਦੇ ਸਮੇਂ ਵਿੱਚ ਕਈ ਨਵ-ਵਿਆਹੀਆਂ ਕੁੜੀਆਂ ਸੰਯੁਕਤ ਪਰਿਵਾਰ ਵਿੱਚ ਰਹਿਣ ਦੀ ਬਜਾਏ ਕੇਵਲ ਆਪਣੇ ਪਤੀ ਨਾਲ ਵੱਖਰੇ ਰਹਿਣ ਨੂੰ ਹੀ ਤਰਜੀਹ ਦਿੰਦੀਆਂ ਹਨ। ਉਹਨਾਂ ਦੀ ਸੋਚ ਹੁੰਦੀ ਹੈ ਕਿ ਉਹ ਆਪਣੀ ਇੱਕ ਵੱਖਰੀ ਦੁਨੀਆ ਵਸਾਉਣ ਜਿੱਥੇ ਕਿਸੇ ਦੀ ਦਖਲਅੰਦਾਜ਼ੀ ਨਾ ਹੋਵੇ। ਇਸ ਇੱਛਾ ਕਾਰਨ ਕਈ ਵਾਰ ਉਹ ਆਪਣੇ ਪਤੀ ਨੂੰ ਉਸਦੇ ਮਾਪਿਆਂ, ਭੈਣ-ਭਰਾਵਾਂ ਤੋਂ ਦੂਰ ਕਰਨ ਦਾ ਯਤਨ ਕਰਦੀਆਂ ਹਨ। ਜਦੋਂ ਪਰਿਵਾਰ ਵੱਲੋਂ ਮਿਲੇ ਸੰਸਕਾਰਾਂ ਵਿੱਚ ਕਮੀ ਹੁੰਦੀ ਹੈ ਤਾਂ ਸਹਿਣਸ਼ੀਲਤਾ ਤੇ ਸਮਝੌਤੇ ਦੀ ਭਾਵਨਾ ਘਟ ਜਾਂਦੀ ਹੈ। ਘਰ ਦੇ ਅੰਦਰ ਹੀ ਚੁਗਲੀ, ਕੰਨ-ਭਰਨੀ ਤੇ ਦੋਸ਼ ਲਾਉਣ ਦਾ ਮਾਹੌਲ ਬਣ ਜਾਂਦਾ ਹੈ। ਮਾਂ-ਬਾਪ ਨੂੰ ਹਮੇਸ਼ਾ ਇਹੀ ਆਸ ਹੁੰਦੀ ਹੈ ਕਿ ਅਸੀਂ ਆਪਣੇ ਲੜਕੇ ਦਾ ਵਿਆਹ ਪੂਰੀਆਂ ਰੀਝਾਂ ਨਾਲ, ਚਾਵਾਂ ਨਾਲ ਕੀਤਾ ਹੁੰਦਾ ਹੈ। ਉਹਨਾਂ ਦੀ ਦਿਲੀ ਤਮੰਨਾ ਹੁੰਦੀ ਹੈ ਕਿ ਅਸੀਂ ਆਪਣੇ ਪੋਤੇ-ਪੋਤੀਆਂ ਨਾਲ ਖੇਡੀਏ, ਉਹਨਾਂ ਨੂੰ ਵੱਡਾ ਹੁੰਦਾ ਦੇਖੀਏ ਤੇ ਬੁਢਾਪੇ ਦਾ ਸਹਾਰਾ ਮਿਲੇ। ਪਰ ਅੱਜ ਕਈ ਘਰਾਂ ਦੀਆਂ ਕੁੜੀਆਂ ਆਪਣੇ ਤੇ ਆਪਣੇ ਮਾਂ-ਬਾਪ ਦੇ ਸੁਆਰਥ ਲਈ ਰਿਸ਼ਤਿਆਂ ਨੂੰ ਸਭ ਚਕਨਾਚੂਰ ਕਰ



ਦਿੰਦੀਆਂ ਹਨ। ਲੜਕੀ ਦੇ ਮਾਪੇ ਵੀ ਲੜਕੇ ਨੂੰ ਆਪਣਾ ਤੇ ਆਪਣੀ ਕੁੜੀ ਦੇ ਹੱਥ ਠੋਕਾ ਬਣਾ ਕੇ ਰੱਖਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ। ਲੜਕੇ ਨੂੰ ਉਸਦੇ ਮਾਪਿਆਂ ਤੋਂ ਤੋੜ ਕੇ ਵੱਖ ਕਰ ਲਿਆ ਜਾਂਦਾ ਹੈ। ਜਿਨ੍ਹਾਂ ਮਾਪਿਆਂ ਨੇ ਉਂਗਲੀ ਫੜ ਕੇ ਤੁਰਨਾ ਸਿਖਾਇਆ, ਜਵਾਨ ਕੀਤਾ, ਪੜ੍ਹਾਇਆ-ਲਿਖਾਇਆ, ਉਹਨਾਂ ਨੂੰ ਹੀ ਇਕੱਲਾ ਛੱਡ ਦਿੱਤਾ ਜਾਂਦਾ ਹੈ। ਉਹਨਾਂ ਦੇ ਸੁਪਨਿਆਂ ਦਾ ਮਹਿਲ ਇੱਕ ਪਲ ਵਿੱਚ ਢਹਿ-ਢੇਰੀ ਹੋ ਜਾਂਦਾ ਹੈ। ਇਹ ਸਭ ਤੋਂ ਵੱਡੀ ਖਟਾਸ ਹੈ ਜੋ ਕਿਸੇ ਮਾਪੇ ਦੇ ਦਿਲ ਨੂੰ ਲੱਗਦੀ ਹੈ। ਵਿਦੇਸ਼ ਜਾਣ ਦੀ ਹੋੜ ਨੇ ਵੀ ਰਿਸ਼ਤਿਆਂ ਵਿੱਚ ਨਵੀਂ ਤਰ੍ਹਾਂ ਦੀ ਖਟਾਸ ਪੈਦਾ ਕਰ ਦਿੱਤੀ ਹੈ। ਕਈ ਕੁੜੀਆਂ ਜੋ ਆਪਣੀ ਯੋਗਤਾ ਨਾਲ ਵਿਦੇਸ਼ ਨਹੀਂ ਜਾ ਸਕਦੀਆਂ, ਉਹ ਵਿਆਹ ਨੂੰ ਵਿਦੇਸ਼ ਜਾਣ ਦਾ ਜ਼ਰੀਆ ਬਣਾ ਲੈਂਦੀਆਂ ਹਨ। ਅਜਿਹੀ ਸਥਿਤੀ ਵਿੱਚ ਉਹ ਕਿਸੇ ਅਜਿਹੇ ਲੜਕੇ ਦੀ ਭਾਲ ਵਿੱਚ ਰਹਿੰਦੀਆਂ ਹਨ ਜੋ ਪਹਿਲਾਂ ਤੋਂ ਵਿਦੇਸ਼ ਵਿੱਚ ਸੈਟਲ ਹੋਵੇ। ਵਿਆਹ ਤੋਂ ਬਾਅਦ ਵਿਦੇਸ਼ ਪਹੁੰਚ ਕੇ ਪੱਕੇ ਹੋਣ 'ਤੇ ਕਈ ਵਾਰ ਉਸ ਲੜਕੇ ਨੂੰ ਤਲਾਕ ਦੇ ਦਿੱਤਾ ਜਾਂਦਾ ਹੈ। ਉਸ ਲੜਕੇ ਦੇ ਸਾਲਾਂ ਦੀ ਕਮਾਈ, ਉਸਦੇ ਸੁਪਨੇ ਤੇ ਉਸਦੇ ਮਾਪਿਆਂ ਦੀਆਂ ਉਮੀਦਾਂ ਇੱਕ ਪਲ ਵਿੱਚ ਚਕਨਾਚੂਰ ਹੋ ਜਾਂਦੀਆਂ ਹਨ। ਇਸ ਤੋਂ ਬਾਅਦ ਮੋਟੀ ਰਕਮ ਲੈ ਕੇ ਕਿਸੇ ਹੋਰ ਲੜਕੇ ਨਾਲ ਵਿਆਹ ਕਰਵਾ ਕੇ ਉਸਨੂੰ ਵਿਦੇਸ਼ ਲਿਜਾਣ ਦਾ ਕੰਮ ਕੀਤਾ ਜਾਂਦਾ ਹੈ। ਜਦੋਂ ਇਹ ਸਿਲਸਿਲਾ ਕੁੜੀ ਤੇ ਉਸਦੇ ਮਾਪਿਆਂ ਲਈ ਇੱਕ ਧੰਦੇ ਦਾ ਰੂਪ ਧਾਰ ਲੈਂਦਾ ਹੈ ਤਾਂ ਇਹ ਵਿਆਹ ਵਰਗੇ ਪਵਿੱਤਰ ਰਿਸ਼ਤੇ ਦੀ ਨੀਂਹ ਨੂੰ ਹੀ ਖੋਖਲਾ ਕਰ ਦਿੰਦਾ ਹੈ। ਹਉਮੈ ਇਸ ਖਟਾਸ ਦਾ ਦੂਜਾ ਵੱਡਾ ਕਾਰਨ ਹੈ। ਹਰ ਵਿਅਕਤੀ ਆਪਣੇ ਆਪ ਨੂੰ ਸਹੀ ਸਾਬਤ ਕਰਨ 'ਤੇ ਤੁਲਿਆ ਹੋਇਆ ਹੈ। 'ਮੈਂ ਕਿਉਂ ਝੁਕਾਂ' ਦੀ ਭਾਵਨਾ ਨੇ ਸਮਝੌਤੇ ਦੀ ਗੁੰਜਾਇਸ਼ ਹੀ ਖਤਮ ਕਰ ਦਿੱਤੀ ਹੈ। ਪਤੀ-ਪਤਨੀ ਦੇ ਰਿਸ਼ਤੇ ਵਿੱਚ ਵੀ ਹੁਣ ਬਰਾਬਰੀ ਦੀ ਥਾਂ ਮੁਕਾਬਲਾ ਆ ਗਿਆ ਹੈ। ਤਕਨਾਲੋਜੀ ਦੇ ਇਸ ਯੁੱਗ ਨੇ ਸੰਵਾਦ ਨੂੰ ਖਤਮ ਕਰ ਦਿੱਤਾ ਹੈ। ਪਰਿਵਾਰ ਦੇ ਸਾਰੇ ਮੈਂਬਰ ਇੱਕ ਕਮਰੇ ਵਿੱਚ ਬੈਠ ਕੇ ਵੀ ਆਪਣੇ-ਆਪਣੇ ਮੋਬਾਈਲ ਫੋਨਾਂ ਵਿੱਚ ਗੁਆਚੇ ਰਹਿੰਦੇ ਹਨ। ਇਸ ਖਟਾਸ ਦਾ ਪ੍ਰਭਾਵ ਬਹੁਤ ਡੂੰਘਾ ਤੇ ਦੂਰਗਾਮੀ ਹੈ। ਵਿਅਕਤੀਗਤ ਪੱਧਰ 'ਤੇ ਇਹ ਮਾਨਸਿਕ ਅਸ਼ਾਂਤੀ, ਚਿੰਤਾ ਤੇ ਅਵਸਾਦ ਨੂੰ ਜਨਮ ਦਿੰਦੀ ਹੈ। ਪਰਿਵਾਰਕ ਪੱਧਰ 'ਤੇ ਇਸ ਨਾਲ ਤਲਾਕ ਦੀ ਦਰ ਵਧਦੀ ਹੈ, ਬਜ਼ੁਰਗ ਬਿਰਧ ਆਸ਼ਰਮਾਂ ਵਿੱਚ ਇਕੱਲੇ ਰਹਿ ਜਾਂਦੇ ਹਨ ਤੇ ਸੰਯੁਕਤ ਪਰਿਵਾਰ ਪ੍ਰਣਾਲੀ ਟੁੱਟ ਰਹੀ ਹੈ। ਬੱਚਿਆਂ ਦਾ ਭਾਵਨਾਤਮਕ ਤੇ ਮਾਨਸਿਕ ਵਿਕਾਸ ਰੁਕ ਜਾਂਦਾ ਹੈ ਕਿਉਂਕਿ ਉਹ ਲਗਾਤਾਰ ਕਲੇਸ਼ ਦਾ ਮਾਹੌਲ ਦੇਖਦੇ ਹਨ। ਪਰ ਇਸ ਖਟਾਸ ਦਾ ਨਿਵਾਰਨ ਅਸੰਭਵ ਨਹੀਂ ਹੈ। ਇਸਦਾ ਪਹਿਲਾ ਉਪਾਅ ਸੰਵਾਦ ਦੀ ਪੁਨਰ-ਸਥਾਪਨਾ ਹੈ। ਨਵੇਂ ਜੁੜੇ ਮੈਂਬਰਾਂ ਨੂੰ ਪਰਿਵਾਰ ਦਾ ਹਿੱਸਾ ਮੰਨ ਕੇ ਉਹਨਾਂ ਨੂੰ ਸਮਾਂ, ਪਿਆਰ ਤੇ ਸਤਿਕਾਰ ਦੇਣਾ ਚਾਹੀਦਾ ਹੈ। ਉਧਰ, ਨਵੇਂ ਮੈਂਬਰਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਪਰਿਵਾਰ ਦੇ ਪੁਰਾਣੇ ਮੈਂਬਰਾਂ ਦੇ ਤਜਰਬੇ, ਕੁਰਬਾਨੀਆਂ ਤੇ ਭਾਵਨਾਵਾਂ ਦੀ ਕਦਰ ਕਰਨ। ਵਿਆਹ ਨੂੰ ਸਿਰਫ਼ ਵਿਦੇਸ਼ ਜਾਣ ਦਾ ਵੀਜ਼ਾ ਨਹੀਂ, ਸਗੋਂ ਦੋ ਆਤਮਾਵਾਂ ਤੇ ਦੋ ਪਰਿਵਾਰਾਂ ਦਾ ਜੀਵਨ ਭਰ ਦਾ ਸਾਥ ਸਮਝਣਾ ਪਵੇਗਾ। ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਰਿਸ਼ਤਿਆਂ ਦੀ ਪਵਿੱਤਰਤਾ ਤੇ ਸੰਸਕਾਰਾਂ ਦੀ ਮਹੱਤਤਾ ਬਾਰੇ ਸਿਖਾਉਣਾ ਪਵੇਗਾ। ਦੂਜਾ ਮਹੱਤਵਪੂਰਨ ਉਪਾਅ ਹਉਮੈ ਤੇ ਸੁਆਰਥ ਦਾ ਤਿਆਗ ਹੈ। ਰਿਸ਼ਤਾ ਬਚਾਉਣ ਲਈ ਜੇ ਝੁਕਣਾ ਵੀ ਪਵੇ ਤਾਂ ਝੁਕ ਜਾਣਾ ਚਾਹੀਦਾ ਹੈ। ਮਾਫ਼ੀ ਮੰਗਣਾ ਕਮਜ਼ੋਰੀ ਦੀ ਨਿਸ਼ਾਨੀ ਨਹੀਂ, ਸਗੋਂ ਵਡੱਪਣ ਦੀ ਨਿਸ਼ਾਨੀ ਹੈ। ਰਿਸ਼ਤਿਆਂ ਨੂੰ ਸਮਾਂ ਦੇਣਾ ਉਹਨਾਂ ਦੀ ਸਭ ਤੋਂ ਵੱਡੀ ਲੋੜ ਹੈ। ਆਪਸੀ ਸਤਿਕਾਰ ਤੇ ਸਵੀਕ੍ਰਿਤੀ ਰਿਸ਼ਤਿਆਂ ਦੀ ਨੀਂਹ ਹਨ। ਸਰਕਾਰ ਨੂੰ ਵੀ ਵਿਆਹਾਂ ਦੀ ਪਵਿੱਤਰਤਾ ਬਚਾਉਣ ਲਈ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ ਤਾਂ ਜੋ ਕੋਈ ਵੀ ਵਿਆਹ ਨੂੰ ਧੰਦਾ ਨਾ ਬਣਾ ਸਕੇ। ਸਿੱਟੇ ਵਜੋਂ, ਰਿਸ਼ਤਿਆਂ ਦੀ ਖਟਾਸ ਇੱਕ ਅਜਿਹੀ ਸਮੱਸਿਆ ਹੈ ਜਿਸਦਾ ਹੱਲ ਸਾਡੇ ਆਪਣੇ ਹੱਥਾਂ ਵਿੱਚ ਹੈ। ਇਸ ਲਈ ਆਪਣੀ ਸੋਚ ਬਦਲਣ ਦੀ, ਆਪਣੇ ਵਿਵਹਾਰ ਵਿੱਚ ਲਚਕਤਾ ਲਿਆਉਣ ਦੀ, ਆਪਣੇ ਅਹੰਕਾਰ ਤੇ ਲਾਲਚ ਨੂੰ ਤਿਆਗਣ ਦੀ ਲੋੜ ਹੈ। ਜਦੋਂ ਅਸੀਂ ਰਿਸ਼ਤਿਆਂ ਨੂੰ ਸੌਦੇਬਾਜ਼ੀ ਨਹੀਂ, ਸਗੋਂ ਜ਼ਿੰਮੇਵਾਰੀ ਤੇ ਇਬਾਦਤ ਸਮਝ ਕੇ ਨਿਭਾਵਾਂਗੇ ਤਾਂ ਹੀ ਖਟਾਸ ਖਤਮ ਹੋ ਕੇ ਮਿਠਾਸ ਦਾ ਵਾਸ ਹੋਵੇਗਾ। ਯਾਦ ਰੱਖੋ, ਇਸ ਦੁਨੀਆ ਤੋਂ ਜਾਂਦੇ ਸਮੇਂ ਇਨਸਾਨ ਆਪਣੇ ਨਾਲ ਨਾ ਧਨ ਲੈ ਕੇ ਜਾਂਦਾ ਹੈ, ਨਾ ਅਹੁਦਾ, ਨਾ ਵਿਦੇਸ਼ ਦੀ ਪੀ.ਆਰ.। ਨਾਲ ਜਾਂਦੇ ਹਨ ਤਾਂ ਸਿਰਫ਼ ਰਿਸ਼ਤੇ, ਚੰਗੇ ਕਰਮ ਤੇ ਉਹਨਾਂ ਨਾਲ ਬਿਤਾਏ ਹੋਏ ਖ਼ੂਬਸੂਰਤ ਪਲ।



**ਡਾ. ਕੁਲਦੀਪ ਸਿੰਘ ਭੁੱਲਰ**
**ਅਹਿਮਦਗੜ੍ਹ/ ਮੋਹਾਲੀ**
**ਸੰਪਰਕ : 9592600658**

# ਵਾਤਾਵਰਣ ਨੂੰ ਸ਼ੁੱਧ ਬਣਾਈਏ

ਜ਼ਿਕਰ ਪੰਜਾਬ

ਵਿਸ਼ਵ ਵਾਤਾਵਰਣ ਦਿਵਸ 5 ਜੂਨ ਨੂੰ ਵਾਤਾਵਰਣ ਬਚਾਉਣ ਲਈ ਮਨਾਇਆ ਜਾਂ ਗਾ ਰੈ ਇਸੇ ਤਰਾਂ ਹੀ ਕੁਦਰਤ ਸੰਭਾਲ ਦਿਵਸ ਹਰ ਸਾਲ 28 ਜੁਲਾਈ ਨੂੰ ਮਨਾਇਆਂ ਜਾਂਦਾ ਹੈ।ਇਹ ਦਿਨ ਕੁਦਰਤ ਅਤੇ ਵਾਤਾਵਰਣ ਦੀ ਮਹੱਤਤਾ ਦਾ ਪ੍ਰਤੀਕ ਹੈ।ਇਸ ਦਿਨ ਪੂਰੀ ਦੁੱਨੀਆਂ ਵਿੱਚ ਵਿਸ਼ੇਸ ਵਾਤਾਵਰਣ ਦੀ ਸੰਭਾਲ ਲਈ ਜਾਗਰੂਕਤਾ ਮਹਿੰਮਾ ਚਲਾ ਕੁਦਰਤ ਦੀ ਬਣਾਈ ਜਨਤ ਲਈ,ਰੁੱਖ ਲਗਾਉ,ਪਾਣੀ ਬਚਾਉ,ਪਰਦੂਸਨ ਘਟਾਊ ਬਾਰੇ ਹੋਕਾ ਲਾ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ।ਇਸ ਮੰਤਵ ਲਈ ਤਾਂ ਜੋ ਇਹ ਸਵੀਕਾਰ ਕੀਤਾ ਜਾ ਸਕੇ ਕਿ ਇੱਕ ਸਵੱਛ ਵਾਤਾਵਰਣ ਸਿਹਤ ਅਤੇ ਸਥਿਰ ਮਨੁੱਖੀ ਸਮਾਜ ਦੀ ਨੀਂਹ ਹੈ।ਇਸ ਦਾ ਮੇਨ ਮਕਸਦ ਧਰਤੀ ਦੇ ਕੁਦਰਤੀ ਵਾਤਾਵਰਣ ਤੋ ਲੁਪਤ ਹੋ ਰਹੀਆ ਪਸੂ,ਪੰਛੀਆਂ, ਜਾਨਵਰਾ, ਦੀਆਂ ਪਰਜਾਤੀਆ ਤੇ ਰੁੱਖਾ ਨੂੰ ਬਚਾਉਣਾ ਹੈ। ਕੁਦਰਤ ਦੀ ਸੰਭਾਲ ਕਰਣੀ ਹਰ ਮਨੁੱਖੀ ਜੀਵ ਦੀ ਜਿਮੇਵਾਰੀ ਤੇ ਡਿਊਟੀ ਹੈ।ਮੌਜੂਦਾ ਅਤੇ ਆਉਣ ਵਾਲੀਆਂ ਪੀੜੀਆ ਨੂੰ ਸਿਹਤਯਾਬ ਰੱਖਣ ਲਈ ਇੱਕ ਟਿਕਾਊ ਦੁੰਨੀਆ ਵੱਲ ਕੰਮ ਕਰਣ ਦੀ ਲੋੜ ਹੈ।

**ਮਹੱਤਤਾ** :- ਸਰੋਤਾ ਦੀ ਸੰਭਾਲ ਧਰਤੀ ਨੂੰ ਬਚਾਉਣ ਲਈ ਇੱਕ ਮਹੱਤਵ ਪੂਰਨ ਰੋਲ ਅਦਾ ਕਰਦੀ ਹੈ।ਮਨੁੱਖ ਨੂੰ ਖੁਸ਼ਿਆਲ ਜੀਵਣ ਜੀਊਣ ਲਈ ਸਾਫ ਹਵਾ,ਸਾਫ ਪਾਣੀ ,ਉਪਜਾਊ ਮਿੱਟੀ ਦੀ ਲੋੜ ਹੈ।ਕੁਦਰਤੀ ਸਰੋਤ ਜਿਵੇ ਹਵਾ ,ਪਾਣੀ,ਮਿੱਟੀ ਊਰਜਾ ਖਣਿੱਜ , ਬਨਸਪਤੀ ਪਸ਼ੂ ਪੰਛੀ, ਨੂੰ ਸੰਭਾਲ ਕੇ ਕੁਦਰਤੀ ਸੁੰਦਰਤਾ ਵਿੱਚ ਸਤੁੰਲਨ ਬਣਾ ਕੁਦਰਤੀ ਚਾਰ ਚੰਨ ਲਾਇਆ ਜਾਂਦਾ ਹੈ।ਮਨੁੱਖੀ ਜੀਵ ਤੇ ਕੁਦਰਤ ਦਾ ਜਨਮ ਜਨਮ ਦਾ ਸਾਥ ਹੈ ਕੁਦਰਤ ਤੋ ਬਗੈਰ ਮਨੁੱਖੀ ਜੀਵ ਦੀ ਕਲਪਨਾ ਨਹੀ ਕੀਤੀ ਦਾ ਸਕਦੀ। ਕੁਦਰਤ ਵੱਲ ਪਰਤਣ ਲਈ ਅਯੋਕੇ ਮਨੁੱਖ ਨੂੰ ਕੁਦਰਤ ਨੂੰ ਸੰਭਾਲਨ ਲਈ ਵਿਸ਼ਵ ਵਾਤਾਵਰਣ ਦਿਵਸ 5 ਜੂਨ ਨੂੰ ਇਸੇ ਕਰ ਕੇ ਹੀ ਪੂਰੀ ਦੁੰਨੀਆ ' ਚ ਮਨਾਇਆਂ ਜਾਂਦਾ ਹੈ ਤਾਂ ਜੋ ਇਸ ਧਰਤੀ ਤੇ ਰਹਿਣ ਵਾਲੇ ਹਰ ਪ੍ਰਾਣੀ ਨੂੰ ਵਾਤਾਵਰਣ ਸੰਬੰਧੀ ਜਾਗਰੂਕ ਕੀਤਾ ਜਾ ਸਕੇ। ਵਿਸ਼ਵ ਵਾਤਾਵਰਣ ਤੇ ਕੁਦਰਤ ਸੰਭਾਲ ਦਿਵਸ ਮਨਾਉਣ ਦੀ ਉਦੋਂ ਲੋੜ ਪਈ ਜਦੋਂ ਪਾਣੀ ਤੇ ਧਰਤੀ ਦਾ ਪਰਦੂਸ਼ਨ ਚਾਰ ਚੁਫੇਰਿਆਂ ਵੱਧਣ ਲੱਗਾ।ਇਸ ਪਰਦੂਸ਼ਨ ਨੇ ਆਲਮੀ ਪੱਧਰ ਤੇ ਬੜ੍ਹੇ ਬੁਰੇ ਪ੍ਰਭਾਵ ਪਾਏ ਹਨ। ਪਰਦੂਸ਼ਨ ਦੇ ਮਾੜ੍ਹਾ ਪ੍ਰਭਾਵਾਂ ਕਰ ਕੇ ਹੀ ਸਯੁੰਕਤ ਰਾਸ਼ਟਰ ਸੰਸਥਾ ਦੁੱਨੀਆਂ ਭਰ ਦੀਆਂ ਸਰਕਾਰਾਂ ਨੂੰ ਇੱਕ ਮੰਚ ਤੇ ਖੜ੍ਹਾ ਕਰਣ ਲਈ ਕੋਸ਼ਿਸ਼ ਕਰਦੀਆਂ ਹਨ।ਇਸ ਗੰਭੀਰ ਮਸਲੇ ਨੂੰ ਸਮਝਣ ਅਤੇ ਤਲਾਸ਼ਨ ਲਈ ਯਤਨਸ਼ੀਲ ਹਨ।

> ਪਾਰਲੀਮੈਂਟ ਵਿੱਚ ਕਨੂੰਨ ਪਾਸ ਕਰ ਜੋ ਵਾਤਾਰਤਵਰਣ ਨੂੰ ਪਰਦੂਸ਼ਨ ਕਰਦਾ ਹੈ ਕਤਲ ਜਾਂ ਦੰਡ ਮਨੁੱਖੀ ਹੱਤਿਆ ਦਾ ਮੁਕੱਦਮਾ ਦਰਜ ਕਰ ਸਮੇ ਸੀਮਾ ਵਿੱਚ ਚਲਾਨ ਚਾਹੀਦਾ ਹੈ। ਸ਼ਪੈਸਲ ਕੋਰਟਾਂ ਵਿੱਚ ਇਸ ਦਾ ਫੈਸਲਾ ਫੌਰੀ ਹੋਣਾ ਚਾਹੀਦਾ ਹੈ।ਇਸ ਨਾਲ ਡਰ ਪੈਦਾ ਹੋਵੇਗਾ ਪਰਦੂਸ਼ਨ ਤੋਂ ਰਾਹਿਤ ਮਿਲੇਗੀ।ਮਨੁੱਖ ਇਨ੍ਹਾਂ ਸਵਾਰਥੀ ਹੈ। ਕੋਰੋਨਾ ਕਾਲ ਵਿੱਚ ਜਦੋਂ ਗੱਡੀਆਂ ਬੰਦ ਹੋ ਗਈਆਂ ਵਾਤਾਵਰਣ ਸਾਫ ਹੋ ਗਿਆ ਪਹਾੜ ਦਿਸਨ ਲੱਗ ਪਏ ਸਨ, ਲੋਕਾ ਨੂੰ ਘਰਾਂ 'ਚ ਵਾੜ ਸ਼ਿਖਾ ਦਿੱਤਾ ਸੀ। ਤੋਬਾ ਕਰ ਗਿਆ ਸੀ, ਪਰ ਫਿਰ ਪਰਨਾਲਾ ਉੱਥੇ ਦਾ ਉੱਥੇ ਹੈ।

ਜੇਕਰ ਭਾਰਤ ਦੇ ਵਾਤਾਵਰਣ ਦੀ ਗੱਲ ਕਰੀਏ ਦੇਸ਼ ਦੀਆਂ ਸਾਰੀਆਂ ਨਦੀਆਂ , ਦਰਿਆਵਾਂ ਵਿੱਚ ਫੈਕਟਰੀਆਂ ਦਾ ਤੇ




ਸ਼ਹਿਰਾਂ ਦਾ ਜਹਰੀਲਾ ਪਾਣੀ ਅੰਨੇ ਵਾਹ ਸੁੱਟਿਆ ਜਾ ਰਿਹਾ ਹੈ।ਆਸਥਾ ਦੇ ਨਾਂ ਤੇ ਸਵਾਹ,ਨਾਰੀਅਲ ਸੁੱਟਿਆ ਜਾ ਰਿਹਾ ਹੈ।ਕੈਮੀਕਲ ਤੇ ਕੀਟਨਾਸ਼ਕ ਦਵਾਈਆ ਦੀ ਵਰਤੋ ਹੋ ਰਹੀ ਹੈ।ਖਾਣ ਵਾਲੇ ਪਦਾਰਥਾ ਨੂੰ ਜਹਰੀਲਾ ਬਣਾ ਦਿੱਤਾ ਹੈ। ਪੰਜਾਬ ਜਿਸ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ।ਇਸੇ ਹੀ ਪਵਿੱਤਰ ਧਰਤੀ ਤੇ ਰਚੇ ਗਏ ਸ੍ਰੀ ਗੁਰੂ ਗ੍ਰੰਥ ਦੇ ਪਹਿਲੇ ਸਲੋਕ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਵਿੱਚਹੀ ਮਨੁੱਖ ਨੂੰ ਕੁਦਰਤ ਨਾਲ ਜੋੜਿਆ ਹੈ।ਦੁੱਖ ਦੀ ਗੱਲ ਇਸ ਪਾਵਣ ਧਰਤੀ ਤੇ ਵੱਸੇ ਮੁਨਾਫ਼ੇਖੋਰ ਲੋਕ ਨੇ ਜਿੱਥੇ ਗੁਰਬਾਣੀ ਦਾ ਉਚਾਰਨ ਹੋਇਆ ਹੈ, ਤੇ ਇਸ ਪਵਿੱਤਰ ਵੇਈਂ ਵਿੱਚ ਗੁਰੂ ਨਾਨਕ ਨੇ ਟੁੱਭੀ ਲਗਾ ਸੱਚ ਖੰਡ ਵਿੱਚ ਗੁਰਬਾਣੀ ਲੈਕੇ ਆਏ ਹਨ।ਉਸ ਪਵਿੱਤਰ ਵੇਈਂ ਨੂੰ ਵੀ ਬਖ਼ਸ਼ਿਆ ਨਹੀਂ ਹੈ,ਪੰਜਾਬ ਦੇ ਜਲ ਸਰੋਤਾਂ ਦੀ ਬਹੁਤ ਹੀ ਮਾੜ੍ਹੀ ਹਾਲਤ ਹੈ।ਜਿਸ ਦੇ ਦਰਿਆ।ਨਦੀ ਨਾਲੇ ,ਡਰੇਨ ਆਦਿ ਜ਼ਹਿਰਾਂ ਤੇ ਗੰਦਗੀ ਨਾਲ ਭਰ ਕੇ ਚਲਦੇ ਹਨ।

ਪਾਣੀ ਦੇ ਪਰਦੂਸ਼ਨ ਕਾਰਣ ਪਾਣੀ ਦੇ ਜੀਵ ਮਰ ਰਹੇ ਹਨ।ਪੰਜਾਬ ਤੇ ਕੈਂਸਰ ਦੀ ਮਾਰ ਪੈ ਰਹੀ ਹੈ।ਬਠਿੰਡਾ ਤੋਂ ਬੀਕਾਨੇਰ ਜਾਂਦੀ ਟਰੇਨ ਦਾ ਨਾਂ ਕੈਂਸਰ ਟ?ਰੇਨ ਪੈ ਗਿਆ ਹੈ। ਪੈਸੇ ਦੀ ਲਾਲਸਾ ' ਚ ਮਨੁੱਖ ਨੂੰ ਮਨੁੱਖ ਹੀ ਮਾਰ ਰਿਹਾ ਹੈ।ਦਰੱਖਤ ਵੱਢ ਆਪਣੇ ਪੈਰਾ ਤੇ ਆਪ ਕੁਹਾੜ੍ਹਾ ਮਾਰ ਰਿਹਾ ਹੈ।ਜੋ ਮਨੁੱਖ ਦਾ ਅਸਲੀ ਮਿੱਤਰ ਹੈ ਕੇ ਮੁੱਫਤ ਵਿੱਚ ਆਕਸੀਜਨ ਦਿੰਦਾ ਹੈ।ਮਨੁੱਖੀ ਜੀਵ ਸੀਮਿੰਟ ਦੀਆਂ ਬਿੰਲਡਿੰਗਾਂ ਉਸਾਰ ਬੀਮਾਰੀਆ ਸੇੜ ਰਿਹਾ ਹੈ।ਕੋਰੋਨਾ ਕਾਲ ਨੇ ਮਨੁੱਖ ਨੂੰ ਸਿਖਾ ਦਿੱਤਾ ਜੇ ਕੁਦਰਤ ਨਾਲ ਖਿਲਵਾੜ ਕਰੋਗੇ ਤਾਂ ਅਸਲੀ ਆਕਸੀਜਨ ਤਾਂ ਤੁਹਾਨੂੰ ਕੀ ਮਿਲਣੀ ਬੰਦ ਸਲੰਡਰਾ ਵਿੱਚ ਪਈ ਆਕਸੀਜਨ ਪੈਸੇ ਖਰਚ ਕੇ ਵੀ ਨਹੀ ਮਿਲਣੀ।ਗੱਡੀਆ ਬੰਦ ਹੋਣ ਨਾਲ ਜੋ ਪਹਾੜ ਸਾਨੂੰ ਨਹੀ ਦਿਸਦੇ ਸੀ ਦਿਖਣਾ ਸ਼ੁਰੂ ਹੋ ਗਏ।ਪਾਰਲੀਮੈਂਟ ਵਿੱਚ ਕਨੂੰਨ ਪਾਸ ਕਰ ਜੋ ਵਾਤਾਰਤਵਰਣ ਨੂੰ ਪਰਦੂਸ਼ਨ ਕਰਦਾ ਹੈ ਕਤਲ ਜਾਂ ਦੰਡ ਮਨੁੱਖੀ ਹੱਤਿਆ ਦਾ ਮੁਕੱਦਮਾ ਦਰਜ ਕਰ ਸਮੇ ਸੀਮਾ ਵਿੱਚ ਚਲਾਨ ਚਾਹੀਦਾ ਹੈ। ਸ਼ਪੈਸਲ ਕੋਰਟਾਂ ਵਿੱਚ ਇਸ ਦਾ ਫੈਸਲਾ ਫੌਰੀ ਹੋਣਾ ਚਾਹੀਦਾ ਹੈ।ਇਸ ਨਾਲ ਡਰ ਪੈਦਾ ਹੋਵੇਗਾ ਪਰਦੂਸ਼ਨ ਤੋਂ ਰਾਹਿਤ ਮਿਲੇਗੀ।ਮਨੁੱਖ ਇਨ੍ਹਾਂ ਸਵਾਰਥੀ ਹੈ। ਕੋਰੋਨਾ ਕਾਲ ਵਿੱਚ ਜਦੋਂ ਗੱਡੀਆਂ ਬੰਦ ਹੋ ਗਈਆਂ ਵਾਤਾਵਰਣ ਸਾਫ ਹੋ ਗਿਆ ਪਹਾੜ ਦਿਸਨ ਲੱਗ ਪਏ ਸਨ, ਲੋਕਾ ਨੂੰ ਘਰਾਂ 'ਚ ਵਾੜ ਸ਼ਿਖਾ ਦਿੱਤਾ ਸੀ। ਤੋਬਾ ਕਰ ਗਿਆ ਸੀ, ਪਰ ਫਿਰ ਪਰਨਾਲਾ ਉੱਥੇ ਦਾ ਉੱਥੇ ਹੈ। ਲੋਕ ਦਮੇ, ਕੈਂਸਰ ਵਰਗੀਆਂ ਬੀਮਾਰੀਆ ਨਾਲ ਮਰ ਰਹੇ ਹਨ।ਹਰ ਚੀਜ਼ ਵਿੱਚ ਕੀਟ-ਨਾਸਿਕ ਦਵਾਈਆਂ ਦਾ ਇਸਤੇਮਾਲ ਹੋ ਰਿਹਾ ਹੈ।ਪਹਿਲਾ ਲੋਕ ਦੇਸ਼ੀ ਰੂੜੀ ਪਾ ਫਸਲਾ ਬੀਜਦੇ ਸਨ ਤੰਦਰੁਸਤ ਰਹਿੰਦੇ ਸਨ।ਕੋਈ ਬੀਮਾਰੀ ਨੇੜੇ ਨਹੀਂ ਆਉਦੀ ਸੀ।ਸਰਕਾਰਾ ਨੂੰ ਕੁਦਰਤ ਸੰਭਾਲ ਤੇ ਵਾਤਾਵਰਣ ਦਿਵਸ ਪਰ ਕੋਈ ਪਰਭਾਵਸਾਲੀ ਯੋਜਨਾ ਵਾਤਾਵਰਣ ਨੂੰ ਸੁੱਧ ਕਰਣ ਲਈ ਬਨਾਉਣੀ ਚਾਹੀਦੀ ਹੈ।ਇਸ ਲਈ ਸਵਾਰਥੀ ਮਨੁੱਖ ਨੂੰ ਵੀ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ।ਰੁੱਖ ਵੱਧ ਤੋ ਵੱਧ ਲਗਾ ਇਸ ਦੀ ਸੰਭਾਲ ਕਰਣੀ ਚਾਹੀਦੀ ਹੈ।


**ਗੁਰਮੀਤ ਸਿੰਘ ਵੇਰਕਾ**
**ਐਮਏ ਪੁਲਿਸ ਐਡਮਨਿਸਟਰੇਸਨ**
**ਸੰਪਰਕ : 9878600221**

# ਨਹਿਰੀ ਪਾਣੀ ਦੀ ਕਮੀ ਕਾਰਨ ਸੜ ਰਹੀਆਂ ਹਨ ਪਨੀਰੀਆਂ




ਜ਼ਿਕਰ ਪੰਜਾਬ

ਜਦੋਂ ਵੀ ਮਈ ਮਹੀਨਾਂ ਚੜਦਾ ਹੈ ਤਾਂ ਪਤਾ ਨਹੀਂ ਕਿਉਂ ਸਾਰੇ ਸੂਏ , ਨਹਿਰਾਂ ਸੁਕਾ ਦਿੱਤੇ ਜਾਂਦੇ ਹਨ ।ਨਹਿਰੀ ਵਿਭਾਗ ਅਤੇ ਸਰਕਾਰ ਹਰ ਵਾਰ ਕਹਿ ਦਿੰਦੀ ਹੈ ਕਿ ਨਹਿਰਾਂ ਦੀ ਸਾਫ ਸਫਾਈ ਦਾ ਕੰਮ ਚੱਲ ਰਿਹਾ ਹੈ ।ਜਦਕਿ ਸਵਾਲ ਇਹ ਉੱਠਦਾ ਹੈ ਕਿ ਫਰਵਰੀ ਤੋਂ ਅਪ੍ਰੈਲ ਤੱਕ ਇਹ ਕੰਮ ਕਿਉਂ ਨਹੀਂ ਕੀਤਾ ਜਾਂਦਾ। ਅੱਜ ਸਾਡੇ ਬਹੁਤ ਸਾਰੇ ਖਿੱਤੇ ਹਨ ਜਿੱਥੇ ਮੋਟਰਾਂ ਦੇ ਪਾਣੀ ਖਾਰੇ ਹਨ । ਜੋ ਪਨੀਰੀ ਲਈ ਢੁੱਕਵੇਂ ਨਹੀਂ ਹਨ । ਝੋਨੇ ਦੀ ਪਨੀਰੀ ਬਹੁਤ ਕੋਮਲ ਹੁੰਦੀ ਹੈ, ਜਿਸ ਨੂੰ ਨਹਿਰਾਂ ਦਾ ਪਾਣੀ ਘਿਉ ਵਾਂਗ ਅਸਰ ਕਰਦਾ ਹੈ ।ਪਨੀਰੀ ਹੀ ਝੋਨੇ ਦੀ ਨੀਂਹ ਹੁੰਦੀ ਹੈ।ਅੱਜ ਨਹਿਰੀ ਪਾਣੀ ਦੀ ਕਮੀਂ ਕਾਰਨ ਬਹੁਤ ਸਾਰੀਆਂ ਪਨੀਰੀਆਂ ਸੁੱਕ ਕੇ ਤੀਲਾ ਬਣ ਗਈਆਂ ਹਨ ।ਅੱਜ ਕਿਸਾਨ ਦੂਰੋਂ ਦੂਰੋਂ ਪਾਣੀਂ ਦੀਆਂ ਟੈਂਕੀਆਂ ਭਰ ਕੇ! ਪਨੀਰੀਆਂ ਤੇ ਪਾਣੀ ਦਾ ਥੋੜਾ ਥੋੜਾ ਡੰਗ ਸਾਰੂ ਛਿੜਕਾਅ ਕਰ ਰਹੇ ਹਨ ।ਸਰਕਾਰ ਅਤੇ ਨਹਿਰ ਵਿਭਾਗ ਨੂੰ ਬੇਨਤੀ ਹੈ ਕਿ ਉਹ ਨਹਿਰਾਂ ਦੀ ਸਾਫ ਸਫਾਈ ਦਾ ਕੰਮ ਮਈ ਮਹੀਨੇ ਤੋਂ ਪਹਿਲਾਂ ਕਰਿਆ ਕਰਨ।



**ਲਵਪ੍ਰੀਤ ਸਿੰਘ ਸੋਹਣੇਵਾਲਾ**
**ਸੰਪਰਕ : 98778-41056**

# ਰੇਗਿਸਤਾਨ ਬਣਦਾ ਜਾ ਰਿਹਾ ਪੰਜਾਬ

ਜ਼ਿਕਰ ਪੰਜਾਬ

ਪੰਜਾਬ ਦਾ ਨਾਮ ਚਾਹੇ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠ ਕੇ ਲਿਆ ਜਾਵੇ ਝੱਟ ਇਕ ਹੀ ਤਸਵੀਰ ਦਿਮਾਗ ਵਿਚ ਬਣਦੀ ਹੈ ਤੇ ਉਹ ਹੈ ਹਰੇ ਭਰੇ ਖੇਤ, ਸੜਕਾਂ ਕਿਨਾਰੇ ਦਰੱਖ਼ਤ ਤੇ ਮੋਟਰਾਂ ਵੀ ਚਾਰੇ ਪਾਸਿਓ ਦਰਖ਼ਤਾਂ ਨਾਲ ਘਿਰਿਆਂ ਤੇ ਠੰਡਾ ਤਾਪਮਾਨ। ਪਰ ਅਸਲ ਤਸਵੀਰ ਕੁਝ ਵੱਖਰੀ ਹੈ। ਹੁਣ ਸੜਕਾਂ ਕਿਨਾਰੇ ਲੱਗੇ ਜਾਮੁਣਾ , ਡੇਕਾਂ, ਟਾਹਲੀਆਂ,ਫਲਾਹੀ ਕਿੱਕਰਾਂ ਨਜਰ ਨਹੀਂ ਆਉਂਦੀਆਂ । ਘਰਾਂ ਦੇ ਵੇਹੜੇ ਵਿਚ ਨਿੰਮਾਂ, ਅੰਬ , ਅਮਰੂਦ ਪਤਾ ਨਹੀਂ ਕਿੱਥੇ ਗਵਾਚ ਗਏ। ਮੋਟਰਾਂ ਤੇ , ਖੇਤਾਂ ਦੇ ਬੰਨਿਆਂ ਤੇ ਹੁਣ ਨਾ ਟਾਹਲੀਆਂ ਨਜਰੀ ਪੈਂਦੀਆਂ ਤੇ ਪਿੰਡਾਂ ਦੀਆਂ ਸੱਥਾਂ ਦੇ ਬੋਹੜ, ਪੀਪਲ ਆਪਨੀਆਂ ਨੂੰ ਉਡੀਕਦੇ ਉਡੀਕਦੇ ਆਪ ਹੀ ਤੁਰ ਗਏ । ਮੈਨੂੰ ਯਾਦ ਆਉਂਦਾ ਹੈ ਓਹ ਵੇਲਾ ਜਦ ਗਰਮੀ ਦੀਆਂ ਛੁੱਟੀਆਂ ਵਿੱਚ ਨਾਨਕੇ ਪਿੰਡ ਆਉਣਾ ਤਾਂ ਦੁਪਹਿਰ ਵੇਲੇ ਜਿੱਥੇ ਘਰ ਦੀਆਂ ਕੁੜੀਆਂ ਤੇ ਔਰਤਾਂ ਨੇ ਬਰਾਂਡੇ ਵਿੱਚ ਸੌਂ ਜਾਣਾ ਤੇ ਮੁੰਡਿਆਂ ਖੁੰਡਿਆਂ ਨੇ ਦੁਪਹਿਰਾ ਮੋਟਰ ਤੇ ਜਾ ਕੇ ਕਟਣਾ। ਲੋ ਤੋਂ ਬਚਣ ਲਈ ਪੱਗ ਗਿੱਲੀ ਕਰਕੇ ਉਪਰ ਲਏ ਲੈਣੀ । ਬੁਜ਼ੁਰਗ ਦੋਪਹਿਰਾ ਪਿੰਡ ਦੇ ਵਿਚਕਾਰ ਲਗੇ ਬੋਹੜ ਦੇ ਦਰੱਖਤ ਥੱਲੇ ਤਾਸ਼ ਖੇਡ ਕੇ ਟਪਾਉਂਦੇ। ਹੁਣ ਤਾਂ ਬਸ ਉਸ ਸਮੇਂ ਦੀਆਂ ਯਾਦਾਂ ਹੀ ਰਹਿ ਗਈਆਂ ਹਨ। ਹੁਣ ਜਦ ਵੀ ਨਾਨਕੇ ਜਾਈਦਾ ਤਾਂ ਨਾਂ ਓਹ ਬੋਹੜ ਦਿਸਦੇ ਨਾਂ ਮੋਟਰਾਂ ਤੇ ਲੱਗੇ ਅੰਬ ਜਿਨ੍ਹਾਂ ਨੂੰ ਪੱਥਰ ਮਾਰ ਮਾਰ ਤੋੜਦੇ। 1965-66 ਦਾ ਓਹ ਸਮਾਂ ਜਦ ਦੇਸ਼ ਵਿਚ ,ਖਾਸ ਤੌਰ ਤੇ ਪੰਜਾਬ ਵਿਚ ਕਣਕ ਦੀ ਪੈਦਾਵਾਰ ਵਧਾਉਣ ਹਿੱਤ ਹਰੀ ਕ੍ਰਾਂਤੀ ਦੇ ਨਾਂ ਹੇਠ ਮੈਕਸੀਕੋ ਤੋਂ ਨਵੇਂ ਕਿਸਮ ਦਾ ਬੀਜ ਮੰਗਾਂ ਕੇ ਫ਼ਸਲ ਬੀਜਣੀ ਸ਼ੁਰੂ ਕੀਤੀ । ਇਹ ਫ਼ਸਲ ਬਹੁਤ ਜਿਆਦਾ ਖਾਦ ਪਦਾਰਥ ਮੰਗਦੀ ਸੀ ਇਸ ਲਈ ਯੂਰੀਆ ਤੇ ਡੀ ਏ ਪੀ ਕਿਸਾਨਾਂ ਵਲੋ ਵਰਤਣੀ ਸ਼ੁਰੂ ਕੀਤੀ । ਕੋਈ ਸ਼ੱਕ ਨਹੀਂ ਕੇ ਫ਼ਸਲ ਦਾ ਉਤਪਾਦਨ ਵਧਿਆ। ਹੌਲੀ ਹੌਲੀ ਪੰਜਾਬ ਦੇ ਲੋਕਾਂ ਖਾਸ ਕਰਕੇ ਮਾਲਵੇ ਤੇ ਮਾਝੇ ਵਾਲਿਆਂ ਨੇ ਝੋਨਾ ਵੀ ਬੀਜਣਾ ਸ਼ੁਰੂ ਕੀਤਾ । ਝੋਨੇ ਲਈ ਪਾਣੀ ਦੀ ਲਾਗਤ ਬਹੁਤ ਜਿਆਦਾ ਸੀ ਪਰ ਉਹ ਸਮਾਂ ਸੀ ਜਦ ਪੰਜਾਬ ਵਿੱਚ ਰੁੱਖਾਂ ਦੀ ਕਮੀ ਨਹੀਂ ਸੀ ਤੇ ਮੌਨਸੂਨ ਵਿਚ ਬਰਸਾਤ ਵੀ ਚੰਗੀ ਭਲੀ ਹੋ ਜਾਂਦੀ ਸੀ। ਮਾਲਵੇ ਤੇ ਮਾਝੇ ਵੱਲ ਨਹਿਰੀ ਪਾਣੀ ਕਰਕੇ ਵੀ ਝੋਨਾ ਜਿਆਦਾ ਲਗਦਾ ਸੀ। ਪਰ ਝੋਨੇ ਦੀ ਫ਼ਸਲ ਪ੍ਰਾਪਤ ਕਰਨ ਲਈ ਕਦੀ ਨਦੀਨ ਤੇ ਕਦੀ ਉੱਲੀ ਦੇ ਨਾਮ ਤੇ ਖੇਤਾਂ ਵਿਚ ਜ਼ਹਿਰ ਸੁੱਟਿਆ ਜਾਣ ਲਗਿਆ । ਜ਼ਹਿਰ ਭਾਵੇਂ ਬੇਲੋੜੇ ਬੂਟਿਆਂ ਦਾ ਨਾਸ ਕਰਦਾ ਸੀ ਪਰ ਜਮੀਨ ਦੀ ਮਿੱਟੀ ਦੀ ਬਣਤਰ ਨੂੰ ਵੀ ਬਦਲਣ ਲਗਾ। ਸਮਾਂ ਆਪਣੀ ਚਾਲ ਚਲਦਾ ਰਿਹਾ। ਝੋਨੇ ਅਧੀਨ ਖੇਤਰ ਬਹੁਤ ਜਿਆਦਾ ਵੱਧ ਗਿਆ , ਦੋਆਬੇ ਦੇ ਲੋਕਾਂ ਨੇ ਵੀ ਦਾਲਾਂ, ਮੂੰਗਫਲੀ, ਸੂਰਜਮੁਖੀ ਵਰਗੀਆਂ ਫਸਲਾਂ ਛੱਡ ਕੇ ਝੋਨੇ ਵੱਲ ਨੂੰ ਮੂੰਹ ਮੋੜ ਲਿਆ । ਕਿਸਾਨਾਂ ਨੂੰ ਇਸ ਫ਼ਸਲ ਵੱਲ ਆਕਰਸ਼ਿਤ ਕਰਨ ਲਈ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ 'ਤੇ ਝੋਨਾ ਖਰੀਦਣ ਦੀ ਗਾਰੰਟੀ ਦਿੱਤੀ, ਜਿਸ ਨਾਲ ਝੋਨਾ ਪੰਜਾਬ ਦੀ ਮੁੱਖ ਵਪਾਰਕ ਫ਼ਸਲ ਬਣ ਗਿਆ। ਕਣਕ ਅਤੇ ਝੋਨਾ ਸਰਕਾਰ ਘਟੋ ਘਟ ਸਮਰਥਨ ਮੁੱਲ ਤੇ ਖਰੀਦ ਕਰ ਰਹੀ ਸੀ । ਕਿਸਾਨਾਂ ਨੂੰ ਇਹ ਦੋਨੋ ਫਸਲਾਂ ਜਿਆਦਾ ਸੁਰੱਖਿਅਤ ਲੱਗੀਆਂ। ਅੱਜ ਪੰਜਾਬ ਭਾਰਤ ਦਾ ਦੂਜਾ ਸਭ ਤੋਂ ਵੱਡਾ ਚੌਲ ਉਤਪਾਦਕ ਸੂਬਾ ਹੈ, ਜਿਸਨੂੰ ਭਾਰਤ ਦਾ 'ਅੰਨ ਦਾ ਕਟੋਰਾ' ਵੀ ਕਿਹਾ ਜਾਂਦਾ ਹੈ। ਲੋਕਾਂ ਦਾ ਜੀਵਨ ਸਤਰ ਵੀ ਸੁਧਰਨ ਲਗਾ ਤੇ ਇੱਛਾਵਾਂ ਵਧਣ ਲੱਗ ਪਈਆਂ । ਰਵਾਇਤੀ ਬਲਦਾਂ ਨਾਲ ਖੇਤੀ ਛੱਡ ਟਰੈਕਟਰ ਤਾਂ ਛੋਟੇ ਕਿਸਾਨਾਂ ਨੇ ਵੀ ਖਰੀਦਣੇ ਸ਼ੁਰੂ ਕਰ ਦਿੱਤੇ ਭਾਵੇਂ ਜਮੀਨ ਤੇ ਲਿਮਟਾਂ ਚੱਕ ਕੇ ਹੀ ਸਹੀ , ਤੇ ਸਰਦੇ ਪੁਜਦੇ ਜਿੰਮੀਦਾਰਾਂ ਨੇ ਕੰਬਾਈਨਾਂ ਵੀ ਖਰੀਦ ਲਈਆਂ । ਪੈਸਾ ਚੰਗਾ ਆਉਣ ਲੱਗਾ ਤਾਂ ਜਮੀਨ ਦੇ ਠੇਕੇ ਵੀ ਵਧਣ ਲੱਗ ਗਏ । ਮਾਲਵੇ ਵਿੱਚ ਖਾਸ ਕਰਕੇ ਕਿਸਾਨਾਂ ਨੇ ਚੜਕੇ ਠੇਕੇ ਲੈਣੇ ਸ਼ੁਰੂ ਕਰ ਦਿੱਤੇ ਤੇ ਸਾਰਾ ਠੇਕਾ ਏਡਵਾਂਸ ਦੇਣ ਦੇ ਚੱਕਰ ਵੀ ਜਾਂ ਤਾਂ ਆੜ੍ਹਤੀਆਂ ਤੋਂ ਪੈਸਾ ਫ਼ੜ ਲੈਂਦੇ ਜਾਂ ਫੇਰ ਆਪਣੀ ਜਮੀਨ ਤੇ ਲਿਮਟਾਂ ਬਣਾਉਣ ਲੱਗੇ।



ਠੇਕੇ ਵਧੀਆ ਮਿਲਣ ਕਾਰਨ ਕਈਆਂ ਨੇ ਆਪ ਖੇਤੀ ਛੱਡ ਜਮੀਨ ਠੇਕੇ ਤੇ ਦੇਣੀ ਸ਼ੁਰੂ ਕਰ ਦਿੱਤੀ। ਬਸ ਫੇਰ ਏਥੋਂ ਸ਼ੁਰੂ ਹੋਇਆ ਪੰਜਾਬ ਦੀ ਹਰਿਆਲੀ ਖਤਮ ਹੋਣ ਦਾ ਸਫ਼ਰ ਸ਼ੁਰੂ ਕਿਉਂਕਿ ਜਿਸ ਕਿਸਾਨ ਨੇ ਜਮੀਨ ਠੇਕੇ ਤੇ ਲਈ ਹੁੰਦੀ ਓਹ ਜਮੀਨ ਦਾ ਇੱਕ ਇੱਕ ਇੰਚ ਵੀ ਖਾਲੀ ਨਹੀਂ ਛਡਦਾ । ਫੇਰ ਬੰਨ੍ਹ?ਆ ਤੇ ਅਤੇ ਮੋਟਰਾਂ ਤੇ ਲੱਗੇ ਰੁੱਖ ਵੀ ਦੁੱਖ ਦੇਣ ਲਗੇ । ਇਹਨਾਂ ਰੁੱਖਾਂ ਕਾਰਨ ਸ਼ੋਰਾ ਪੈਂਦਾ ਕਹਿ ਕੇ ਇਹ ਰੁੱਖਾਂ ਦੀ ਕੁਰਬਾਨੀ ਦੇਣੀ ਸ਼ੁਰੂ ਕਰ ਦਿੱਤੀ । ਆਪ ਛਾਵੇਂ ਬੈਠ ਸਕਣ ਉਸਦੇ ਲਈ ਵੀ ਰੁੱਖ ਜਮੀਨਾਂ ਤੇ ਨਹੀਂ ਰਹਿਣ ਦਿੱਤੇ। ਉਧਰ ਪਹਿਲਾਂ ਘਰ ਵੀ ਬੜੇ ਖੁੱਲ੍ਹੇ ਡੁੱਲੇ ਹੁੰਦੇ ਸਨ ਤੇ ਹਰ ਘਰ ਵਿਚ 2 ਜਾ 3 ਰੁੱਖ ਜਰੂਰ ਹੁੰਦੇ। ਇਨ੍ਹਾਂ ਰੁੱਖਾਂ ਦੀ ਛਾਵੇਂ ਅਕਸਰ ਆਪਣੇ ਪਸ਼ੂ ਬਨ ਲਿਆ ਕਰਦੇ ਤੇ ਆਪ ਵੀ ਦੋਪਹਿਰ ਵੇਲੇ ਰੁੱਖ ਦੀ ਛਾਂ ਬੈਠ ਜਾਇਆ ਕਰਦੇ । ਅਕਸਰ ਇਹਨਾਂ ਰੁੱਖਾਂ ਉਪਰ ਤੋਰੀਆਂ, ਕੱਦੂ ਤੇ ਘੀਆ ਦੀ ਵੱਲਾਂ ਵੇਖਣ ਨੂੰ ਮਿਲਦੀਆਂ ਪਰ ਸਮੇਂ ਦੇ ਨਾਲ ਨਾਲ ਪਿੰਡਾਂ ਦਾ ਸ਼ਹਿਰੀਕਰਨ ਹੋਣ ਲਗਾ । ਕੱਚੇ ਕੋਠਿਆਂ ਦੀ ਜਗ?ਹਾ ਪੱਕੀਆਂ ਕੋਠਿਆਂ ਨੇ ਲੈ ਲਈ ਤੇ ਨਾਲ ਹੀ ਵੇਹੜੇ ਵਿਚ ਵੀ ਮਾਰਬਲ ਲੱਗਣਾ ਸ਼ੁਰੂ ਹੋ ਗਿਆ। ਨਵੀਆਂ ਵਿਆਹੀਆਂ ਨੂੰ ਰੁੱਖਾਂ ਤੋਂ ਡਿਗਦੇ ਪੱਤੇ ਚੰਗੇ ਨਾ ਲਗਦੇ ਤੇ ਬਸ ਫੇਰ ਇਹ ਰੁੱਖ ਵੀ ਓਹਨਾਂ ਦੀਆਂ ਖੁਸ਼ੀਆਂ ਲਈ ਕੁਰਬਾਨੀ ਦੇ ਗਏ । ਬੇਸ਼ਕ ਵੱਡੇ ਦਰੱਖਤਾਂ ਦੀ ਜਗ?ਹਾ ਸਜਾਵਟੀ ਫੁੱਲਾਂ ਵਾਲੇ ਛੋਟੇ ਪੌਧਿਆਂ ਵਾਲੇ ਗਮਲਿਆਂ ਨੇ ਲੈ ਲਈ ਪਰ ਇਹ ਛਾਂ ਨਾਂ ਦੇਂਦੇ । ਸ਼ਹਿਰਾਂ ਵਿੱਚ ਤਾਂ ਬਜਰੀ ਸੀਮੇਂਟ ਦੀਆਂ ਇਮਾਰਤਾਂ ਦੇ ਜੰਗਲ ਬਣ ਹੀ ਗਏ ਸਨ ਪਰ ਪਿੰਡ ਵੀ ਹੁਣ ਪਿੱਛੇ ਨਹੀਂ ਰਹੇ । ਸ਼ਹਿਰਾਂ ਵਿੱਚ ਰੁੱਖ ਘੱਟ ਜਾਂ ਨਾਂ ਹੋਣ ਕਰਕੇ ਤੇ ਉੱਚੀਆਂ ਇਮਾਰਤਾਂ ਹੋਣ ਕਰਕੇ ਗਰਮੀ ਵੱਧ ਲਗਦੀ ਤਾਂ ਲੋਕ ਏ ਸੀ ਲਗਾਉਣ ਲੱਗ ਪਏ ਪਰ ਪਿੰਡ ਤਾਂ ਸ਼ਹਿਰਾਂ ਨਾਲੋ ਵੀ ਅੱਗੇ ਨਿੱਕਲ ਗਏ ਤੇ ਹੁਣ ਘਰ ਘਰ ਏ ਸੀ ਨਜ਼ਰ ਆਉਣ ਲੱਗ ਪਏ। ਏ ਸੀ ਬੇਸ਼ਕ ਕਮਰਾ ਠੰਡਾ ਕਰ ਦੇਂਦਾ ਹੈ ਪਰ ਬਾਹਰ ਸੁੱਟੀ ਜਾਂਦੀ ਗਰਮ ਹਵਾ ਵਾਤਾਵਰਨ ਦੇ ਤਾਪਮਾਨ ਵਿਚ ਵਾਧਾ ਕਰ ਰਹੀ ਹੈ। ਰੁੱਖ ਨਾਂ ਹੋਣ ਕਾਰਨ ਵਾਤਾਵਰਨ ਵਿਚ ਕਾਰਬਨਡੀਆਕਸਾਈਡ ਦੀ ਮਾਤਰਾ ਵਧਣ ਕਾਰਨ ਗਰੀਨ ਹਾਊਸ ਪ੍ਰਭਾਵ ਵੇਖਣ ਨੂੰ ਮਿਲਣ ਲੱਗਾ ਤੇ ਵਾਤਾਵਰਨ ਦਾ ਤਾਪਮਾਨ ਵਧਣ ਲੱਗ ਗਿਆ। ਪੰਜਾਬ ਜੋ ਕਦੀ ਨਾਲ ਲਗਦੇ ਰਾਜ ਰਾਜਸਥਾਨ , ਗੁਜਰਾਤ , ਹਰਿਆਣਾ ਨਾਲੋ ਠੰਡਾ ਮੰਨਿਆਂ ਜਾਂਦਾ ਸੀ ਅੱਜ ਗਰਮੀ ਵਿੱਚ ਰਾਜਸਥਾਨ ਨੂੰ ਵੀ ਮਾਤ ਪਾ ਰਿਹਾ ਹੈ। ਅਪ੍ਰੈਲ ਤੋਂ ਜੂਨ ਤੱਕ ਤਾਪਮਾਨ ਬਹੁਤ ਜਿਆਦਾ ਹੋਣ ਲੱਗ ਗਿਆ ਹੈ। ਜੁਲਾਈ ਤੋਂ ਅਕਤੂਬਰ ਤੱਕ ਦੀ ਗਰਮੀ ਬੇਹੱਦ ਹੁੰਮਸ ਭਰੀ ਹੁੰਦੀ ਹੈ। ਜੇਕਰ ਧਰਤੀ ਦੀ ਗੱਲ ਕਰੀਏ ਤਾਂ ਜਮੀਨੀ ਪਾਣੀ ਦਾ ਪੱਧਰ ਬਹੁਤ ਹੇਠਾਂ ਜਾ ਚੁੱਕਾ ਹੈ ਜੇਕਰ ਝੋਨਾ ਲਗਾਉਣਾ ਬੰਦ ਨਾ ਕੀਤਾ ਤਾਂ ਇਹ ਸਥਿਤੀ ਹੋਰ ਵਿਗੜੇਗੀ।

ਕੈਮੀਕਲ ਵਾਲੀਆਂ ਖਾਦਾਂ ਕਾਰਨ ਮਿੱਟੀ ਦੀ ਬਣਤਰ ਖਰਾਬ ਹੋਣ ਕਾਰਨ ਧਰਤੀ ਦਾ ਬਹੁਤ ਵੱਡਾ ਹਿੱਸਾ ਬੰਜਰ ਹੋ ਜਾਵੇਗਾ । ਪੰਜਾਬ ਵਿੱਚ ਵਿਛ ਰਿਹਾ ਸੜਕਾਂ ਦਾ ਜਾਲ ਜਿੱਥੇ ਕੀਤੇ ਰੁੱਖ ਬਚੇ ਵੀ ਹਨ ਓਹਨਾਂ ਨੂੰ ਤਰੱਕੀ ਦੇ ਨਾਮ ਤੇ ਖਤਮ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਕਿਸੇ ਵੇਲੇ ਹੋਸ਼ਿਆਰਪੁਰ ਤੋਂ ਚਿੰਤਪੁਰਨੀ ਦਾ ਇਲਾਕਾ ਸੰਘਣੇ ਜੰਗਲਾਂ ਵਾਲਾ ਇਲਾਕਾ ਮੰਨਿਆ ਜਾਂਦਾ ਸੀ ਪਰ ਅੱਜ ਹਾਲਾਤ ਉਥੇ ਵੀ ਬਹੁਤੇ ਵਧੀਆ ਨਹੀ। ਸੜਕ ਦੇ ਨਾਲ ਲਗਦੇ ਪਹਾੜੀ ਖੇਤਰ ਵਿਚੋਂ ਕੀਮਤੀ ਰੁੱਖਾਂ ਦੀ ਕਟਾਈ ਨੇ ਪਹਾੜ ਖੁਰਨ ਤੇ ਲਗਾ ਦਿੱਤੇ। ਹਰ ਬਾਰ ਗਰਮੀਆਂ ਵਿੱਚ ਹੋਸ਼ਿਆਰਪੁਰ ਨੇੜੇ ਜੰਗਲਾਂ ਵਿੱਚ ਲਗਦੀ (ਜਾਂ ਲਗਾਈ ਜਾਂਦੀ ) ਅੱਗ ਹਰੇ ਭਰੇ ਇਲਾਕੇ ਨੂੰ ਰੁੱਖ ਵਿਹੀਣ ਬਣਾ ਰਹੀ । ਜੰਗਲਾਤ ਵਿਭਾਗ ਸਿਰਫ ਕਾਗਜਾਂ ਵਿੱਚ ਹਰ ਸਾਲ ਲੱਖਾਂ ਰੁੱਖ ਲਗਾ ਕੇ ਖਾਣਾ ਪੂਰਤੀ ਕਰ ਰਿਹਾ । ਉਪਰੋਂ ਹੋ ਰਹੀ ਰੇਤਾ ਬਜਰੀ ਦੀ ਨਾਜਾਇਜ਼ ਮਾਈਨਿੰਗ ਨੇ ਸਥਿਤੀ ਨੂੰ ਹੋਰ ਵੀ ਜ਼ਿਆਦਾ ਵਿਗਾੜ ਦਿੱਤਾ ਹੈ। ਪੰਜਾਬ ਦੇ ਜੰਗਲਾਂ ਦਾ ਓਹ ਹਿੱਸਾ ਜਿੱਥੇ ਪੰਜਾਬ ਲੈਂਡ ਪ੍ਰੇਸਰਵੇਸ਼ਨ ਸੁੱਰਖਿਆ ਐਕਟ ਲਾਗੂ ਹੈ ਦੀ ਜਮੀਨਾਂ ਪੰਜਾਬ ਤੇ ਸਰਹੱਦੀ ਸੂਬਿਆਂ ਦੇ ਲੀਡਰਾਂ ਤੇ ਵੱਡੇ ਅਫਸਰਾਂ ਨੇ ਫਾਰਮ ਹਾਊਸ ਬਣਾਉਣ ਖਾਤਿਰ ਖਰੀਦ ਲਈਆਂ ਹਨ ਅਤੇ ਉਥੋਂ ਦੇ ਬਹੁਕੀਮਤੀ ਰੁੱਖਾਂ ਅਤੇ ਜੜੀ ਬੂਟਿਆਂ ਦੇ ਖ਼ਜ਼ਾਨੇ ਨੂੰ ਨਸ਼ਟ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਜੰਗਲਾਂ ਵਿੱਚ ਵੀ ਰੁੱਖਾਂ ਦੀ ਜਗ੍ਹਾ ਕੰਕਰੀਟ ਦੀਆਂ ਬਣੀਆਂ ਇਮਾਰਤਾਂ ਨਜ਼ਰ ਆਉਣ ਲੱਗ ਪਈਆਂ ਹਨ। ਪੰਜਾਬ ਕਦੀ ਪਸ਼ੂਧਨ ਰੱਖਣ ਲਈ ਦੇਸ਼ ਦੇ ਮੋਹਰੀ ਸੂਬਿਆਂ ਵਿਚ ਸੀ ਅਤੇ ਪਸ਼ੂਧਨ ਦੀ ਰਹਿੰਦ ਖੂੰਦ ਖੇਤਾਂ ਵਿਚ ਖਾਦ ਦੇ ਰੂਪ ਵਿਚ ਇਸਤੇਮਾਲ ਹੁੰਦੀ ਸੀ ਤੇ ਇਹ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਣਾਈ ਰੱਖਦੀ ਸੀ। ਪਰ ਹੁਣ ਪੰਜਾਬੀ ਪਿੰਡਾਂ ਦੇ ਲੋਗ ਵੀ ਸ਼ਹਿਰਾਂ ਵਾਂਗ ਅਮੁੱਲ ਤੇ ਵੇਰਕਾ ਦਾ ਪੈਕਟ ਵਾਲਾ ਦੁੱਧ ਖਰੀਦਣ ਲੱਗ ਪਏ ਹਨ । ਪਸ਼ੂਧਨ ਪਿੰਡਾਂ ਵਿਚੋਂ ਵੀ ਗਾਇਬ ਹੋ ਰਿਹਾ ਹੈ। ਇਸਦਾ ਸਿੱਧਾ ਅਸਰ ਮਿੱਟੀ ਦੀ ਉਪਜਾਊ ਸ਼ਕਤੀ ਤੇ ਪਿਆ ਹੈ। ਵਰਤਮਾਨ ਹਾਲਾਤ ਜਿਸ ਵਿਚ ਰਸਾਇਣਿਕ ਖਾਦਾਂ ਦੀ ਬੇਲੋੜੀ ਵਰਤੋਂ, ਕੀਟਨਾਸ਼ਕਾਂ ਦੀ ਵਰਤੋਂ ਤੇ ਜੈਵਿਕ ਪਦਾਰਥਾਂ ਦੀ ਘਾਟ ਅਤੇ ਸਭ ਤੋਂ ਵੱਡੀ ਗੱਲ ਰੁੱਖਾਂ ਦੀ ਅੰਨੇਵਾਹ ਕਟਾਈ ਤੇ ਜਮੀਨ ਵਿੱਚੋ ਖਤਮ ਕੀਤਾ ਜਾ ਰਿਹਾ ਪਾਣੀ ਜਲਦੀ ਹੀ ਪੰਜਾਬ ਨੂੰ ਰੇਗਿਸਤਾਨ ਬਣਾਉਣ ਜਾ ਰਿਹਾ ਹੈ। ਲੋੜ ਹੈ ਸਰਕਾਰਾਂ ਦੇ ਨਾਲ ਨਾਲ ਆਮ ਕਿਸਾਨ ਵੀਰਾਂ ਨੂੰ ਇਸ ਵੱਲ ਧਿਆਨ ਦੇਣ ਦੀ ਨਹੀਂ ਤਾਂ ਜਿਹੜੀਆਂ ਜਮੀਨਾਂ ਦੇ ਭਾਅ ਅੱਜ ਲੱਖਾਂ ਵਿੱਚ ਹਨ ਓਹਨਾਂ ਨੂੰ ਕੱਲ ਨੂੰ ਕੋਈ ਕੌਡੀਆਂ ਦੇ ਭਾਅ ਵੀ ਨਹੀਂ ਪੁੱਛੇਗਾ ।

**ਡਾ. ਸੁਖਰਾਜ ਸਿੰਘ ਬਾਜਵਾ**
**ਸੰਪਰਕ : 7888684597**

# ਏਆਈ ਦਾ ਕਬਾਇਲੀ ਭਾਸ਼ਾਵਾਂ ਵਿੱਚ ਸੰਵਾਦ: ਸਮਾਵੇਸ਼ੀ ਵਿਕਾਸ ਦਾ ਪ੍ਰਤੀਕ

ਜ਼ਿਕਰ ਪੰਜਾਬ

ਸਾਡੇ ਦੇਸ਼ ਭਰ ਵਿੱਚ ਫੈਲੇ ਜੰਗਲਾਂ, ਪਹਾੜੀਆਂ ਅਤੇ ਦੂਰ-ਦੁਰਾਡੇ ਦੀਆਂ ਬਸਤੀਆਂ ਵਿੱਚ, ਇੱਕ ਸ਼ਾਂਤ ਪਰ ਸਫ਼ਲ ਬਦਲਾਅ ਚੱਲ ਰਿਹਾ ਹੈ। ਕਬਾਇਲੀ ਭਾਈਚਾਰੇ ਲੰਬੇ ਸਮੇਂ ਤੋਂ ਭਾਰਤ ਦੀ ਵਿਕਾਸ ਗਾਥਾ ਦੇ ਕੇਂਦਰ ਵਿੱਚ ਆਪਣੇ ਯੋਗ ਸਥਾਨ ਦੀ ਉਡੀਕ ਕਰ ਰਹੇ ਸਨ। ਅੱਜ ਉਹ ਰਾਸ਼ਟਰ ਦੀ ਤਰੱਕੀ ਦੇ ਸਰਗਰਮ ਨਿਰਮਾਤਾ ਵਜੋਂ ਉੱਭਰ ਰਹੇ ਹਨ। ਜਨਜਾਤੀਯ ਗਰਿਮਾ ਉਤਸਵ ਦੀ ਇਹੀ ਭਾਵਨਾ ਹੈ: ਵਿਕਸਿਤ ਭਾਰਤ ਦੀ ਯਾਤਰਾ ਦਾ ਇੱਕ ਰਾਸ਼ਟਰੀ ਉਤਸਵ, ਜਿੱਥੇ ਤਰੱਕੀ ਭੂਗੋਲ ਜਾਂ ਸਥਿਤੀ ਦਾ ਖ਼ਾਸ ਅਧਿਕਾਰ ਨਹੀਂ ਹੈ, ਸਗੋਂ ਹਰੇਕ ਨਾਗਰਿਕ ਦਾ ਬਰਾਬਰ ਅਧਿਕਾਰ ਹੈ।

**ਉਮੰਗ ਦਾ ਪੈਮਾਨਾ**


ਇਹ ਸਮਝਣ ਦੇ ਲਈ ਕਿ ਤਕਨਾਲੋਜੀ ਕਬਾਇਲੀ ਵਿਕਾਸ ਦੇ ਲਈ ਕਿਉਂ ਲਾਜ਼ਮੀ ਹੋ ਗਈ ਹੈ, ਕਿਸੇ ਨੂੰ ਪਹਿਲਾਂ ਚੁਣੌਤੀ ਦੀ ਵਿਆਪਕਤਾ ਨੂੰ ਸਮਝਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਜਨਜਾਤੀਯ ਆਦਿਵਾਸੀ ਨਿਆਏ ਮਹਾਅਭਿਆਨ (ਪੀਐੱਮ-ਜਨਮਨ), ਧਰਤੀ ਆਬਾ ਜਨਜਾਤੀਯ ਗ੍ਰਾਮ ਉਤਕਰਸ਼ ਅਭਿਆਨ (ਡੀਏਜੇਜੀਯੂਏ), ਰਾਸ਼ਟਰੀ ਸਿਕਲ ਸੈੱਲ ਅਨੀਮੀਆ ਖਾਤਮਾ ਮਿਸ਼ਨ ਅਤੇ ਸਬੰਧਿਤ ਪਹਿਲਕਦਮੀਆਂ ਵਿੱਚ 549 ਜ਼ਿਲ੍ਹਿਆਂ ਅਤੇ 30 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 2,911 ਬਲਾਕਾਂ ਦੇ 63,000 ਤੋਂ ਵੱਧ ਪਿੰਡਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ 5.5 ਕਰੋੜ ਤੋਂ ਵੱਧ ਆਦਿਵਾਸੀ ਨਾਗਰਿਕ ਲਾਭਵੰਦ ਹੋਏ ਹਨ। ਖ਼ਾਸ ਤੌਰ 'ਤੇ ਕਮਜ਼ੋਰ ਕਬਾਇਲੀ ਸਮੂਹਾਂ (ਪੀਵੀਟੀਜੀ) 'ਤੇ ਖ਼ਾਸ ਧਿਆਨ ਦੇਣ ਦੇ ਨਾਲ, ਇਨ੍ਹਾਂ ਯਤਨਾਂ ਦਾ ਉਦੇਸ਼ ਰਿਹਾਇਸ਼, ਪੀਣ ਵਾਲਾ ਪਾਣੀ, ਸਵੱਛਤਾ, ਸਿੱਖਿਆ, ਸਿਹਤ ਸੰਭਾਲ, ਕਨੈਕਟੀਵਿਟੀ ਅਤੇ ਰੋਜ਼ੀ-ਰੋਟੀ ਵਰਗੀਆਂ ਜ਼ਰੂਰੀ ਸੇਵਾਵਾਂ ਦਾ ਮੁਕੰਮਲ ਕਵਰੇਜ ਯਕੀਨੀ ਬਣਾਉਣਾ ਹੈ। ਇਸ ਤਰ੍ਹਾਂ ਦੇ ਵੱਖ-ਵੱਖ ਅਤੇ ਵਿਸਤ੍ਰਿਤ ਇਲਾਕੇ ਵਿੱਚ ਹਰ ਪਰਿਵਾਰ ਤੱਕ ਪਹੁੰਚਣ ਦੇ ਲਈ ਅਜਿਹੀ ਪ੍ਰਣਾਲੀ ਦੀ ਜ਼ਰੂਰਤ ਹੁੰਦੀ ਹੈ ਜੋ ਡੇਟਾ-ਅਧਾਰਿਤ, ਕਨੈਕਟਡ ਅਤੇ ਜਵਾਬਦੇਹ ਹੋਵੇ ਅਤੇ ਇਹੀ ਅਸੀਂ ਤਿਆਰ ਕਰ ਰਹੇ ਹਾਂ। ਇਸ ਸਾਲ ਜਨਜਾਤੀਯ ਗਰਿਮਾ ਉਤਸਵ ਦਾ ਆਯੋਜਨ ਲਗਭਗ ਚਾਰ ਵਿਸ਼ਾ-ਅਧਾਰਿਤ ਹਫ਼ਤਿਆਂ ਦੇ ਆਲੇ-ਦੁਆਲੇ ਕੀਤਾ ਜਾ ਰਿਹਾ ਹੈ, ਜੋ ਇਕੱਠੇ ਕਬਾਇਲੀ ਵਿਕਾਸ ਦੇ ਪੂਰੇ ਪਸਾਰ ਨੂੰ ਦਰਸਾਉਂਦੇ ਹਨ। ਉਦਘਾਟਨ ਦਾ ਵਿਸ਼ਾ, ਵਿਕਾਸ ਦੇ ਇੱਕ ਵਾਹਕ ਵਜੋਂ ਤਕਨਾਲੋਜੀ, ਇਸ ਗੱਲ ਨੂੰ ਦਰਸਾਉਂਦਾ ਹੈ ਕਿ ਕਿਵੇਂ ਡਿਜੀਟਲ ਸਿਸਟਮ, ਵਿਗਿਆਨ ਅਤੇ ਨਵੀਨਤਾ ਭਾਰਤ ਦੇ ਕੁਝ ਦੂਰ-ਦੁਰਾਡੇ ਦੇ ਭਾਈਚਾਰਿਆਂ ਤੱਕ ਸ਼ਾਸਨ ਅਤੇ ਮੌਕਿਆਂ ਦਾ ਵਿਸਤਾਰ ਕਰਨ ਵਿੱਚ ਮਦਦ ਕਰ ਰਹੇ ਹਨ। ਇਸ ਪਹੁੰਚ ਦੇ ਕੇਂਦਰ ਵਿੱਚ ਇੱਕ ਸਰਲ ਸਿਧਾਂਤ ਸ਼ਾਮਲ ਹੈ: ਕਬਾਇਲੀ ਭਾਸ਼ਾਵਾਂ, ਸਭਿਆਚਾਰਾਂ, ਵਿਰਾਸਤ ਅਤੇ ਰਵਾਇਤੀ ਗਿਆਨ ਪ੍ਰਣਾਲੀਆਂ ਦਾ ਪੂਰਾ ਸਤਿਕਾਰ ਕਰਦੇ ਹੋਏ ਵਿਕਾਸ ਆਖਰੀ ਅੰਤਿਮ ਵਿਅਕਤੀ ਤੱਕ ਪਹੁੰਚਣਾ ਚਾਹੀਦਾ ਹੈ।

**ਤਕਨਾਲੋਜੀ ਵੱਲੋਂ ਕਬਾਇਲੀ ਮਾਣ ਨੂੰ ਹੁਲਾਰਾ**

ਉਦੇਸ਼ ਨਾਲ ਨਿਰਦੇਸ਼ਿਤ ਹੋਣ 'ਤੇ ਤਕਨਾਲੋਜੀ ਕੀ ਹਾਸਲ ਕਰ ਸਕਦੀ ਹੈ, ਇਸ ਦੀ ਸਭ ਤੋਂ ਉੱਤਮ ਉਦਾਹਰਣ ਬਿਰਸਾ 101 ਹੈ, ਯਾਨੀ ਸਿਕਲ ਸੈੱਲ ਰੋਗ ਦੇ ਲਈ ਭਾਰਤ ਦੀ ਪਹਿਲੀ ਸਵਦੇਸ਼ੀ ਸੀ ਆਰ ਆਈ ਐੱਸ ਪੀ ਆਰ ਅਧਾਰਿਤ ਜੀਨ ਥੈਰੇਪੀ ਹੈ।। ਸਿਕਲ ਸੈੱਲ ਰੋਗ ਲੰਬੇ ਸਮੇਂ ਤੋਂ ਕਬਾਇਲੀ ਆਬਾਦੀ ਦੇ ਲਈ ਸਿਹਤ ਦੀ ਇੱਕ ਵੱਡੀ ਚੁਣੌਤੀ ਪੇਸ਼ ਕਰ ਰਿਹਾ ਹੈ ਅਤੇ ਭਾਰਤ ਹੁਣ ਸਮਾਨਤਾ ਤੇ ਪਹੁੰਚ ਵਿੱਚ ਸ਼ਾਮਲ ਉੱਨਤ ਵਿਗਿਆਨ ਦੇ ਨਾਲ ਉਸ ਚੁਣੌਤੀ ਦਾ ਜਵਾਬ ਦੇ ਰਿਹਾ ਹੈ। ਕਬਾਇਲੀ ਮਾਮਲਿਆਂ ਦੇ ਮੰਤਰਾਲੇ ਨੇ ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ (ਸੀ ਐੱਸ ਆਈ ਆਰ), ਸੀ ਐੱਸ ਆਈ ਆਰ-ਇੰਸਟੀਚਿਊਟ ਆਫ਼ ਜੀਨੋਮਿਕਸ ਐਂਡ ਇੰਟੀਗ੍ਰੇਟਿਵ ਬਾਇਓਲੋਜੀ (ਆਈਜੀਆਈਬੀ) ਅਤੇ ਸੀਰਮ ਇੰਸਟੀਚਿਊਟ ਆਫ਼ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਸਹਿਯੋਗ ਨਾਲ ਖੋਜ, ਕਲੀਨਿਕਲ ਟ?ਰਾਇਲ ਬੁਨਿਆਦੀ ਢਾਂਚੇ ਅਤੇ ਤਕਨਾਲੋਜੀ ਤਬਾਦਲੇ ਦਾ ਸਮਰਥਨ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ। ਸੀਐੱਸਆਈਆਰ-ਆਈਜੀਆਈਬੀ ਵਿੱਚ ਹਾਲ ਹੀ ਵਿੱਚ ਹੋਏ ਇੱਕ ਸੈਮੀਨਾਰ ਵਿੱਚ ਵਿਗਿਆਨੀਆਂ, ਨੀਤੀ ਨਿਰਮਾਤਾਵਾਂ ਅਤੇ ਸਿਕਲ ਸੈੱਲ ਯੋਧਿਆਂ ਨੂੰ ਇਕੱਠੇ ਲਿਆਂਦਾ ਗਿਆ, ਜੋ ਵਿਗਿਆਨਕ ਤਰੱਕੀ ਅਤੇ ਯਤਨਾਂ ਦੇ ਪਿੱਛੇ ਦੀ ਮਨੁੱਖੀ ਜ਼ਰੂਰਤ ਦੋਵਾਂ ਨੂੰ ਦਰਸਾਉਂਦਾ ਹੈ। ਸਾਂਝਾ ਟੀਚਾ ਸਪੱਸ਼ਟ ਹੈ: ਇੱਕ ਕਿਫ਼ਾਇਤੀ, ਇੱਕ ਵਾਰ ਕੀਤੇ ਜਾਣ ਵਾਲਾ ਇਲਾਜ ਵਿਕਸਿਤ ਕਰਨਾ ਜੋ ਜ਼ਰੂਰਤਮੰਦ ਹਰ ਕਬਾਇਲੀ ਪਰਿਵਾਰ ਤੱਕ ਪਹੁੰਚ ਸਕੇ। ਬਿਰਸਾ 101 ਸਿਰਫ਼ ਮੈਡੀਕਲ ਦੇ ਖੇਤਰ ਵਿੱਚ ਇੱਕ ਵੱਡੀ ਪ੍ਰਾਪਤੀ ਤੋਂ ਵੀ ਕਿਤੇ ਵੱਧ ਹੈ। ਇਹ ਇੱਕ ਐਲਾਨ ਹੈ ਕਿ ਭਾਰਤ ਦਾ ਸਭ ਤੋਂ ਉੱਨਤ ਵਿਗਿਆਨ ਆਪਣੇ ਸਭ ਤੋਂ ਹੱਕਦਾਰ ਭਾਈਚਾਰਿਆਂ ਦੀ ਸੇਵਾ ਕਰੇਗਾ। ਇਹ ਦ੍ਰਿੜ੍ਹ ਵਿਸ਼ਵਾਸ ਇੱਕ ਪਹਿਲਕਦਮੀ ਤੋਂ ਕਿਤੇ ਵੱਧ ਡੂੰਘਾ ਹੈ। ਟ?ਰੈਡੀਸ਼ਨਲ ਨਾਲੇਜ ਡਿਜੀਟਲ ਲਾਇਬ੍ਰੇਰੀ (ਟੀ.ਕੇ.ਡੀ.ਐੱਲ.) ਅਤੇ ਆਯੁਰਜੀਨੋਮਿਕਸ ਵਰਗੇ ਯਤਨ ਦਰਸਾਉਂਦੇ ਹਨ ਕਿ ਕਿਵੇਂ ਆਧੁਨਿਕ




ਤਕਨੀਕ ਆਦਿਵਾਸੀ ਭਾਈਚਾਰਿਆਂ ਵੱਲੋਂ ਲੰਬੇ ਸਮੇਂ ਤੋਂ ਸੰਭਾਲੇ ਗਏ ਅਮੀਰ ਔਸ਼ਧੀ ਅਤੇ ਵਾਤਾਵਰਨਿਕ ਗਿਆਨ ਦੇ ਦਸਤਾਵੇਜ਼ੀਕਰਨ, ਪ੍ਰਮਾਣਿਕਤਾ ਅਤੇ ਸੰਭਾਲ ਵਿੱਚ ਮਦਦ ਕਰ ਸਕਦੀ ਹੈ। ਸਮਾਵੇਸ਼ ਦੀ ਇਹੀ ਭਾਵਨਾ ਇਸ ਗੱਲ ਨੂੰ ਆਕਾਰ ਦੇ ਰਹੀ ਹੈ ਕਿ ਕਿਵੇਂ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਕਬਾਇਲੀ ਵਿਕਾਸ ਦੇ ਨਾਲ ਜੋੜਿਆ ਜਾ ਰਿਹਾ ਹੈ। 'ਇੰਡੀਆ ਏਆਈ ਇੰਪੈਕਟ ਸਮਿਟ 2026' ਵਿੱਚ, ਮੰਤਰਾਲੇ ਨੇ ਇੱਕ ਸਰਲ ਪਰ ਦ੍ਰਿੜ੍ਹ ਵਿਸ਼ਵਾਸ 'ਤੇ ਅਧਾਰਿਤ ਏਆਈ-ਸਮਰੱਥ ਪਲੈਟਫਾਰਮਾਂ ਦੀ ਲੜੀ ਪੇਸ਼ ਕੀਤੀ, ਜਿਸ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਭਾਸ਼ਾ ਕੋਈ ਰੁਕਾਵਟ ਨਹੀਂ ਹੈ ਜਿਸ ਨੂੰ ਦੂਰ ਕੀਤਾ ਜਾਣਾ ਹੈ, ਸਗੋਂ ਇੱਕ ਪਛਾਣ ਹੈ ਜਿਸ ਦਾ ਉਤਸਵ ਮਨਾਇਆ ਜਾਣਾ ਚਾਹੀਦਾ ਹੈ। ਆਦਿ ਵਾਣੀ, ਕਬਾਇਲੀ ਭਾਸ਼ਾਵਾਂ ਦੇ ਲਈ ਇੱਕ ਏਆਈ-ਸੰਚਾਲਿਤ ਅਨੁਵਾਦਕ ਹੈ, ਜੋ ਲਿਖਤ ਤੋਂ ਲਿਖਤ ਅਤੇ ਲਿਖਤ ਤੋਂ ਬੋਲੀ ਅਨੁਵਾਦ, ਓਸੀਆਰ ਅਤੇ ਕਬਾਇਲੀ ਭਾਸ਼ਾਵਾਂ ਵਿੱਚ ਸਰਕਾਰੀ ਯੋਜਨਾਵਾਂ ਦੀ ਜਾਣਕਾਰੀ ਪਹੁੰਚਾਉਣ ਦਾ ਸਮਰਥਨ ਕਰਦਾ ਹੈ, ਜਿਸ ਨਾਲ ਨਾਗਰਿਕਾਂ ਨੂੰ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਜਨਤਕ ਸੇਵਾਵਾਂ ਨਾਲ ਜੁੜਨ ਦੇ ਸਮਰੱਥ ਬਣਾਇਆ ਜਾਂਦਾ ਹੈ। 'ਟ?ਰਾਈਬੌਟ' ਇੱਕ ਬਹੁ-ਭਾਸ਼ਾਈ ਸੰਵਾਦਾਤਮਕ ਏਆਈ ਸਹਾਇਕ ਹੈ, ਜੋ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਨਾਗਰਿਕਾਂ ਨੂੰ ਤੁਰੰਤ ਮਾਰਗ-ਦਰਸ਼ਨ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਵਿੱਚ ਸਹਾਇਤਾ ਪ੍ਰਦਾਨ ਕਰਕੇ ਇਸ ਯਤਨ ਨੂੰ ਹੋਰ ਮਜ਼ਬੂਤ ਕਰਦਾ ਹੈ। ਭਗਵਾਨ ਬਿਰਸਾ ਮੁੰਡਾ ਸੈੱਲ ਅਤੇ ਆਈਆਈਟੀ ਦਿੱਲੀ ਦੇ ਨਾਲ ਆਯੋਜਿਤ ਇੱਕ ਰਾਸ਼ਟਰੀ ਸੈਮੀਨਾਰ ਦੌਰਾਨ ਵੀ ਇਨ੍ਹਾਂ ਯਤਨਾਂ 'ਤੇ ਚਰਚਾ ਕੀਤੀ ਗਈ, ਜੋ ਕਬਾਇਲੀ ਭਾਸ਼ਾਵਾਂ ਦੇ ਲੰਬੇ ਸਮੇਂ ਦੇ ਸੰਭਾਲ ਅਤੇ ਮਜ਼ਬੂਤੀ ਸਮੇਤ ਏਆਈ ਦੇ ਸਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਅਤੇ ਭਾਈਚਾਰੇ-ਕੇਂਦਰਿਤ ਉਪਯੋਗ 'ਤੇ ਕੇਂਦ੍ਰਿਤ ਸੀ। ਤਕਨਾਲੋਜੀ ਸਭਿਆਚਾਰਕ ਪ੍ਰਗਟਾਵੇ ਅਤੇ ਆਰਥਿਕ ਸਸ਼ਕਤੀਕਰਨ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਵੀ ਬਣ ਰਹੀ ਹੈ। ਆਉਣ ਵਾਲੇ 'ਟ੍ਰਾਈਬਐਕਸ' ਪਲੈਟਫਾਰਮ ਦਾ ਉਦੇਸ਼ ਕਬਾਇਲੀ ਕਲਾਵਾਂ, ਭਾਸ਼ਾਵਾਂ, ਰਵਾਇਤੀ ਗਿਆਨ, ਸੰਗੀਤ, ਸ਼ਿਲਪਕਾਰੀ ਅਤੇ ਸੱਭਿਆਚਾਰਕ ਤਜ਼ਰਬਿਆਂ ਨੂੰ ਉਤਸ਼ਾਹਿਤ ਕਰਨ ਦੇ ਲਈ ਇੱਕ ਡਿਜੀਟਲ ਈਕੋਸਿਸਟਮ ਬਣਾਉਣਾ ਹੈ। ਇਸ ਯਤਨ ਨੂੰ ਪੂਰਾ ਕਰਦੇ ਹੋਏ, ਕਬਾਇਲੀ ਭਾਰਤ ਦਾ ਪ੍ਰਸਤਾਵਿਤ 'ਜੀਆਈ ਸੰਭਾਵਿਤ ਕਲਾ ਅਤੇ ਸ਼ਿਲਪ ਐਟਲਸ ਭੂਗੋਲਿਕ ਸੰਕੇਤ ਸਮਰੱਥਾ ਦੇ ਨਾਲ ਕਬਾਇਲੀ ਹਸਤਸ਼ਿਲਪ, ਜੰਗਲ ਦੇ ਉਤਪਾਦਾਂ ਅਤੇ ਰਵਾਇਤੀ ਕਲਾ ਰੂਪਾਂ ਦਾ ਡਿਜੀਟਲ ਰੂਪ ਵਿੱਚ ਨਕਸ਼ਾ ਤਿਆਰ ਕਰੇਗਾ, ਜਿਸ ਨਾਲ ਬ੍ਰਾਂਡਿੰਗ, ਬਾਜ਼ਾਰ ਤੱਕ ਪਹੁੰਚ ਅਤੇ ਕਬਾਇਲੀ ਬੌਧਿਕ ਵਿਰਾਸਤ ਦੀ ਪਛਾਣ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ। ਪਾਇਲਟ ਅਧਾਰ 'ਤੇ ਪੰਜ ਰਾਜਾਂ ਦੇ ਕਬਾਇਲੀ ਖੋਜ ਸੰਸਥਾਵਾਂ ਵਿੱਚ 'ਇਨੋਵੇਸ਼ਨ ਹੱਬ' ਦੀ ਯੋਜਨਾ ਬਣਾਈ ਗਈ ਹੈ, ਜੋ ਨਵੀਨਤਾ ਦੀ ਅਗਵਾਈ ਵਾਲੇ ਕਬਾਇਲੀ ਉੱਦਮੀਆਂ ਅਤੇ ਸਟਾਰਟਅੱਪਸ ਦੇ ਲਈ ਡਿਜ਼ਾਈਨ ਅਤੇ ਉਤਪਾਦ ਵਿਕਾਸ ਸਹਾਇਤਾ, ਜੀਆਈਐੱਸ-ਅਧਾਰਿਤ ਯੋਜਨਾ ਡੈਸ਼ਬੋਰਡ ਅਤੇ ਇਨਕਿਊਬੇਸ਼ਨ ਇਨਫ੍ਰਾਸਟ੍ਰਕਚਰ ਨੂੰ ਜੋੜ ਕੇ ਹੋਰ ਅੱਗੇ ਵਧਣਗੇ। ਤਕਨਾਲੋਜੀ ਕਬਾਇਲੀ ਭਾਈਚਾਰਿਆਂ ਤੱਕ ਸ਼ਾਸਨ ਦੇ ਤਰੀਕੇ ਨੂੰ ਬਰਾਬਰ ਰੂਪ ਵਿੱਚ ਬਦਲ ਰਹੀ ਹੈ। ਪੀਵੀਟੀਜੀ ਘਰੇਲੂ ਸਰਵੇਖਣਾਂ ਦੇ ਲਈ ਪੀਐੱਮ-ਜਨਮਨ ਦੇ ਤਹਿਤ 'ਸਰਵੇਖਣ ਸੇਤੂ' ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਭਲਾਈ ਵੰਡ ਦੀ ਤੁਰੰਤ, ਜੀਓ-ਟੈਗ ਨਿਗਰਾਨੀ ਨੂੰ ਸਮਰੱਥ ਬਣਾਉਂਦਾ ਹੈ। 18 ਰਾਜਾਂ ਅਤੇ 1 ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਸੰਚਾਲਿਤ, ਇਸ ਪਲੈਟਫਾਰਮ ਨੇ 8,552 ਸਰਵੇਖਣ ਕਰਨ ਵਾਲਿਆਂ ਦੇ ਸਮਰਥਨ ਦੇ ਨਾਲ ਪਹਿਲਾਂ ਹੀ 3.43 ਲੱਖ ਘਰੇਲੂ ਐਂਟਰੀਆਂ ਦਰਜ ਕੀਤੀਆਂ ਹਨ। ਇਸ ਤਰ੍ਹਾਂ ਦੀਆਂ ਡੇਟਾ-ਅਧਾਰਿਤ ਪ੍ਰਣਾਲੀਆਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੀਆਂ ਹਨ ਕਿ ਹਰੇਕ ਯੋਗ ਪਰਿਵਾਰ ਦੀ ਪਛਾਣ ਕੀਤੀ ਜਾਵੇ ਅਤੇ ਉਸ ਨੂੰ ਜ਼ਰੂਰੀ ਸੇਵਾਵਾਂ ਨਾਲ ਜੋੜਿਆ ਜਾਵੇ। ਇਸ ਦੇ ਨਾਲ ਹੀ ਮੰਤਰਾਲਾ ਦਾਅਵਾ ਪ੍ਰਸਤੁਤੀਕਰਨ, ਜੀਆਈਐੱਸ-ਅਧਾਰਿਤ ਮੈਪਿੰਗ, ਵਰਕਫਲੋ ਦੀ ਨਿਗਰਾਨੀ ਅਤੇ ਸ਼ਿਕਾਇਤ ਨਿਵਾਰਨ ਨੂੰ ਸੁਚਾਰੂ ਬਣਾਉਣ ਦੇ ਲਈ ਇੱਕ ਏਆਈ-ਸਮਰੱਥ 'ਜੰਗਲ ਅਧਿਕਾਰ ਐਕਟ ਸ਼ਾਸਨ ਪਲੈਟਫਾਰਮ' ਵਿਕਸਿਤ ਕਰ ਰਿਹਾ ਹੈ। ਨਾਲ ਹੀ, ਇਹ ਪਹਿਲਕਦਮੀਆਂ ਕਬਾਇਲੀ ਨਾਗਰਿਕਾਂ ਦੇ ਲਈ ਸ਼ਾਸਨ ਨੂੰ ਵਧੇਰੇ ਪਾਰਦਰਸ਼ੀ, ਜਵਾਬਦੇਹ ਅਤੇ ਸੁਲਭ ਬਣਾ ਰਹੀਆਂ ਹਨ।



ਸ਼੍ਰੀਮਤੀ ਰੰਜਨਾ ਚੋਪੜਾ

**ਕਬਾਇਲੀ ਭਾਈਚਾਰੇ: ਵਿਕਸਿਤ ਭਾਰਤ ਦੇ ਵਾਹਕ**

ਇੱਕ ਪਲ ਅਜਿਹਾ ਹੁੰਦਾ ਹੈ, ਜੋ ਉਸ ਤੱਤ ਨੂੰ ਫੜ ਲੈਂਦਾ ਹੈ, ਜਿਸ ਦੇ ਲਈ ਅਸੀਂ ਕੰਮ ਕਰ ਰਹੇ ਹੁੰਦੇ ਹਾਂ। ਇਹ ਕਿਸੇ ਨੀਤੀਗਤ ਦਸਤਾਵੇਜ਼ ਜਾਂ ਮੰਤਰਾਲੇ ਪੱਧਰ ਦੀ ਸਮੀਖਿਆ ਵਿੱਚ ਨਹੀਂ ਪਾਇਆ ਜਾਂਦਾ। ਇਹ ਉਦੋਂ ਪਾਇਆ ਜਾਂਦਾ ਹੈ ਜਦੋਂ ਕਿਸੇ ਦੂਰ-ਦੁਰਾਡੇ ਦੀ ਬਸਤੀ ਦੀ ਇੱਕ ਕਬਾਇਲੀ ਮਹਿਲਾ, ਤਕਨੀਕ ਨਾਲ, ਭਾਸ਼ਾ ਨਾਲ ਸਸ਼ਕਤ ਹੁੰਦੀ ਹੈ ਅਤੇ ਉਸ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਸ ਦੀ ਗੱਲ ਨੂੰ ਰਾਸ਼ਟਰ ਸੁਣ ਰਿਹਾ ਹੈ। ਅਜਿਹੇ ਵਿੱਚ ਉਹ ਆਪਣੀਆਂ ਸ਼ਰਤਾਂ 'ਤੇ ਸਰਕਾਰੀ ਸੇਵਾਵਾਂ ਨਾਲ ਜੁੜਦੀ ਹੈ ਅਤੇ ਪੂਰੇ ਮਾਣ ਦੇ ਨਾਲ ਜਵਾਬ ਪ੍ਰਾਪਤ ਕਰਦੀ ਹੈ। ਉਹ ਪਲ ਕਿਸੇ ਯਾਤਰਾ ਦਾ ਅੰਤ ਨਹੀਂ ਹੈ। ਇਹ ਭਾਰਤ ਦੀ ਰਾਸ਼ਟਰੀ ਗਾਥਾ ਵਿੱਚ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਹੈ। ਜਨਜਾਤੀਯ ਗਰਿਮਾ ਉਤਸਵ ਇਸ ਸੰਦੇਸ਼ ਨੂੰ ਮਾਣ ਦੇ ਨਾਲ ਲੈ ਕੇ ਜਾਂਦਾ ਹੈ। ਕਬਾਇਲੀ ਭਾਈਚਾਰੇ, ਆਪਣੀ ਦ੍ਰਿੜ੍ਹਤਾ, ਆਪਣੇ ਪਾਰਿਸਥਿਤਿਕ ਗਿਆਨ, ਆਪਣੀਆਂ ਕਲਾਤਮਕ ਪਰੰਪਰਾਵਾਂ ਅਤੇ ਇਸ ਧਰਤੀ ਵਿੱਚ ਆਪਣੀਆਂ ਡੂੰਘੀਆਂ ਜੜ੍ਹਾਂ ਦੇ ਨਾਲ, ਵਿਕਸਿਤ ਭਾਰਤ ਦੀ ਦਹਿਲੀਜ਼ 'ਤੇ ਉਡੀਕ ਨਹੀਂ ਕਰ ਰਹੇ ਹਨ, ਸਗੋਂ ਉਹ ਇਸ ਦੇ ਸਭ ਤੋਂ ਸ਼ਕਤੀਸ਼ਾਲੀ ਅਤੇ ਪ੍ਰੇਰਨਾਦਾਇਕ ਵਾਹਕਾਂ ਵਿੱਚ ਸ਼ਾਮਲ ਹਨ। ਜਿਵੇਂ-ਜਿਵੇਂ ਤਕਨਾਲੋਜੀ ਦੂਰੀਆਂ ਨੂੰ ਮਿਟਾਉਂਦੀ ਹੈ, ਜਿਵੇਂ-ਜਿਵੇਂ ਵਿਗਿਆਨ ਇਲਾਜ ਪ੍ਰਦਾਨ ਕਰਦਾ ਹੈ, ਜਿਵੇਂ ਕਿ ਏਆਈ ਜੰਗਲਾਂ ਅਤੇ ਪਹਾੜੀਆਂ ਦੀਆਂ ਭਾਸ਼ਾਵਾਂ ਵਿੱਚ ਬੋਲਦਾ ਹੈ, ਅਤੇ ਜਿਵੇਂ-ਜਿਵੇਂ ਸ਼ਾਸਨ ਸਭ ਤੋਂ ਦੂਰ ਦੇ ਪਿੰਡ ਦੇ ਆਖਰੀ ਪਰਿਵਾਰ ਤੱਕ ਪਹੁੰਚਦਾ ਹੈ, ਅਸੀਂ ਹਰ ਦਿਨ ਉਸ ਭਾਰਤ ਦੇ ਨੇੜੇ ਆਉਂਦੇ ਹਾਂ ਜੋ ਨਾ ਸਿਰਫ ਵਿਆਪਕਤਾ ਦੇ ਰੂਪ ਵਿੱਚ ਵਿਕਸਿਤ ਹੈ, ਸਗੋਂ ਆਪਣੀ ਮਨੁੱਖਤਾ ਵਿੱਚ ਸੰਪੂਰਨ ਹੈ। ਇਹ ਉਹ ਵਿਕਸਿਤ ਭਾਰਤ ਹੈ ਜਿਸ ਨੂੰ ਅਸੀਂ ਮਾਣਯੋਗ ਪ੍ਰਧਾਨ ਮੰਤਰੀ ਦੀ ਸੋਚ ਤੋਂ ਪ੍ਰੇਰਿਤ ਹੋ ਕੇ ਇਕੱਠੇ ਮਿਲ ਕੇ ਬਣਾ ਰਹੇ ਹਾਂ।

**(ਲੇਖਿਕਾ ਭਾਰਤ ਸਰਕਾਰ ਦੇ ਕਬਾਇਲੀ ਮਾਮਲੇ ਮੰਤਰਾਲੇ ਦੇ ਸਕੱਤਰ ਹਨ)**

# ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਖਾਦੀ ਅਤੇ ਗ੍ਰਾਮ ਉਦਯੋਗ ਕਮਿਸ਼ਨ (ਕੇਵੀਆਈਸੀ) ਨੇ ਪ੍ਰਦਰਸ਼ਨ ਦੇ ਨਵੇਂ ਮਾਪਦੰਡ ਸਥਾਪਤ ਕੀਤੇ ਹਨ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਪੀ.ਆਈ.ਬੀ**

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਅਤੇ ਅਗਵਾਈ ਹੇਠ, ਖਾਦੀ ਅਤੇ ਗ੍ਰਾਮ ਉਦਯੋਗ ਖੇਤਰ ਨੇ ਪਿਛਲੇ 12 ਸਾਲਾਂ ਵਿੱਚ ਵਿਕਾਸ ਅਤੇ ਪਰਿਵਰਤਨ ਦੀ ਇੱਕ ਬੇਮਿਸਾਲ ਯਾਤਰਾ ਸ਼ੁਰੂ ਕੀਤੀ ਹੈ। ਵਿੱਤੀ ਸਾਲ 2025-26 ਵਿੱਚ, ਖਾਦੀ ਅਤੇ ਗ੍ਰਾਮ ਉਦਯੋਗ ਉਤਪਾਦਾਂ ਦੀ ਵਿਕਰੀ ?1,87,105 ਕਰੋੜ ਦੇ ਇਤਿਹਾਸਕ ਪੱਧਰ 'ਤੇ ਪਹੁੰਚ ਗਈ, ਜੋ ਕਿ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹੈ, ਅਤੇ ਪੇਂਡੂ ਭਾਰਤ ਦੀ ਵਧਦੀ ਉੱਦਮਤਾ, ਸਵੈ-ਨਿਰਭਰਤਾ ਅਤੇ ਆਰਥਿਕ ਸਸ਼ਕਤੀਕਰਨ ਦਾ ਇੱਕ ਸ਼ਕਤੀਸ਼ਾਲੀ ਪ੍ਰਮਾਣ ਹੈ। ÷ਆਤਮਨਿਰਭਰ ਭਾਰਤ,÷ ÷ਵੋਕਲ ਫਾਰ ਲੋਕਲ,÷ ਅਤੇ ÷ਲੋਕਲ ਟੂ ਗਲੋਬਲ÷ ਵਰਗੀਆਂ ਰਾਸ਼ਟਰੀ ਮੁਹਿੰਮਾਂ ਤੋਂ ਪ੍ਰੇਰਿਤ ਹੋ ਕੇ, ਖਾਦੀ ਹੁਣ ਸਿਰਫ਼ ਇੱਕ ਰਵਾਇਤੀ ਉਤਪਾਦ ਨਹੀਂ ਹੈ, ਸਗੋਂ ÷ਨਵੇਂ ਭਾਰਤ÷ ਦੇ ਸਵੈ-ਨਿਰਭਰਤਾ, ਸਵਦੇਸ਼ੀ ਮਾਣ ਅਤੇ ਪੇਂਡੂ ਖੁਸ਼ਹਾਲੀ ਦਾ ਇੱਕ ਜੀਵੰਤ ਪ੍ਰਤੀਕ ਬਣ ਗਿਆ ਹੈ। ਉਤਪਾਦਨ, ਮਾਰਕੀਟਿੰਗ ਅਤੇ ਰੁਜ਼ਗਾਰ ਸਿਰਜਣ ਵਿੱਚ ਨਵੇਂ ਮਾਪਦੰਡ ਸਥਾਪਤ ਕਰਦੇ ਹੋਏ, ਖਾਦੀ ਅਤੇ ਗ੍ਰਾਮ ਉਦਯੋਗ ਖੇਤਰ ਨੇ ਦੇਸ਼ ਦੀ ਪੇਂਡੂ ਅਰਥਵਿਵਸਥਾ ਨੂੰ ਨਵੀਂ ਊਰਜਾ ਅਤੇ ਦਿਸ਼ਾ ਪ੍ਰਦਾਨ ਕੀਤੀ ਹੈ। ਨਵੀਂ ਦਿੱਲੀ ਦੇ ਰਾਜਘਾਟ, ਗਾਂਧੀ ਦਰਸ਼ਨ ਵਿਖੇ ਆਪਣੇ ਦਫਤਰ ਵਿਖੇ ਵਿੱਤੀ ਸਾਲ 2025-26 ਲਈ ਆਰਜ਼ੀ ਡੇਟਾ ਜਾਰੀ ਕਰਦੇ ਹੋਏ, ਕੇਵੀਆਈਸੀ ਦੇ ਚੇਅਰਮੈਨ ਸ਼੍ਰੀ ਮਨੋਜ ਕੁਮਾਰ ਨੇ ਕਿਹਾ ਕਿ ਕਮਿਸ਼ਨ ਨੇ ਉਤਪਾਦਨ, ਵਿਕਰੀ ਅਤੇ ਰੁਜ਼ਗਾਰ ਸਿਰਜਣ ਵਿੱਚ ਨਵੇਂ ਰਿਕਾਰਡ ਕਾਇਮ ਕੀਤੇ ਹਨ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ 2013-14 ਦੇ ਮੁਕਾਬਲੇ ਪਿਛਲੇ 12 ਸਾਲਾਂ ਵਿੱਚ ਵਿਕਰੀ ਵਿੱਚ 501 ਪ੍ਰਤੀਸ਼ਤ, ਉਤਪਾਦਨ ਵਿੱਚ 380 ਪ੍ਰਤੀਸ਼ਤ ਅਤੇ ਰੁਜ਼ਗਾਰ ਸਿਰਜਣ ਵਿੱਚ 56 ਪ੍ਰਤੀਸ਼ਤ ਦੀ ਸ਼ਾਨਦਾਰ ਵਾਧਾ ਦਰਜ ਕੀਤਾ ਹੈ। ਪਿਛਲੇ ਸਾਲਾਂ ਦੇ ਰੁਝਾਨ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਵਿੱਤੀ ਸਾਲ 2024-25 ਵਿੱਚ, 2013-14 ਦੇ ਮੁਕਾਬਲੇ ਵਿਕਰੀ ਵਿੱਚ 447 ਪ੍ਰਤੀਸ਼ਤ ਅਤੇ ਉਤਪਾਦਨ ਵਿੱਚ 347 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਦੋਂ ਕਿ ਵਿੱਤੀ ਸਾਲ 2023-24 ਵਿੱਚ, 2013-14 ਦੇ ਮੁਕਾਬਲੇ ਵਿਕਰੀ ਵਿੱਚ 400 ਪ੍ਰਤੀਸ਼ਤ ਅਤੇ ਉਤਪਾਦਨ ਵਿੱਚ 315 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।

ਚੇਅਰਮੈਨ ਸ਼੍ਰੀ ਮਨੋਜ ਕੁਮਾਰ ਨੇ ਕਿਹਾ ਕਿ ਕੇਵੀਆਈਸੀ ਦਾ ਇਹ ਮਜ਼ਬੂਤ ??ਪ੍ਰਦਰਸ਼ਨ '2047 ਤੱਕ ਵਿਕਸਤ ਭਾਰਤ' ਦੇ ਸੰਕਲਪ ਨੂੰ ਤੇਜ਼ ਕਰਨ ਅਤੇ ਭਾਰਤ ਨੂੰ ਦੁਨੀਆ ਦੀਆਂ ਮੋਹਰੀ ਅਰਥਵਿਵਸਥਾਵਾਂ ਵਿੱਚ ਸਥਾਪਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਇਸ ਪ੍ਰਾਪਤੀ ਦਾ ਸਿਹਰਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਪ੍ਰਭਾਵਸ਼ਾਲੀ ਮਾਰਗਦਰਸ਼ਨ, ਮਹਾਤਮਾ ਗਾਂਧੀ ਦੀ ਪ੍ਰੇਰਨਾ ਅਤੇ ਦੇਸ਼ ਦੇ ਦੂਰ-ਦੁਰਾਡੇ ਪੇਂਡੂ ਖੇਤਰਾਂ ਵਿੱਚ ਕੰਮ ਕਰਨ ਵਾਲੇ ਲੱਖਾਂ ਕਾਰੀਗਰਾਂ ਦੀ ਸਖ਼ਤ ਮਿਹਨਤ ਨੂੰ ਦਿੱਤਾ। ਕੇਵੀਆਈਸੀ ਦੇ ਚੇਅਰਮੈਨ ਨੇ ਕਿਹਾ ਕਿ ਜਦੋਂ ਕਿ ਖਾਦੀ ਅਤੇ ਗ੍ਰਾਮ ਉਦਯੋਗ ਉਤਪਾਦਾਂ ਦਾ ਉਤਪਾਦਨ ਰੁਪਏ ਸੀ। ਵਿੱਤੀ ਸਾਲ 2013-14 ਵਿੱਚ 26109 ਕਰੋੜ ਰੁਪਏ ਦੀ ਵਿਕਰੀ ਕੀਤੀ ਗਈ ਸੀ, ਜੋ ਕਿ ਵਿੱਤੀ ਸਾਲ 2025-26 ਵਿੱਚ ਲਗਭਗ ਪੰਜ ਗੁਣਾ ਵਧ ਕੇ 125296 ਕਰੋੜ ਰੁਪਏ ਤੱਕ ਪਹੁੰਚ ਗਈ, ਜੋ ਕਿ 380 ਪ੍ਰਤੀਸ਼ਤ ਦਾ ਵਾਧਾ ਹੈ। ਜਦੋਂ ਕਿ ਵਿੱਤੀ ਸਾਲ 2013-14 ਵਿੱਚ ਵਿਕਰੀ 31,154 ਕਰੋੜ ਰੁਪਏ ਸੀ, ਉਹ ਲਗਭਗ ਛੇ ਗੁਣਾ ਵਧ ਕੇ, 501 ਪ੍ਰਤੀਸ਼ਤ ਦੀ ਬੇਮਿਸਾਲ ਵਾਧਾ ਦਰਜ ਕਰਦੇ ਹੋਏ, ਵਿੱਤੀ ਸਾਲ 2025-26 ਵਿੱਚ 1,87,105 ਕਰੋੜ ਰੁਪਏ ਤੱਕ ਪਹੁੰਚ



ਗਈ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਹੈ। ਕੇਵੀਆਈਸੀ ਨੇ ਰੁਜ਼ਗਾਰ ਪੈਦਾ ਕਰਨ ਦੇ ਖੇਤਰ ਵਿੱਚ ਵੀ ਸ਼ਾਨਦਾਰ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਹਨ। ਜਦੋਂ ਕਿ ਖਾਦੀ ਅਤੇ ਗ੍ਰਾਮ ਉਦਯੋਗ ਗਤੀਵਿਧੀਆਂ ਵਿੱਚ ਸੰਚਤ ਰੁਜ਼ਗਾਰ ਸਾਲ 2013-14 ਵਿੱਚ 13 ਮਿਲੀਅਨ ਸੀ, ਇਹ ਵਿੱਤੀ ਸਾਲ 2025-26 ਵਿੱਚ 56 ਪ੍ਰਤੀਸ਼ਤ ਵਧ ਕੇ 20.4 ਮਿਲੀਅਨ ਹੋ ਗਿਆ ਹੈ, ਜੋ ਕਿ ਪੇਂਡੂ ਰੋਜ਼ੀ-ਰੋਟੀ ਪੈਦਾ ਕਰਨ ਵਿੱਚ ™੭93 ਦੀ ਕੇਂਦਰੀ ਭੂਮਿਕਾ ਨੂੰ ਦਰਸਾਉਂਦਾ ਹੈ। ਪ੍ਰਧਾਨ ਮੰਤਰੀ ਰੁਜ਼ਗਾਰ ਉਤਪਤੀ ਪ੍ਰੋਗਰਾਮ (ਪੀਐਮਈਜੀਪੀ) ਦੇ ਤਹਿਤ, ਵਿੱਤੀ ਸਾਲ 2025-26 ਵਿੱਚ 66,494 ਨਵੇਂ ਯੂਨਿਟ ਸਥਾਪਿਤ ਕੀਤੇ ਗਏ ਸਨ, ਜਿਸ ਲਈ 7,375 ਕਰੋੜ ਦੇ ਕਰਜ਼ੇ ਦੇ ਵਿਰੁੱਧ 2,457 ਕਰੋੜ ਦੀ ਮਾਰਜਿਨ ਮਨੀ ਸਬਸਿਡੀ ਵੰਡੀ ਗਈ ਸੀ। ਇਨ੍ਹਾਂ ਯੂਨਿਟਾਂ ਨੇ 731,434 ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕੀਤਾ ਹੈ। ਯੋਜਨਾ ਦੀ ਸ਼ੁਰੂਆਤ ਤੋਂ ਲੈ ਕੇ, ਹੁਣ ਤੱਕ ਕੁੱਲ 10,84,679 ਯੂਨਿਟ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਲਈ 80,705 ਕਰੋੜ ਦੇ ਕਰਜ਼ਿਆਂ ਦੇ ਵਿਰੁੱਧ 29,623 ਕਰੋੜ ਦੀ ਮਾਰਜਿਨ ਮਨੀ ਸਬਸਿਡੀ ਵੰਡੀ ਗਈ ਹੈ। ਇਸ ਨਾਲ ਲਗਭਗ 97.95 ਲੱਖ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ। ਗ੍ਰਾਮ ਉਦਯੋਗ ਵਿਕਾਸ ਯੋਜਨਾ ਦੇ ਤਹਿਤ, 51,230 ਇਲੈਕਟ੍ਰਿਕ ਘੁਮਿਆਰ ਦੇ ਪਹੀਏ, 246,099 ਬੀ-ਬਾਕਸ ਅਤੇ ਬੀ-ਕਾਲੋਨੀਆਂ, 2,674 ਆਟੋਮੈਟਿਕ ਅਤੇ ਪੈਡਲ-ਸੰਚਾਲਿਤ ਧੂਪ ਸਟਿਕ ਨਿਰਮਾਣ ਮਸ਼ੀਨਾਂ, 7,669 ਜੁੱਤੀਆਂ ਦੇ ਨਿਰਮਾਣ ਅਤੇ ਮੁਰੰਮਤ ਟੂਲਕਿੱਟ, 836 ਪੇਪਰ ਪਲੇਟ ਅਤੇ ਡੋਨਾ ਨਿਰਮਾਣ ਮਸ਼ੀਨਾਂ, 7,571 ਏਸੀ, ਮੋਬਾਈਲ, ਸਿਲਾਈ, ਇਲੈਕਟ?ਰੀਸ਼ੀਅਨ, ਅਤੇ ਪਲੰਬਰ ਟੂਲਕਿੱਟ, 5,138 ਟਰਨਵੁੱਡ, ਵੇਸਟਵੁੱਡ ਕਰਾਫਟ, ਅਤੇ ਲੱਕੜ ਦੇ ਖਿਡੌਣੇ ਬਣਾਉਣ ਵਾਲੀਆਂ ਮਸ਼ੀਨਾਂ, ਅਤੇ 1,789 ਖਜੂਰ ਗੁੜ, ਤੇਲ ਮਿੱਲ, ਅਤੇ ਇਮਲੀ ਪ੍ਰੋਸੈਸਿੰਗ ਮਸ਼ੀਨਾਂ ਹੁਣ ਤੱਕ ਵੰਡੀਆਂ ਜਾ ਚੁੱਕੀਆਂ ਹਨ। 2025-26 ਵਿੱਤੀ ਸਾਲ ਵਿੱਚ, ਇਸ ਯੋਜਨਾ ਦੇ ਤਹਿਤ 37,769 ਮਸ਼ੀਨਾਂ, ਟੂਲਕਿੱਟ ਅਤੇ ਉਪਕਰਣ ਵੰਡੇ ਗਏ ਹਨ। ਪਿਛਲੇ ਚਾਰ ਸਾਲਾਂ 'ਤੇ ਨਜ਼ਰ ਮਾਰੀਏ ਤਾਂ, ਵਿੱਤੀ ਸਾਲ 2022-23 ਵਿੱਚ 21,874 ਮਸ਼ੀਨਾਂ ਅਤੇ ਉਪਕਰਣ, ਵਿੱਤੀ ਸਾਲ 2023-24 ਵਿੱਚ 29,540, ਵਿੱਤੀ ਸਾਲ 2024-25 ਵਿੱਚ 38,904 ਅਤੇ ਵਿੱਤੀ ਸਾਲ 2025-26 ਵਿੱਚ 37,769 ਵੰਡੇ ਗਏ ਸਨ। ਇਸ ਤਰ੍ਹਾਂ, ਗ੍ਰਾਮ ਉਦਯੋਗ ਵਿਕਾਸ ਯੋਜਨਾ ਦੇ ਤਹਿਤ, ਕੇਵੀਆਈਸੀ ਨੇ ਕੁੱਲ 323,006 ਮਸ਼ੀਨਾਂ, ਟੂਲਕਿੱਟ ਅਤੇ ਉਪਕਰਣ ਵੰਡ ਕੇ 'ਆਤਮ-ਨਿਰਭਰ ਭਾਰਤ' ਦੀ ਸਿਰਜਣਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਕੇਵੀਆਈਸੀ ਦੀ ਭੂਮਿਕਾ ਮਹਿਲਾ ਸਸ਼ਕਤੀਕਰਨ ਦੇ ਖੇਤਰ ਵਿੱਚ ਵੀ ਬਹੁਤ ਮਹੱਤਵਪੂਰਨ ਰਹੀ ਹੈ। ਵਿੱਤੀ ਸਾਲ 2025-26 ਵਿੱਚ, ਕੇਵੀਆਈਸੀ ਦੇ ਵੱਖ-ਵੱਖ ਸਿਖਲਾਈ ਪ੍ਰੋਗਰਾਮਾਂ ਅਧੀਨ 79,682 ਸਿਖਿਆਰਥੀਆਂ ਨੂੰ ਸਿਖਲਾਈ ਦਿੱਤੀ ਗਈ ਸੀ, ਜਿਨ੍ਹਾਂ ਵਿੱਚ 47,382 ਔਰਤਾਂ ਸ਼ਾਮਲ ਸਨ, ਜੋ ਕੁੱਲ ਦਾ ਲਗਭਗ 59 ਪ੍ਰਤੀਸ਼ਤ ਹਨ। ਇਸ ਤੋਂ ਇਲਾਵਾ, ਪੀਐਮਈਜੀਪੀ ਦੇ ਤਹਿਤ, 2025-26 ਵਿੱਚ 28,180 ਮਹਿਲਾ ਉੱਦਮੀਆਂ ਨੇ ਇਕਾਈਆਂ ਸਥਾਪਿਤ ਕੀਤੀਆਂ, ਜਿਸ ਨਾਲ 309,980 ਔਰਤਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਹੋਏ, ਜੋ ਕਿ ਔਰਤਾਂ ਦੇ ਉੱਦਮ ਨੂੰ ਉਤਸ਼ਾਹਿਤ ਕਰਨ ਵਿੱਚ ਇਸ ਯੋਜਨਾ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦਾ ਹੈ। ਔਰਤਾਂ ਖਾਦੀ ਖੇਤਰ ਵਿੱਚ ਲਗਭਗ 500,000 ਕਾਰੀਗਰਾਂ ਵਿੱਚੋਂ 80 ਪ੍ਰਤੀਸ਼ਤ ਤੋਂ ਵੱਧ ਦੀ ਨੁਮਾਇੰਦਗੀ ਕਰਦੀਆਂ ਹਨ, ਜਿਸ ਨਾਲ ਇਹ ਔਰਤਾਂ ਦੀ ਅਗਵਾਈ ਵਾਲੇ ਆਰਥਿਕ ਸਸ਼ਕਤੀਕਰਨ ਲਈ ਇੱਕ ਪ੍ਰਭਾਵਸ਼ਾਲੀ ਵਾਹਨ ਬਣ ਜਾਂਦਾ ਹੈ। ਔਰਤਾਂ ਦੀ ਉਜਰਤ ਵਿੱਚ ਵੀ ਕਾਫ਼ੀ ਵਾਧਾ ਕੀਤਾ ਗਿਆ ਹੈ, 2013-14 ਵਿੱਚ ਰੁ.4 ਪ੍ਰਤੀ ਹੈਂਕ ਤੋਂ ਮੌਜੂਦਾ ਸਮੇਂ ਰੁ.15 ਪ੍ਰਤੀ ਹੈਂਕ ਹੋ ਗਿਆ ਹੈ, ਜੋ ਕਿ ਲਗਭਗ 275 ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ। ਸਰਕਾਰੀ ਸਪਲਾਈ, ਪ੍ਰਦਰਸ਼ਨੀ ਵਿਕਰੀ, ਅਤੇ ਰਾਸ਼ਟਰੀ ਝੰਡੇ ਦੀ ਮੰਗ ਵਿੱਚ ਵਾਧਾ ਖਾਦੀ ਅਤੇ ਗ੍ਰਾਮ ਉਦਯੋਗ ਉਤਪਾਦਾਂ ਦੀ ਸਰਕਾਰੀ ਸਪਲਾਈ ਵਧ ਕੇ 92.08 ਕਰੋੜ ਹੋ ਗਈ ਹੈ, ਜੋ ਕਿ ਇਸ ਖੇਤਰ ਲਈ ਵਧਦੀ ਸਵੀਕ੍ਰਿਤੀ ਅਤੇ ਸੰਸਥਾਗਤ ਮੰਗ ਨੂੰ ਦਰਸਾਉਂਦੀ ਹੈ। ਇਸੇ ਤਰ੍ਹਾਂ, ਪ੍ਰਦਰਸ਼ਨੀਆਂ ਅਤੇ ਮਾਰਕੀਟਿੰਗ ਗਤੀਵਿਧੀਆਂ ਰਾਹੀਂ ਖਾਦੀ ਉਤਪਾਦਾਂ ਦੀ ਵਿਕਰੀ 30.83 ਕਰੋੜ ਤੱਕ ਪਹੁੰਚ ਗਈ ਹੈ, ਜਿਸ ਨਾਲ ਬਾਜ਼ਾਰ ਦੇ ਵਿਸਥਾਰ ਅਤੇ ਖਪਤਕਾਰਾਂ ਦੀ ਸ਼ਮੂਲੀਅਤ ਮਜ਼ਬੂਤ ਹੋਈ ਹੈ। ਇਸ ਤੋਂ ਇਲਾਵਾ, ਰਾਸ਼ਟਰੀ ਝੰਡੇ ਦੀ ਵਿਕਰੀ ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ, 2013-14 ਵਿੱਚ 0.87 ਕਰੋੜ ਤੋਂ ਵਿੱਤੀ ਸਾਲ 2025-26 ਵਿੱਚ 2.35 ਕਰੋੜ ਹੋ ਗਿਆ ਹੈ। ਇਹ ਵਾਧਾ ਹਰ ਘਰ ਵਿੱਚ ਤਿਰੰਗਾ ਵਰਗੀਆਂ ਜਨਤਕ ਮੁਹਿੰਮਾਂ ਅਤੇ ਖਾਦੀ ਵਿੱਚ ਵਧਦੀ ਜਨਤਕ ਭਾਗੀਦਾਰੀ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ।

# ਗਜਨੀ ਦੇ ਬਜ਼ਾਰਾਂ ਦਾ ਅਸਲੀ ਸੱਚ

ਜ਼ਿਕਰ ਪੰਜਾਬ

ਇਤਿਹਾਸ ਦੀਆਂ ਉਹ ਘਟਨਾਵਾਂ ਜੋ ਸਦੀਆਂ ਬਾਅਦ ਵੀ ਲੋਕਾਂ ਦੀਆਂ ਯਾਦਾਂ ਵਿੱਚ ਘੁੰਮਦੀਆਂ ਰਹਿੰਦੀਆਂ ਹਨ, ਅਕਸਰ ਅਸਲੀਅਤ ਅਤੇ ਮਿਥਿਹਾਸ ਦੇ ਗੁੰਝਲਦਾਰ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਗਜਨੀ ਦੇ ਬਾਜ਼ਾਰ ਇਸੇ ਤਰ੍ਹਾਂ ਦੀ ਇੱਕ ਵਿਵਾਦਾਸਪਦ ਅਤੇ ਅੰਧਕਾਰਮਈ ਕਹਾਣੀਆਂ ਹਨ। ਇਨ੍ਹਾਂ ਬਾਜ਼ਾਰਾਂ ਨੂੰ ਭਾਰਤੀ ਇਤਿਹਾਸ ਵਿੱਚ ਉਸ ਸਥਾਨ ਵਜੋਂ ਯਾਦ ਕੀਤਾ ਜਾਂਦਾ ਹੈ ਜਿੱਥੇ ਮਹਿਮੂਦ ਗਜ਼ਨੀ ਵੱਲੋਂ ਭਾਰਤ ਤੋਂ ਅਗਵਾ ਕੀਤੀਆਂ ਔਰਤਾਂ ਅਤੇ ਕੁੜੀਆਂ ਨੂੰ ਟਕੇ ਟਕੇ ਸਿਰ ਵੇਚਿਆ ਜਾਂਦਾ ਸੀ। ਇਸ ਬਾਰੇ ਬਹੁਤ ਸਾਰੀਆਂ ਲੋਕ-ਕਥਾਵਾਂ ਅਤੇ ਆਧੁਨਿਕ ਰਾਜਨੀਤਿਕ ਬਿਆਨ ਵੀ ਚੱਲਦੇ ਹਨ। ਪਰ ਅਸਲੀਅਤ ਇਸ ਤੋਂ ਬਹੁਤ ਵੱਖਰੀ ਅਤੇ ਵਧੇਰੇ ਗੁੰਝਲਦਾਰ ਹੈ। ਇਸ ਲੇਖ ਵਿੱਚ ਅਸੀਂ ਉਪਲਬਧ ਇਤਿਹਾਸਕ ਸਰੋਤਾਂ ਅਧਾਰ ਤੇ ਗਜਨੀ ਦੇ ਗੁਲਾਮ ਬਾਜ਼ਾਰਾਂ ਦੀ ਅਸਲੀ ਕਹਾਣੀ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਾਂਗੇ ਅਤੇ ਉਸ ਨਾਲ ਜੁੜੀਆਂ ਗਲਤਫਹਿਮੀਆਂ ਨੂੰ ਵੀ ਦੂਰ ਕਰਾਂਗੇ। ਗਜਨੀ, ਜੋ ਅੱਜ ਦੇ ਅਫਗਾਨਿਸਤਾਨ ਵਿੱਚ ਇੱਕ ਛੋਟਾ ਜਿਹਾ ਸ਼ਹਿਰ ਹੈ, 10ਵੀਂ ਅਤੇ 11ਵੀਂ ਸਦੀ ਵਿੱਚ ਇੱਕ ਤਾਕਤਵਰ ਰਾਜਧਾਨੀ ਵਜੋਂ ਉਭਰਿਆ। ਇਸ ਦਾ ਰਾਜਵੰਸ਼ ਘਜ਼ਨਵਿਦ ਰਾਜ ਵਜੋਂ ਜਾਣਿਆ ਜਾਂਦਾ ਹੈ, ਜਿਸ ਦੀ ਨੀਂਹ ਸੇਬੂਕਤਗੀਨ ਨੇ 977 ਈਸਵੀ ਵਿੱਚ ਰੱਖੀ ਸੀ। ਉਸ ਦਾ ਪੁੱਤਰ ਮਹਿਮੂਦ ਗਜ਼ਨੀ (998-1030 ਈ.) ਇਸ ਰਾਜ ਨੂੰ ਉਚਾਈਆਂ ਤੱਕ ਲੈ ਗਿਆ। ਮਹਿਮੂਦ ਨੇ ਆਪਣੀ ਫੌਜੀ ਤਾਕਤ ਅਤੇ ਧਾਰਮਿਕ ਉਤਸਾਹ ਨੂੰ ਵਰਤ ਕੇ ਭਾਰਤ ਉੱਤੇ ਲਗਭਗ 17 ਵੱਡੇ ਹਮਲੇ ਕੀਤੇ। ਇਹ ਹਮਲੇ ਸਿਰਫ ਲੁੱਟ ਅਤੇ ਧਨ ਇਕੱਠਾ ਕਰਨ ਲਈ ਨਹੀਂ ਸਨ, ਬਲਕਿ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਗੁਲਾਮ ਬਣਾਉਣ ਲਈ ਵੀ ਸਨ। ਉਸ ਸਮੇਂ ਮੱਧ ਏਸ਼ੀਆ ਅਤੇ ਇਸਲਾਮੀ ਖੇਤਰਾਂ ਵਿੱਚ ਗੁਲਾਮ ਵਪਾਰ ਇੱਕ ਵਿਆਪਕ ਅਤੇ ਲਾਭਦਾਇਕ ਵਪਾਰ ਸੀ। ਗਜਨੀ ਇਸ ਵਪਾਰ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ। ਇਤਿਹਾਸਕਾਰ ਅਲ-ਉਤਬੀ, ਜੋ ਮਹਿਮੂਦ ਦਾ ਆਪਣਾ ਇਤਿਹਾਸਕਾਰ ਸੀ, ਆਪਣੀ ਰਚਨਾ ਤਾਰੀਖ ਅਲ-ਯਾਮੀਨੀ ਵਿੱਚ ਇਸ ਦਾ ਵਿਸਥਾਰ ਨਾਲ ਵਰਣਨ ਕਰਦਾ ਹੈ। ਉਸ ਅਨੁਸਾਰ 1001 ਈਸਵੀ ਵਿੱਚ ਪਹਿਲੇ ਵੱਡੇ ਹਮਲੇ ਤੋਂ ਹੀ ਹਜ਼ਾਰਾਂ ਲੋਕ ਗੁਲਾਮ ਬਣਾਏ ਗਏ। ਥਾਨੇਸਰ (1015 ਈ.) ਵਿੱਚ ਲਗਭਗ ਦੋ ਲੱਖ ਗੁਲਾਮ ਲਿਆਂਦੇ ਗਏ, ਜਿਸ ਨਾਲ ਗਜਨੀ ਇੱਕ ਭਾਰਤੀ ਸ਼ਹਿਰ ਵਾਂਗ ਲੱਗਣ ਲੱਗਾ। ਸਾਲ 1018-19 ਵਿੱਚ ਕਨੌਜ ਅਤੇ ਮਥੁਰਾ ਉੱਤੇ ਹਮਲੇ ਤੋਂ ਬਾਅਦ 53,000 ਤੋਂ ਵੱਧ ਗੁਲਾਮ ਲਿਆਂਦੇ ਗਏ। ਇਨ੍ਹਾਂ ਵਿੱਚ ਮਰਦ, ਔਰਤਾਂ ਅਤੇ ਬੱਚੇ ਸਭ ਸ਼ਾਮਲ ਸਨ। ਇਹ ਗੁਲਾਮ ਗਜਨੀ ਦੇ ਬਾਜ਼ਾਰਾਂ ਵਿੱਚ ਵੇਚੇ ਜਾਂਦੇ ਸਨ। ਇਨ੍ਹਾਂ ਬਾਜ਼ਾਰਾਂ ਵਿੱਚ ਗੁਲਾਮਾਂ ਦੀਆਂ ਕੀਮਤਾਂ ਬਹੁਤ ਘੱਟ ਹੁੰਦੀਆਂ ਸਨ - ਆਮ ਤੌਰ ਤੇ ਇੱਕ ਵਿਅਕਤੀ ਲਈ 2 ਤੋਂ 10 ਦਿਰਹਮ ਤੱਕ। ਇਹ ਮੁੱਲ ਇੰਨਾ ਘੱਟ ਸੀ ਕਿ ਵਪਾਰੀ ਦੂਰ-ਦੂਰ ਤੋਂ ਆ ਕੇ ਖਰੀਦਦੇ ਸਨ ਅਤੇ ਉਨ੍ਹਾਂ ਨੂੰ ਖੁਰਾਸਾਨ, ਇਰਾਕ ਅਤੇ ਹੋਰ ਇਸਲਾਮੀ ਖੇਤਰਾਂ ਵਿੱਚ ਲੈ ਜਾਂਦੇ ਸਨ।ਇਹ ਬਾਜ਼ਾਰ ਭਾਰਤ ਲਈ ਇੱਕ ਵੱਡੀ ਤ੍ਰਾਸਦੀ ਸਨ। ਹਜ਼ਾਰਾਂ ਔਰਤਾਂ ਅਤੇ ਕੁੜੀਆਂ ਨੂੰ ਘਰਾਂ ਤੋਂ ਉਖਾੜ ਕੇ ਲਿਆਂਦਾ ਗਿਆ ਅਤੇ ਉਨ੍ਹਾਂ ਨੂੰ ਗੁਲਾਮ ਵਜੋਂ ਵੇਚਿਆ ਗਿਆ। ਇਸ ਨਾਲ ਨਾ ਸਿਰਫ ਭਾਰਤੀ ਸਮਾਜ ਦੀਆਂ ਢਾਂਚਾਗਤ ਤਬਾਹੀਆਂ ਹੋਈਆਂ ਬਲਕਿ ਇੱਕ ਲੰਬੇ ਸਮੇਂ ਤੱਕ ਚੱਲਣ ਵਾਲੀ ਯਾਦ ਵੀ ਬਣੀ। ਆਧੁਨਿਕ ਭਾਰਤੀ ਇਤਿਹਾਸ ਵਿੱਚ ਇਸ ਨੂੰ ਇੱਕ ਉਦਾਹਰਨ ਵਜੋਂ ਵਰਤਿਆ ਜਾਂਦਾ ਹੈ ਜੋ ਬਾਹਰੀ ਹਮਲਾਵਰਾਂ ਵੱਲੋਂ ਹੋਏ ਲੁੱਟ ਅਤੇ ਅਤਿਆਚਾਰ ਨੂੰ ਦਰਸਾਉਂਦੀ ਹੈ। ਪਰ ਇਸ ਨਾਲ ਇੱਕ ਗਲਤਫਹਿਮੀ ਵੀ ਜੁੜ ਗਈ ਹੈ। ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਸਿੱਖ ਯੋਧਿਆਂ ਨੇ ਗਜਨੀ ਦੇ ਬਾਜ਼ਾਰਾਂ ਵਿੱਚੋਂ ਔਰਤਾਂ ਅਤੇ ਭੈਣਾਂ ਨੂੰ ਬਚਾ ਕੇ ਲਿਆਂਦਾ ਸੀ। ਇਹ ਧਾਰਨਾ ਇਤਿਹਾਸਕ ਤੌਰ ਤੇ ਗਲਤ ਹੈ। ਸਿੱਖ ਧਰਮ ਦੀ ਰਸਮੀ ਸਥਾਪਨਾ ਖਾਲਸਾ ਪੰਥ ਵਜੋਂ 1699 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੋਈ ਸੀ, ਜੋ ਮਹਿਮੂਦ ਗਜ਼ਨੀ ਤੋਂ ਲਗਭਗ 670 ਸਾਲ ਬਾਅਦ ਹੈ। ਇਸ ਲਈ ਸਿੱਖ ਯੋਧੇ ਗਜਨੀ ਦੇ ਬਾਜ਼ਾਰਾਂ ਨਾਲ ਸਿੱਧੇ ਤੌਰ ਤੇ ਜੁੜੇ ਹੀ ਨਹੀਂ ਸਨ। ਇਹ ਕਹਾਣੀ ਅਸਲ ਵਿੱਚ 18ਵੀਂ ਸਦੀ ਦੀ ਇੱਕ ਘਟਨਾ ਨਾਲ ਜੁੜੀ ਹੋਈ ਹੈ। ਤੀਜੀ ਪਾਨੀਪਤ ਦੀ ਲੜਾਈ (1761 ਈ.) ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਵੱਲੋਂ ਅਗਵਾ ਕੀਤੀਆਂ ਲਗਭਗ 22,000 ਮਰਾਠਾ ਔਰਤਾਂ ਅਤੇ ਬੱਚਿਆਂ ਨੂੰ ਅਫਗਾਨਿਸਤਾਨ ਲੈ ਜਾਇਆ ਜਾ ਰਿਹਾ ਸੀ। ਸਿੱਖ ਮਿਸਲਾਂ ਨੇ ਇਸ ਸਮੇਂ ਅਚਾਨਕ ਹਮਲੇ ਕਰ ਕੇ ਬਹੁਤ ਸਾਰੀਆਂ ਔਰਤਾਂ ਨੂੰ ਬਚਾਇਆ। ਖਾਸ ਕਰਕੇ ਜੱਸਾ ਸਿੰਘ ਅਹਲੂਵਾਲੀਆ ਵਰਗੇ ਯੋਧਿਆਂ ਨੇ ਇਸ ਵਿੱਚ ਅਗਵਾਈ ਕੀਤੀ। ਅਸਲ ਵਿੱਚ ਗਜਨੀ ਦੇ ਬਾਜ਼ਾਰ ਗੁਲਾਮੀ ਦੀ ਉਸ ਨਿਰਦਈ ਪ੍ਰਥਾ ਨੂੰ ਦਰਸਾਉਂਦੇ ਹਨ ਜੋ ਉਸ ਸਮੇਂ ਦੀ ਰਾਜਨੀਤੀ ਅਤੇ ਆਰਥਿਕਤਾ ਦਾ ਹਿੱਸਾ ਸੀ। ਇਹ ਸਿਰਫ ਇੱਕ ਧਰਮ ਜਾਂ ਇੱਕ ਵਿਅਕਤੀ ਦੀ ਕਹਾਣੀ ਨਹੀਂ ਸੀ, ਬਲਕਿ ਯੁੱਧ, ਲੁੱਟ ਅਤੇ ਮਨੁੱਖੀ ਸ਼ੋਸ਼ਣ ਦੀ ਇੱਕ ਵੱਡੀ ਪ੍ਰਣਾਲੀ ਸੀ। ਆਧੁਨਿਕ ਸਮੇਂ ਵਿੱਚ ਇਸ ਨੂੰ ਰਾਜਨੀਤਿਕ ਤੌਰ ਤੇ ਵਰਤਣ ਨਾਲ ਇਤਿਹਾਸ ਨੂੰ ਸਰਲੀਕਰਨ ਕਰ ਦਿੱਤਾ ਜਾਂਦਾ ਹੈ ਅਤੇ ਅਸਲ ਤੱਥ ਲੁਕ ਜਾਂਦੇ ਹਨ। ਇਸ ਲਈ ਇਤਿਹਾਸ ਨੂੰ ਤੱਥਾਂ ਦੇ ਅਧਾਰ ਤੇ ਸਮਝਣਾ ਬਹੁਤ ਜ਼ਰੂਰੀ ਹੈ। ਗਜਨੀ ਦੇ ਬਾਜ਼ਾਰ ਇੱਕ ਯਾਦਗਾਰ ਹਨ ਜੋ ਸਾਨੂੰ ਯਾਦ ਦਿਵਾਉਂਦੇ ਹਨ ਕਿ ਯੁੱਧ ਅਤੇ ਗੁਲਾਮੀ ਮਨੁੱਖੀ ਸਭਿਆਚਾਰ ਲਈ ਕਿੰਨੀ ਵੱਡੀ ਤਬਾਹੀ ਲੈ ਕੇ ਆਉਂਦੇ ਹਨ। ਅੱਜ ਵੀ ਜਦੋਂ ਅਸੀਂ ਇਸ ਬਾਰੇ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਤਿਹਾਸ ਨੂੰ ਨਫਰਤ ਫੈਲਾਉਣ ਲਈ ਨਹੀਂ, ਬਲਕਿ ਸਿੱਖਿਆ ਲੈਣ ਲਈ ਵਰਤਣਾ ਚਾਹੀਦਾ ਹੈ। ਗਜਨੀ ਦੇ ਬਾਜ਼ਾਰਾਂ ਦਾ ਅਸਲੀ ਸੱਚ ਇਹ ਹੈ ਕਿ ਉਹ ਇੱਕ ਖਾਸ ਇਤਿਹਾਸਕ ਦੌਰ ਦੀ ਉਪਜ ਸਨ, ਜਿਸ ਵਿੱਚ ਰਾਜਨੀਤਿਕ ਤਾਕਤ, ਧਾਰਮਿਕ ਉਤਸਾਹ ਅਤੇ ਆਰਥਿਕ ਲਾਭ ਇੱਕ ਥਾਂ ਉੱਤੇ ਆ ਗਏ ਸਨ। ਉਸ ਨੂੰ ਆਧੁਨਿਕ ਰਾਜਨੀਤੀ ਜਾਂ ਧਾਰਮਿਕ ਬਿਆਨ ਨਾਲ ਗੁੰਝਲਦਾਰ ਬਣਾਉਣ ਨਾਲ ਅਸੀਂ ਇਤਿਹਾਸ ਦੀ ਅਸਲੀਅਤ ਤੋਂ ਦੂਰ ਹੋ ਜਾਂਦੇ ਹਾਂ। ਇਸ ਲਈ ਤੱਥਾਂ ਨੂੰ ਉਨ੍ਹਾਂ ਦੇ ਸੰਦਰਭ ਵਿੱਚ ਸਮਝਣਾ ਅਤੇ ਉਨ੍ਹਾਂ ਤੋਂ ਸਬਕ ਲੈਣਾ ਹੀ ਸਭ ਤੋਂ ਵਧੀਆ ਤਰੀਕਾ ਹੈ।



ਸੰਦੀਪ ਕੁਮਾਰ

**ਸੰਪਰਕ : 7009807121**

# ਸ਼ਰਾਬ ਛੱਡਣਾ ਜ਼ਿੰਦਗੀ ਦਾ ਸਭ ਤੋਂ ਵੱਡਾ ਨਿਵੇਸ਼ ਹੈ

ਤੁਹਾਡੇ ਵਿੱਚੋਂ ਬਹੁਤੇ ਲੋਕ ਸੋਚਦੇ ਹਨ ਕਿ ਸ਼ਰਾਬ ਛੱਡਣ ਦਾ ਮਤਲਬ ਕਿਸੇ ਬਹੁਤ ਵੱਡੀ ਚੀਜ਼ ਦਾ ਤਿਆਗ ਕਰਨਾ ਹੈ, ਮੌਜ-ਮਸਤੀ ਗੁਆ ਲੈਣਾ ਹੈ, ਆਪਣੀ ਸਮਾਜਿਕ ਜ਼ਿੰਦਗੀ (ਯਾਰਾਂ-ਦੋਸਤਾਂ ਦੀ ਮਹਿਫ਼ਲ) ਗੁਆ ਲੈਣਾ ਹੈ, ਥਕਾਵਟ ਲਾਹੁਣ ਦਾ ਆਪਣਾ ਤਰੀਕਾ ਗੁਆ ਲੈਣਾ ਹੈ ਪਰ ਇੱਕ ਗੱਲ ਜੋ ਤੁਹਾਨੂੰ ਕੋਈ ਨਹੀਂ ਦੱਸਦਾ, ਉਹ ਇਹ ਹੈ ਕਿ ਸ਼ਰਾਬ ਛੱਡਣਾ ਤੁਹਾਡੀ ਜ਼ਿੰਦਗੀ ਦਾ ਸਭ ਤੋਂ ਵੱਧ ਮੁਨਾਫ਼ਾ ਦੇਣ ਵਾਲਾ ਨਿਵੇਸ਼ ਹੈ। ਇਸ ਦੇ ਮੁਕਾਬਲੇ ਕੋਈ ਹੋਰ ਚੀਜ਼ ਖੜ੍ਹ ਹੀ ਨਹੀਂ ਸਕਦੀ। ਜ਼ਰਾ ਸੋਚੋ ਕਿ ਸ਼ਰਾਬ ਦੇ ਬਲਦੇ ਤੁਸੀਂ ਗਵਾ ਕੀ-ਕੀ ਰਹੇ ਹੋ। ਸਿਰਫ਼ ਪੈਸਾ ਹੀ ਨਹੀਂ, ਹਾਲਾਂਕਿ ਇੱਕ ਆਮ ਸ਼ਰਾਬੀ ਆਪਣੀ ਪੂਰੀ ਜ਼ਿੰਦਗੀ ਵਿੱਚ ਲੱਖਾਂ ਰੁਪਏ ਸ਼ਰਾਬ ਲਈ ਬਰਬਾਦ ਕਰ ਦਿੰਦਾ ਹੈ ਪਰ ਮੈਂ ਉਨ੍ਹਾਂ ਲੁਕੇ ਹੋਏ ਨੁਕਸਾਨਾਂ ਦੀ ਗੱਲ ਕਰ ਰਿਹਾ ਹਾਂ ਜੋ ਇਸ ਤੋਂ ਵੀ ਵੱਡੇ ਹਨ। ਊਰਜ਼ਾ ਨਾਲ ਭਰੀ ਸਵੇਰ ਜਦੋਂ ਤੁਸੀਂ ਆਪਣੀ 100% ਸਮਰੱਥਾ ਨਾਲ ਕੰਮ ਕਰ ਸਕਦੇ ਸੀ ਪਰ ਹੁਣ ਕਿੰਨੀ ਕੁ ਸਮਰੱਥਾ ਨਾਲ ਕੰਮ ਕਰਦੇ ਹੋ, ਤੁਹਾਨੂੰ ਬਿਹਤਰ ਪਤਾ ਹੈ। ਉਹ ਕਾਰੋਬਾਰੀ ਵਿਚਾਰ ਜੋ ਤੁਸੀਂ ਕਦੇ ਪੂਰੇ ਹੀ ਨਹੀਂ ਕੀਤੇ ਕਿਉਂਕਿ ਤੁਸੀਂ ਥੱਕੇ ਹੋਏ ਸੀ ਤੇ ਉਹ ਧਰੇ ਧਰਾਏ ਹੀ ਰਹਿ ਗਏ। ਉਹ ਤਰੱਕੀਆਂ ਜੋ ਕਿਸੇ ਹੋਰ ਨੂੰ ਮਿਲ ਗਈਆਂ ਕਿਉਂਕਿ ਉਹ ਤੁਹਾਡੇ ਨਾਲੋਂ ਵਧੇਰੇ ਚੁਸਤ ਅਤੇ ਸੁਚੇਤ ਸਨ। ਉਹ ਰਿਸ਼ਤੇ ਜੋ ਹੌਲੀ-ਹੌਲੀ ਖਤਮ ਹੋ ਗਏ ਕਿਉਂਕਿ ਤੁਸੀਂ ਮਾਨਸਿਕ ਤੌਰ 'ਤੇ ਉਨ੍ਹਾਂ ਕੋਲ਼ ਮੌਜੂਦ ਹੀ ਨਹੀਂ ਸੀ। ਇੱਕ ਚੰਗੀ ਸਿਹਤ ਜੋ ਕਦੋਂ ਦੀ ਚੁੱਪ ਚਪੀਤੇ ਆਪਣੀ ਜਗ੍ਹਾ ਛੱਡ ਰਹੀ ਹੈ ਕਿਉਕਿ ਉਹਦੀ ਜਗ?ਹਾ ਬਿਮਾਰੀਆਂ ਇਕੱਠੀਆਂ ਹੋ ਰਹੀਆਂ ਹਨ, ਜਿਸ ਵੀ ਦਿਨ ਤੁਸੀਂ ਸ਼ਰਾਬ ਪੀਂਦੇ ਹੋ, ਤੁਸੀਂ ਆਪਣੀ ਜ਼ਿੰਦਗੀ 'ਚੋਂ ਆਪਣੀ ਊਰਜਾ, ਆਪਣੇ ਪਰਿਵਾਰ, ਆਪਣੀ ਮਾਨਸਿਕ ਸਪਸ਼ਟਤਾ, ਆਪਣੇ ਸਮੇਂ ਤੇ ਆਪਣੀ ਕਾਬਲੀਅਤ ਨੂੰ ਬਾਹਰ ਧੱਕ ਰਹੇ ਰਹੇ ਹੁੰਦੇ ਹੋ। ਹੁਣ ਪਾਸਾ ਪਲਟ ਕੇ ਦੇਖੋ, ਜਦੋਂ ਤੁਸੀਂ ਸ਼ਰਾਬ ਛੱਡ ਦਿੰਦੇ ਹੋ ਤਾਂ ਉਹ ਸਾਰੇ ਨੁਕਸਾਨ ਇੱਕ ਵੱਡੇ ਮੁਨਾਫ਼ੇ ਵਿੱਚ ਬਦਲ ਜਾਂਦੇ ਹਨ। ਤੁਸੀਂ ਬਿਲਕੁਲ ਸਾਫ਼ ਦਿਮਾਗ ਨਾਲ ਜਾਗਦੇ ਹੋ। ਤੁਸੀਂ ਤੇਜ਼ੀ ਨਾਲ ਸੋਚਦੇ ਹੋ। ਤੁਸੀਂ ਬਿਹਤਰ ਢੰਗ ਨਾਲ ਕੰਮ ਕਰਦੇ ਹੋ। ਤੁਸੀਂ ਉਨ੍ਹਾਂ ਲੋਕਾਂ ਦੇ ਨਾਲ ਦਿਲੋਂ ਮੌਜੂਦ ਹੁੰਦੇ ਹੋ ਜੋ ਤੁਹਾਡੇ ਲਈ ਸਭ ਤੋਂ ਵੱਧ ਮਾਇਨੇ ਰੱਖਦੇ ਹਨ। ਤੁਹਾਡਾ ਸਰੀਰ ਕੁਝ ਹੀ ਦਿਨਾਂ ਵਿੱਚ ਠੀਕ ਹੋਣਾ ਸ਼ੁਰੂ ਹੋ ਜਾਂਦਾ ਹੈ। ਤੁਹਾਡਾ ਜਿਗਰ, ਤੁਹਾਡਾ ਦਿਲ, ਤੁਹਾਡਾ ਦਿਮਾਗ— ਇਹ ਸਭ ਕੁਝ ਮੁੜ ਸਿਹਤਮੰਦ ਹੋਣ ਲੱਗਦੇ ਹਨ। ਕੱਲ੍ਹ ਹੀ ਇੱਕ ਨਵੇਂ ਜੁੜੇ ਦੋਸਤ ਨੇ ਦੱਸਿਆ ਕਿ ਕਿਵੇਂ ਉਸਨੇ 90 ਦਿਨਾਂ ਦੀ ਸੋਬਰਟੀ (ਸ਼ਰਾਬ ਮੁਕਤ ਜ਼ਿੰਦਗੀ) ਵਿੱਚ ਉਹ ਕੁਝ ਹਾਸਲ ਕਰ ਲਿਆ, ਜਿਸ ਬਾਰੇ ਸ਼ਰਾਬ ਪੀਂਦੇ ਹੋਏ ਉਹ 3 ਸਾਲਾਂ ਤੋਂ ਚੱਜ ਨਾਲ ਸੋਚ ਵੀ ਨਹੀਂ ਸਕਿਆ ਸੀ। ਇਹ ਕੋਈ ਅਨੋਖੀ ਗੱਲ ਨਹੀਂ ਹੈ। ਅਜਿਹੀਆਂ ਸੈਂਕੜੇ ਹੀ ਉਦਾਹਰਨਾਂ ਵੇਖਣ/ਸੁਣਨ ਨੂੰ ਮਿਲਦੀਆਂ ਹਨ। ਪਰ ਸੋਚਣ ਵਾਲੀ ਗੱਲ ਹੈ ਕਿ ਫਿਰ ਵੀ ਸਾਡਾ ਸਮਾਜ ਇਸ ਦਾ ਵਿਰੋਧ ਕਿਉਂ ਕਰਦਾ ਹੈ?




ਜਿਵੇਂ ਕਿ ਕਿੰਨੇ ਹੀ ਦੋਸਤ ਮੈਨੂੰ ਫੋਨ ਕਰ-ਕਰਕੇ ਕਹਿ ਰਹੇ ਹਨ ਕਿ ਮੈਂ ਇਹ ਪੋਸਟਾਂ ਪਾਉਣੀਆਂ ਹੁਣ ਬੰਦ ਕਰ ਦੇਵਾਂ। ਕੁਝ ਦੋਸਤ ਗਾਹੇ-ਬਗਾਹੇ ਪੋਸਟਾਂ ਪਾ ਕੇ, ਕਮੈਂਟ ਕਰਕੇ ਮੇਰਾ ਮਜ਼ਾਕ ਉਡਾ ਰਹੇ ਹਨ। ਪਤਾ ਕਿਉਂ? ਕਿਉਂਕਿ ਇੱਕ ਟ੍ਰਿਲੀਅਨ ਡਾਲਰ (ਅਰਬਾਂ-ਖਰਬਾਂ) ਦੀ ਇੰਡਸਟਰੀ ਚਾਹੁੰਦੀ ਹੈ ਕਿ ਤੁਸੀਂ ਇਹ ਜ਼ਹਿਰ ਖਰੀਦਦੇ ਰਹੋ। ਉਨ੍ਹਾਂ ਨੇ ਤੁਹਾਨੂੰ ਯਕੀਨ ਦਿਵਾ ਦਿੱਤਾ ਹੈ ਕਿ ਸਫ਼ਲਤਾ ਅਤੇ ਸ਼ਰਾਬ ਦਾ ਆਪਸ ਵਿੱਚ ਡੂੰਘਾ ਰਿਸ਼ਤਾ ਹੈ, ਕਿ ਵਪਾਰਕ ਸੌਦੇ ਪੱਕੇ ਕਰਨ ਲਈ ਡਰਿੰਕਸ ਦੀ ਲੋੜ ਹੁੰਦੀ ਹੈ, ਕੋਈ ਵੀ ਜਸ਼ਨ ਮਨਾਉਣ ਦਾ ਮਤਲਬ ਹੈ ਸ਼ੈਂਪੇਨ, ਸ਼ਰਾਬ ਅਤੇ ਠੰਡੀਆਂ ਬੀਅਰਾਂ। ਪਰ ਮੈਂ ਪੱਕੇ ਯਕੀਨ ਨਾਲ ਕਹਿੰਦਾ ਹਾਂ ਕਿ ਇਹ ਸੱਚ ਨਹੀਂ ਹੈ। ਇਹ ਸਿਰਫ਼ ਤੁਹਾਡੀ ਮਾਨਸਿਕ ਕੰਡੀਸ਼ਨਿੰਗ (ਦਿਮਾਗ ਦੀ ਗੁਲਾਮੀ) ਹੈ। ਤੁਹਾਡੀ ਜ਼ਿੰਦਗੀ ਦਾ ਸਭ ਤੋਂ ਸਫ਼ਲ ਸਮਾਂ ਉਹ ਹੈ, ਜਦੋਂ ਤੁਸੀਂ ਆਪਣੀ ਜ਼ਿੰਦਗੀ ਦੀਆਂ ਕੀਮਤੀ ਰਾਤਾਂ ਤੇ ਦਿਨ ਨਸ਼ੇ ਕਰਕੇ ਖ਼ਰਾਬ ਨਹੀਂ ਕਰਦੇ। ਜਿੰਨੀ ਜ਼ਿਆਦਾ ਦੇਰ ਤੁਸੀਂ ਇਸ ਗੱਲ ਨੂੰ ਸਮਝਣ ਵਿੱਚ ਲਗਾਓਗੇ, ਓਨੀ ਹੀ ਵੱਡੀ ਕੀਮਤ ਤੁਹਾਨੂੰ ਚੁਕਾਉਣੀ ਪਵੇਗੀ। ਬਾਕੀ ਮੇਰੀਆਂ ਪੋਸਟਾਂ 'ਤੇ ਕਮੈਂਟ ਕਰਕੇ ਮੇਰੀਆਂ ਗੱਲਾਂ ਦਾ ਵਿਰੋਧ ਤੇ ਸ਼ਰਾਬ ਦੀ ਹਿਮਾਇਤ ਕਰਨ ਵਾਲਿਆਂ ਕਰਕੇ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ, ਮੈਨੂੰ ਫ਼ਰਕ (ਸਕਾਰਾਤਮਕ) ਉਦੋਂ ਪੈਂਦਾ ਹੈ ਜਦੋਂ ਕੋਈ ਦੋਸਤ ਮੈਸੇਜ ਕਰਕੇ ਜਾਂ ਕਮੈਂਟ ਕਰਕੇ ਕਹਿੰਦਾ ਹੈ ਕਿ ਉਹ ਮੇਰੀਆਂ ਪੋਸਟਾਂ ਕਰਕੇ ਸ਼ਰਾਬ ਛੱਡਣ ਦਾ ਮਨ ਬਣਾ ਚੁੱਕਾ ਹੈ ਜਾਂ ਬਣਾ ਰਿਹਾ ਹੈ।

**- ਮੀਤ ਅਨਮੋਲ**

# ਮੇਜਰ ਜਨਰਲ ਭਰਤ ਮਹਤਾਨੀ ਦੀ ਨਵੀਂ ਤਾਇਨਾਤੀ

**ਨਵੀਂ ਦਿੱਲੀ/ਪੀ.ਆਈ.ਬੀ**

ਮੇਜਰ ਜਨਰਲ ਭਰਤ ਮਹਤਾਨੀ ਨੂੰ ਐੱਨ.ਸੀ.ਸੀ ਡਾਇਰੈਕਟੋਰੇਟ ਹੈੱਡਕੁਆਰਟਰ ਤੋਂ ਕਰਨਾਟਕ ਅਤੇ ਕੇਰਲ ਸਬ-ਏਰੀਆ ਹੈੱਡਕੁਆਰਟਰ ਦੇ ਜਨਰਲ ਅਫਸਰ ਕਮਾਂਡਿੰਗ ਵਜੋਂ ਤਾਇਨਾਤ ਕੀਤਾ ਗਿਆ ਹੈ। ਮੇਜਰ ਜਨਰਲ ਭਰਤ ਮਹਤਾਨੀ ਇਸ ਸਮੇਂ ਐੱਨ.ਸੀ,ਸੀ ਡਾਇਰੈਕਟੋਰੇਟ ਵਿਖੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਲਈ ਐਡੀਸ਼ਨਲ ਡਾਇਰੈਕਟਰ ਜਨਰਲ (147) ਦੇ ਤੌਰ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਨੇ 1 ਨਵੰਬਰ, 2025 ਨੂੰ ਇਹ ਵੱਕਾਰੀ ਕਮਾਂਡ ਸੰਭਾਲੀ ਸੀ, ਅਤੇ ਆਊਟਗੋਇੰਗ ਅਫਸਰ, ਮੇਜਰ ਜਨਰਲ ਜਗਦੀਪ ਸਿੰਘ ਚੀਮਾ ਤੋਂ ਰਵਾਇਤੀ ਅਹੁਦਾ ਪ੍ਰਾਪਤ ਕੀਤੀ ਸੀ। 7 ਮਹੀਨਿਆਂ ਦੇ ਸਫਲ ਅਤੇ ਪ੍ਰਭਾਵਸ਼ਾਲੀ ਕਾਰਜਕਾਲ ਤੋਂ ਬਾਅਦ, ਇਹ ਜਨਰਲ ਅਫਸਰ ਬੰਗਲੁਰੂ ਵਿੱਚ ਕਰਨਾਟਕ ਅਤੇ ਕੇਰਲ ਸਬ-ਏਰੀਆ ਹੈੱਡਕੁਆਰਟਰ ਦੇ ਜਨਰਲ ਅਫਸਰ ਕਮਾਂਡਿੰਗ ਦੇ ਤੌਰ 'ਤੇ ਕਮਾਨ



ਸੰਭਾਲਣ ਲਈ ਤਿਆਰ ਹਨ। ਮੇਜਰ ਜਨਰਲ ਭਰਤ ਮਹਤਾਨੀ ਆਪਣੇ ਨਵੇਂ ਅਹੁਦੇ 'ਤੇ ਵਿਆਪਕ ਤਜ਼ਰਬਾ ਲੈ ਕੇ ਆਏ ਹਨ।

ਐੱਨ.ਸੀ.ਸੀ. ਦੇ ਐਡੀਸ਼ਨਲ ਡਾਇਰੈਕਟਰ ਜਨਰਲ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ, ਉਨ੍ਹਾਂ ਨੇ ਸਾਊਥ ਸੈਕਟਰ ਵਿੱਚ ਇੱਕ ਇਨਫੈਂਟਰੀ ਬ੍ਰਿਗੇਡ, ਝਾਰਖੰਡ ਅਤੇ ਬਿਹਾਰ ਸਬ-ਏਰੀਆ ਵਿੱਚ ਪੱਛਮੀ ਖੇਤਰ ਵਿੱਚ ਇੱਕ ਇਨਫੈਂਟਰੀ ਡਿਵੀਜ਼ਨ ਦੀ ਕਮਾਂਡ ਸੰਭਾਲੀ ਸੀ। ਆਪਣੀ ਸ਼ਾਨਦਾਰ ਸੇਵਾ ਲਈ, ਉਨ੍ਹਾਂ ਨੂੰ , ਪੱਛਮੀ ਕਮਾਂਡ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ ਹੈ ਉਨ੍ਹਾਂ ਦੇ ਪ੍ਰਭਾਵਸ਼ਾਲੀ ਕਾਰਜਕਾਲ, ਅਗਵਾਈ ਅਤੇ ਯੁਵਾ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਨ ਲਈ, ਐੱਨ.ਸੀ.ਸੀ ਹੈੱਡਕੁਆਰਟਰ ਨੇ ਇਸ ਜਨਰਲ ਅਫਸਰ ਲਈ ਇੱਕ ਰਸਮੀ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ।

# ਨਵੇਂ ਇਨਕਮ ਟੈਕਸ ਐਕਟ, 2025 ਅਤੇ ਨਵੇਂ ਇਨਕਮ ਟੈਕਸ ਨਿਯਮ, 2026 'ਤੇ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ

**ਚੰਡੀਗੜ੍ਹ/ਪੀਆਈਬੀ**

ਇਨਕਮ ਟੈਕਸ ਵਿਭਾਗ (ਇੰਟੈਲੀਜੈਂਸ ਅਤੇ ਕ੍ਰਿਮੀਨਲ ਇਨਵੈਸਟੀਗੇਸ਼ਨ) ਡਾਇਰੈਕਟੋਰੇਟ, ਚੰਡੀਗੜ੍ਹ ਵੱਲੋਂ ਪ੍ਰਾਰੰਭ 2026 ਦੀ ਦੇਸ਼ ਵਿਆਪੀ ਮੁਹਿੰਮ ਤਹਿਤ ਚੰਡੀਗੜ੍ਹ ਅਤੇ ਫਰੀਦਾਬਾਦ ਵਿਖੇ ਇੱਕ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਸ਼੍ਰੀ ਰੋਹਿਤ ਸ਼ਰਮਾ, ਆਈਆਰਐੱਸ, ਡਾਇਰੈਕਟਰ ਇਨਕਮ ਟੈਕਸ, ਚੰਡੀਗੜ੍ਹ ਅਤੇ ਸ਼੍ਰੀਮਤੀ ਗਗਨ ਕੁੰਦਰਾ, ਆਈਆਰਐੱਸ, ਐਡੀਸ਼ਨਲ ਡਾਇਰੈਕਟਰ ਇਨਕਮ ਟੈਕਸ,, ਚੰਡੀਗੜ੍ਹ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦਾ ਆਯੋਜਨ ਇੰਸਟੀਟਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਇੰਡੀਆ ਦੀ ਐੱਨਆਈਆਰਸੀ ਚੰਡੀਗੜ੍ਹ ਸ਼ਾਖਾ ਅਤੇ ਫਰੀਦਾਬਾਦ ਸ਼ਾਖਾ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਸੈਮੀਨਾਰ ਵਿੱਚ ਆਈਸੀਏਆਈ ਦੇ ਮੈਂਬਰਾਂ, ਬਾਰ ਐਸੋਸੀਏਸ਼ਨ ਦੇ ਮੈਂਬਰਾਂ, ਬੈਂਕਰਾਂ ਅਤੇ ਤਹਿਸੀਲਦਾਰਾਂ ਨੇ ਸਰਗਰਮ ਭਾਗੀਦਾਰੀ ਕੀਤੀ। ਪ੍ਰੋਗਰਾਮ ਦਾ ਉਦੇਸ਼ ਨਵੇਂ ਇਨਕਮ ਟੈਕਸ ਐਕਟ, 2025 ਅਤੇ ਨਵੇਂ ਇਨਕਮ ਟੈਕਸ ਨਿਯਮ, 2026 ਦੇ ਨਾਲ-ਨਾਲ ਆਈਐਂਡਸੀਆਈ ਡਾਇਰੈਕਟੋਰੇਟ ਨਾਲ ਸਬੰਧਤ ਐਸਐਫਟੀ ਅਤੇ ਐਸਆਰਏ ਦੀ ਫਾਈਲਿੰਗ ਲਈ ਨਵੇਂ ਫਾਰਮ 97, 98, 165, 166 ਅਤੇ 167 ਦੇ ਪ੍ਰਾਵਧਾਨਾਂ (ਨਿਯਮਾਂ) ਬਾਰੇ ਸਪੱਸ਼ਟਤਾ ਪ੍ਰਦਾਨ ਕਰਨਾ ਸੀ। ਇਸ ਜਾਗਰੂਕਤਾ ਪ੍ਰੋਗਰਾਮ ਦਾ ਇੱਕ ਮਹੱਤਵਪੂਰਨ ਹਿੱਸਾ 19-ਸਮਰੱਥ ÷ਕਰ ਸਾਥੀ÷ ਚੈਟਬੋਟ ਦਾ ਪ੍ਰਦਰਸ਼ਨ ਸੀ। ਹਾਜ਼ਰ ਪ੍ਰਤੀਭਾਗੀਆਂ ਨੂੰ ਚੈਟਬੋਟ ਦੀ ਕਾਰਜਪ੍ਰਣਾਲੀ ਅਤੇ ਵਰਤੋਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ 19-ਸਮਰੱਥ ਚੈਟਬੋਟ ਕਰ ਸਾਥੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.incometaxindia.gov.in 'ਤੇ ਉਪਲਬਧ ਹੈ। ਇਸੇ ਉਦੇਸ਼ ਲਈ ਕਰ ਸਾਥੀ 'ਤੇ ਇੱਕ





ਵਿਸ਼ੇਸ਼ ਡੈਸਕ ਵੀ ਸਥਾਪਿਤ ਕੀਤਾ ਗਿਆ, ਤਾਂ ਜੋ ਪ੍ਰਤੀਭਾਗੀਆਂ ਨੂੰ ਇਨਕਮ ਟੈਕਸ ਵੈੱਬਸਾਈਟ 'ਤੇ ਉਪਲਬਧ ਨਵੇਂ 19 ਟੂਲਸ ਦਾ ਵਿਵਹਾਰਕ ਅਨੁਭਵ (ਪ੍ਰੈਕਟੀਕਲ ਤਜ਼ਰਬਾ) ਹਾਸਲ ਹੋ ਸਕੇ। ਪ੍ਰਤੀਭਾਗੀਆਂ ਨੂੰ ਇਨਕਮ ਟੈਕਸ ਐਕਟ, 1961 ਦੇ ਨਿਯਮ 1145 ਦੇ ਅਧੀਨ ਸਟੇਟਮੈਂਟ ਆਫ਼ ਫਾਇਨੈਨਸ਼ੀਅਲ ਟਰਾਂਜ਼ੈਕਸ਼ਨਸ ਦਾਖਲ ਕਰਨ ਦੀ ਸਮਾਂ-ਸੀਮਾ ਅਤੇ ਪ੍ਰਕਿਰਿਆ ਬਾਰੇ ਜਾਗਰੂਕ ਕੀਤਾ ਗਿਆ। ਨਾਲ ਹੀ ਉਨ੍ਹਾਂ ਨੂੰ ਵਿੱਤੀ ਵਰ੍ਹੇ 2025-26 ਲਈ ਐਸਐਫਟੀ ਨੂੰ 31 ਮਈ 2026 ਤੱਕ ਸਮਾਂਬੱਧ ਅਤੇ ਸਹੀ ਤਰੀਕੇ ਨਾਲ ਦਾਖਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸੈਮੀਨਾਰ ਦੌਰਾਨ ਸ਼੍ਰੀਮਤੀ ਸਰਿਤਾ ਅਗਰਵਾਲ, ਅਸਿਸਟੈਂਟ ਡਾਇਰੈਕਟਰ ਇਨਕਮ ਟੈਕਸ ਚੰਡੀਗੜ੍ਹ ਨੇ ਨਵੇਂ ਇਨਕਮ ਟੈਕਸ ਐਕਟ, 2025 ਦੀਆਂ ਮੁੱਖ ਵਿਸ਼ੇਸ਼ਤਾਵਾਂ, ਆਈ ਐਂਡਸੀਆਈ ਡਾਇਰੈਕਟੋਰੇਟ ਦੀ ਭੂਮਿਕਾ ਅਤੇ ਐੱਸਐਫਟੀ ਫਾਈਲਿੰਗ ਨਾਲ ਸਬੰਧਤ ਪਾਲਣਾ ਲੋੜਾਂ 'ਤੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਉੱਥੇ ਹੀ ਫਰੀਦਾਬਾਦ ਵਿਖੇ ਸ਼੍ਰੀ ਵਿਕਾਸ ਪਰਿਹਾਰ, ਇਨਕਮ ਟੈਕਸ ਅਫ਼ਸਰ , ਫਰੀਦਾਬਾਦ ਨੇ ਸੈਸ਼ਨ ਨੂੰ ਸੰਬੋਧਿਤ ਕੀਤਾ। ਪ੍ਰੋਗਰਾਮ ਦੇ ਅਧੀਨ ਇੱਕ ਵਿਚਾਰ-ਵਟਾਂਦਰਾ ਸੈਸ਼ਨ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸ਼੍ਰੀਮਤੀ ਸਰਿਤਾ ਅਗਰਵਾਲ, ਆਈਆਰਐੱਸ ਨੇ ਪ੍ਰਤੀਭਾਗੀਆਂ ਵੱਲੋਂ ਪੁੱਛੇ ਗਏ ਵੱਖ-ਵੱਖ ਸਵਾਲਾਂ ਦੇ ਜਵਾਬ ਅਤੇ ਸਪੱਸ਼ਟੀਕਰਣ ਦਿੱਤੇ। ਪ੍ਰੋਗਰਾਮ ਦੀ ਸਮਾਪਤੀ ਹਿੱਸੇਦਾਰਾਂ ਨਾਲ ਬਿਹਤਰ ਤਾਲਮੇਲ ਸਥਾਪਿਤ ਕਰਕੇ ਇਨਕਮ ਟੈਕਸ ਐਕਟ ਦੇ ਨਿਯਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂਕਰਨ ਅਤੇ ਬਿਹਤਰ ਪਾਲਣਾ ਯਕੀਨੀ ਬਣਾਉਣ 'ਤੇ ਜ਼ੋਰ ਦਿੰਦਿਆਂ ਹੋਈ।

# ਜਨਗਣਨਾ 2027: ਚੰਡੀਗੜ੍ਹ ਵਿੱਚ ਮਕਾਨ ਸੂਚੀਕਰਣ ਦਾ ਕੰਮ ਸੌ ਫੀਸਦੀ ਮੁਕੰਮਲ

**ਚੰਡੀਗੜ੍ਹ/ਪ੍ਰੈਸ ਸੂਚਨਾ ਬਿਊਰੋ**

ਜਨਗਣਨਾ ਸੰਚਾਲਨ ਡਾਇਰੈਕਟੋਰੇਟ, ਚੰਡੀਗੜ੍ਹ ਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਜਨਗਣਨਾ 2027 ਅਧੀਨ ਮਕਾਨ ਸੂਚੀਕਰਣ ਬਲਾਕ ਦਾ ਕੰਮ ਸਫ਼ਲਤਾਪੂਰਵਕ ਮੁਕੰਮਲ ਕਰ ਲਿਆ ਗਿਆ ਹੈ। 29 ਮਈ 2026 ਦੀ ਤਾਜ਼ਾ ਪ੍ਰਗਤੀ ਰਿਪੋਰਟ ਦੇ ਅਨੁਸਾਰ, ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਸਾਰੇ 2,054 ਮਕਾਨ ਸੂਚੀਕਰਣ ਬਲਾਕਾਂ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ, ਜਿਸ ਨਾਲ ਚੰਡੀਗੜ੍ਹ ਦੇ ਸਾਰੇ 10 ਜਨਗਣਨਾ ਖਰਚਿਆਂ ਵਿੱਚ 100 ਫੀਸਦੀ ਕਵਰੇਜ ਯਕੀਨੀ ਹੋਈ ਹੈ। ਇਹ ਮਹੱਤਵਪੂਰਨ ਪ੍ਰਾਪਤੀ ਗਣਨਾਕਾਰਾਂ, ਸੁਪਰਵਾਈਜ਼ਰਾਂ , ਚਾਰਜ ਅਫ਼ਸਰਾਂ ਅਤੇ ਹੋਰ ਜਨਗਣਨਾ ਕਰਮਚਾਰੀਆਂ ਦੇ ਸਮਰਪਿਤ ਯਤਨਾਂ ਸਦਕਾ ਸੰਭਵ ਹੋ ਸਕੀ ਹੈ, ਜਿਨ੍ਹਾਂ ਨੇ ਮਕਾਨ ਸੂਚੀਕਰਣ ਦੇ ਕੰਮ ਨੂੰ ਸਮੇਂ ਸਿਰ ਪੂਰਾ ਕਰਨ ਲਈ ਅਣਥੱਕ ਮਿਹਨਤ ਕੀਤੀ। ਨਿਰੰਤਰ ਨਿਗਰਾਨੀ ਅਤੇ ਪ੍ਰਭਾਵਸ਼ਾਲੀ ਫੀਲਡ ਤਾਲਮੇਲ ਨੇ ਇਸ ਟੀਚੇ ਨੂੰ ਹਾਸਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਪ੍ਰਾਪਤੀ 'ਤੇ ਜਨਗਣਨਾ ਸੰਚਾਲਨ ਨਿਰਦੇਸ਼ਕ, ਚੰਡੀਗੜ੍ਹ, ਡਾ. ਨਵਜੋਤ ਖੋਸਾ, ਆਈਏਐੱਸ ਅਤੇ ਪ੍ਰਧਾਨ ਜਨਗਣਨਾ ਅਧਿਕਾਰੀ, ਚੰਡੀਗੜ੍ਹ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਨੇ ਇਸ ਕਾਰਜ ਵਿੱਚ ਲੱਗੇ ਸਾਰੇ ਅਧਿਕਾਰੀਆਂ ਅਤੇ ਫੀਲਡ ਕਰਮਚਾਰੀਆਂ ਦੀ ਵਚਨਬੱਧਤਾ ਅਤੇ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਚੰਡੀਗੜ੍ਹ ਦੇ ਨਾਗਰਿਕਾਂ ਵੱਲੋਂ ਦਿੱਤੇ ਗਏ ਪੂਰਨ ਸਹਿਯੋਗ ਲਈ ਵੀ ਧੰਨਵਾਦ ਪ੍ਰਗਟਾਇਆ, ਜਿਸ ਸਦਕਾ ਇਸ ਮਹੱਤਵਪੂਰਨ ਰਾਸ਼ਟਰੀ ਕਾਰਜ ਨੂੰ ਸਫ਼ਲਤਾਪੂਰਵਕ ਪੂਰਾ ਕੀਤਾ ਜਾ ਸਕਿਆ। ਜਨਗਣਨਾ ਸੰਚਾਲਨ ਡਾਇਰੈਕਟੋਰੇਟ, ਚੰਡੀਗੜ੍ਹ ਹੁਣ ਜਨਗਣਨਾ 2027 ਦੇ ਅਗਲੇ ਪੜਾਅ ਯਾਨੀ ਜਨਸੰਖਿਆ ਗਣਨਾ ਲਈ ਪੂਰੀ ਤਰ੍ਹਾਂ ਤਿਆਰ ਹੈ, ਜਿਸ ਦੀ ਸ਼ੁਰੂਆਤ ਫਰਵਰੀ 2027 ਵਿੱਚ ਪ੍ਰਸਤਾਵਿਤ ਹੈ। ਇਸ ਦੇ ਸੁਚਾਰੂ ਅਤੇ ਸਫ਼ਲ ਲਾਗੂਕਰਨ ਲਈ ਸਾਰੀਆਂ ਲੋੜੀਂਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਜਨਗਣਨਾ ਵਿਭਾਗ ਇਸ ਕਾਰਜ ਵਿੱਚ ਸਹਿਯੋਗ ਅਤੇ ਭਾਗੀਦਾਰੀ ਦੇਣ ਵਾਲੇ ਸਾਰੇ ਹਿੱਸੇਦਾਰਾਂ ਅਤੇ ਨਾਗਰਿਕਾਂ ਪ੍ਰਤੀ ਦਿਲੋਂ ਧੰਨਵਾਦ ਪ੍ਰਗਟ ਕਰਦਾ ਹੈ। ਵਿਭਾਗ ਜਨਗਣਨਾ 2027 ਦੇ ਆਉਣ ਵਾਲੇ ਪੜਾਵਾਂ ਵਿੱਚ ਉੱਚਤਮ ਡੇਟਾ ਗੁਣਵੱਤਾ, ਕਾਰਜਕੁਸ਼ਲਤਾ ਅਤੇ ਜਨਤਕ ਸੇਵਾ ਦੇ ਮਿਆਰਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਹੈ।

# ਲੈਫਟੀਨੈਂਟ ਜਨਰਲ ਹਰਜੀਤ ਸਿੰਘ ਸਾਹੀ ਨੇ ਪੱਛਮੀ ਕਮਾਂਡ ਦੇ ਚੀਫ਼ ਆਫ਼ ਸਟਾਫ਼ ਵਜੋਂ ਅਹੁਦਾ ਸੰਭਾਲਿਆ

**ਚੰਡੀਗੜ੍ਹ/ਪੀ.ਆਈ.ਬੀ**

ਲੈਫਟੀਨੈਂਟ ਜਨਰਲ ਹਰਜੀਤ ਸਿੰਘ ਸਾਹੀ, ਪੀਵੀਐਸਐਮ, ਯੂਵਾਈਐਸਐਮ, ਏਵੀਐਸਐਮ, ਵਾਈਐਸਐਮ, ਐਸਐਮ, ਨੇ 26 ਮਈ 2026 ਨੂੰ ਚੰਡੀਮੰਦਰ ਮਿਲਟਰੀ ਸਟੇਸ਼ਨ ਵਿਖੇ ਹੈੱਡਕੁਆਰਟਰ ਪੱਛਮੀ ਕਮਾਂਡ ਦੇ ਚੀਫ਼ ਆਫ਼ ਸਟਾਫ਼ ਵਜੋਂ ਅਹੁਦਾ ਸੰਭਾਲਿਆ। ਉਹ ਲੈਫਟੀਨੈਂਟ ਜਨਰਲ ਪੁਨੀਤ ਆਹੂਜਾ, ਏਵੀਐਸਐਮ, ਐਸਐਮ, ਵੀਐਸਐਮ ਦੀ ਥਾਂ ਲੈਣਗੇ, ਜਿਨ੍ਹਾਂ ਨੇ ਆਰਮੀ ਹੈੱਡਕੁਆਰਟਰ ਵਿਖੇ ਡਾਇਰੈਕਟਰ ਜਨਰਲ ਰਣਨੀਤਕ ਯੋਜਨਾਬੰਦੀ ਦਾ ਅਹੁਦਾ ਸੰਭਾਲਿਆ ਹੈ। ਪੰਜਾਬ ਪਬਲਿਕ ਸਕੂਲ, ਨਾਭਾ ਅਤੇ ਇੰਡੀਅਨ ਮਿਲਟਰੀ ਅਕੈਡਮੀ, ਦੇਹਰਾਦੂਨ ਦੇ ਸਾਬਕਾ ਵਿਦਿਆਰਥੀ, ਲੈਫਟੀਨੈਂਟ ਜਨਰਲ ਸਾਹੀ ਨੂੰ ਦਸੰਬਰ 1988 ਵਿੱਚ ਰਾਜਪੂਤ ਰੈਜੀਮੈਂਟ ਦੀ 23ਵੀਂ ਬਟਾਲੀਅਨ ਵਿੱਚ ਕਮਿਸ਼ਨ ਦਿੱਤਾ ਗਿਆ ਸੀ ਅਤੇ ਵਰਤਮਾਨ ਵਿੱਚ ਰਾਜਪੂਤ ਰੈਜੀਮੈਂਟ ਦੇ ਕਰਨਲ ਦਾ ਵੱਕਾਰੀ ਰੈਂਕ ਪ੍ਰਾਪਤ ਹੈ। ਜਨਰਲ ਅਫਸਰ ਕੋਲ ਸਿਆਚਿਨ ਗਲੇਸ਼ੀਅਰ ਸਮੇਤ ਉੱਤਰੀ, ਪੱਛਮੀ ਅਤੇ ਪੂਰਬੀ ਸੈਕਟਰਾਂ ਵਿੱਚ ਵਿਆਪਕ ਸੰਚਾਲਨ ਦਾ ਤਜਰਬਾ ਹੈ। ਉਸਨੇ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਅਤੇ ਕਾਊਂਟਰ ਇਨਸਰਜੈਂਸੀ ਫੋਰਸ ਦੇ ਨਾਲ ਆਪਣੀ ਬਟਾਲੀਅਨ ਅਤੇ ਇੱਕ ਪੈਦਲ ਬ੍ਰਿਗੇਡ ਦੀ ਕਮਾਂਡ ਕੀਤੀ। ਉਸਨੂੰ ਭਾਰਤੀ ਫੌਜ ਦੀ ਸਭ ਤੋਂ ਵੱਡੀ ਕੋਰ, 3 ਕੋਰ ਦੀ ਕਮਾਂਡ ਕਰਨ ਦਾ ਵਿਸ਼ੇਸ਼ ਮਾਣ ਪ੍ਰਾਪਤ ਹੈ, ਜਿਸਦੀ ਜ਼ਿੰਮੇਵਾਰੀ ਪੂਰਬੀ ਸਰਹੱਦਾਂ, ਭਾਰਤ-ਮਿਆਂਮਾਰ ਸਰਹੱਦ ਅਤੇ ਛੇ ਉੱਤਰ-ਪੂਰਬੀ ਰਾਜਾਂ ਦੇ ਅੰਦਰੂਨੀ ਖੇਤਰਾਂ ਤੱਕ ਫੈਲੀ ਹੋਈ ਹੈ। ਮਈ 2013 ਵਿੱਚ ਮਨੀਪੁਰ ਵਿੱਚ ਨਸਲੀ ਟਕਰਾਅ ਦੌਰਾਨ, ਉਸਨੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਅਤੇ ਆਪਣੀ ਜ਼ਿੰਮੇਵਾਰੀ ਦੇ ਖੇਤਰ ਵਿੱਚ ਸਥਿਰਤਾ ਨੂੰ ਯਕੀਨੀ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ। ਇਸ



ਨਿਯੁਕਤੀ ਤੋਂ ਪਹਿਲਾਂ, ਉਸਨੇ ਆਰਮੀ ਵਾਰ ਕਾਲਜ, ਮਹੂ ਦੇ ਕਮਾਂਡੈਂਟ ਵਜੋਂ ਸੇਵਾ ਨਿਭਾਈ, ਜਿੱਥੇ ਉਸਨੇ ਉੱਭਰ ਰਹੀਆਂ ਸੰਚਾਲਨ ਜ਼ਰੂਰਤਾਂ ਅਤੇ ਤਕਨੀਕੀ ਤਰੱਕੀਆਂ ਨਾਲ ਪੇਸ਼ੇਵਰ ਫੌਜੀ ਸਿੱਖਿਆ ਨੂੰ ਇਕਸਾਰ ਕਰਨ ਲਈ ਕਈ ਮੁੱਖ ਪਹਿਲਕਦਮੀਆਂ ਸ਼ੁਰੂ ਕੀਤੀਆਂ। ਉਸਦੀ ਅਗਵਾਈ ਹੇਠ, ਸੰਸਥਾ ਨੂੰ 15 ਜਨਵਰੀ 2016 ਨੂੰ ਵੱਕਾਰੀ ਚੀਫ਼ ਆਫ਼ ਦ ਆਰਮੀ ਸਟਾਫ ਯੂਨਿਟ ਐਪਰੀਸੀਏਸ਼ਨ ਨਾਲ ਸਨਮਾਨਿਤ ਕੀਤਾ ਗਿਆ ਸੀ। ਜਨਰਲ ਅਫਸਰ ਨੇ ਕਈ ਮਹੱਤਵਪੂਰਨ ਸਟਾਫ ਨਿਯੁਕਤੀਆਂ ਵੀ ਕੀਤੀਆਂ ਹਨ, ਜਿਨ੍ਹਾਂ ਵਿੱਚ ਇੱਕ ਆਪ੍ਰੇਸ਼ਨਲ ਕੋਰ ਦੇ ਬ੍ਰਿਗੇਡੀਅਰ ਜਨਰਲ ਸਟਾਫ, ਐਡੀਸ਼ਨਲ ਡਾਇਰੈਕਟਰ ਜਨਰਲ ਮਿਲਟਰੀ ਆਪ੍ਰੇਸ਼ਨ, ਅਤੇ ਆਰਮੀ ਹੈੱਡਕੁਆਰਟਰ ਵਿਖੇ ਡਾਇਰੈਕਟਰ ਜਨਰਲ ਇਨਫਰਮੇਸ਼ਨ ਵਾਰਫੇਅਰ ਸ਼ਾਮਲ ਹਨ।

ਉਸਨੇ ਸਾਰੇ ਮਹੱਤਵਪੂਰਨ ਪੇਸ਼ੇਵਰ ਕੋਰਸ ਪੂਰੇ ਕੀਤੇ ਹਨ, ਜਿਨ੍ਹਾਂ ਵਿੱਚ ਡੀਐਸਐਸਸੀ ਵੈਲਿੰਗਟਨ ਵਿਖੇ ਸਟਾਫ ਕੋਰਸ, ਆਰਮੀ ਵਾਰ ਕਾਲਜ, ਮਹੂ ਵਿਖੇ ਹਾਇਰ ਕਮਾਂਡ ਕੋਰਸ ਅਤੇ ਨਵੀਂ ਦਿੱਲੀ ਵਿਖੇ ਨੈਸ਼ਨਲ ਡਿਫੈਂਸ ਕਾਲਜ ਵਿਖੇ ਐਨਡੀਸੀ ਕੋਰਸ ਸ਼ਾਮਲ ਹਨ। ਲੈਫਟੀਨੈਂਟ ਜਨਰਲ ਸਾਹੀ ਕੋਲ ਦੋ ਐਮਫਿਲ ਡਿਗਰੀਆਂ ਅਤੇ ਰੱਖਿਆ ਅਤੇ ਰਣਨੀਤਕ ਅਧਿਐਨ ਵਿੱਚ ਮਾਸਟਰ ਡਿਗਰੀ ਹੈ। ਉਨ੍ਹਾਂ ਦੀਆਂ ਵਿਲੱਖਣ ਸੇਵਾਵਾਂ ਲਈ, ਉਨ੍ਹਾਂ ਨੂੰ ਪਰਮ ਵਿਸ਼ਿਸ਼ਟ ਸੇਵਾ ਮੈਡਲ, ਉੱਤਮ ਯੁੱਧ ਸੇਵਾ ਮੈਡਲ, ਅਤਿ ਵਿਸ਼ਿਸ਼ਟ ਸੇਵਾ ਮੈਡਲ, ਯੁੱਧ ਸੇਵਾ ਮੈਡਲ ਅਤੇ ਸੈਨਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਹੈ।

ਅਹੁਦਾ ਸੰਭਾਲਣ 'ਤੇ, ਲੈਫਟੀਨੈਂਟ ਜਨਰਲ ਸਾਹੀ ਨੇ ਵੀਰ ਸਮ੍ਰਿਤੀ ਯੁੱਧ ਸਮਾਰਕ 'ਤੇ ਫੁੱਲਮਾਲਾ ਭੇਟ ਕਰਕੇ ਰਾਸ਼ਟਰ ਦੀ ਸੇਵਾ ਵਿੱਚ ਸਰਵਉੱਚ ਕੁਰਬਾਨੀ ਦੇਣ ਵਾਲੇ ਬਹਾਦਰ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਨੇ ਕਾਰਜਸ਼ੀਲ ਤਿਆਰੀ, ਸਮਰੱਥਾ ਵਿਕਾਸ ਅਤੇ ਸਾਰੇ ਰੈਂਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

# ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਏ ਜਾਣ 'ਤੇ ਭਾਜਪਾ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ

## ਕੇਵਲ ਸਿੰਘ ਢਿੱਲੋਂ ਇਕ ਮਿਹਨਤੀ, ਇਮਾਨਦਾਰ ਅਤੇ ਤਜਰਬੇਕਾਰ ਆਗੂ ਹਨ, ਉਨ੍ਹਾਂ ਦੇ ਤਜਰਬੇ ਦਾ ਭਾਜਪਾ ਨੂੰ ਲਾਭ ਮਿਲੇਗਾ : ਰਜਨੀਸ਼ ਧੀਮਾਨ

**ਲੁਧਿਆਣਾ/ਇੰਦਰਜੀਤ**

ਪੰਜਾਬ ਭਾਜਪਾ ਦੇ ਨਵੇਂ ਪ੍ਰਦੇਸ਼ ਪ੍ਰਧਾਨ ਵਜੋਂ ਸਰਦਾਰ ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ 'ਤੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪਾਰਟੀ ਵਰਕਰਾਂ ਨਾਲ ਲੱਡੂ ਵੰਡ ਕੇ ਖੁਸ਼ੀ ਮਨਾਈ। ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਅੱਜ ਚੰਡੀਗੜ੍ਹ ਸਥਿਤ ਭਾਜਪਾ ਦਫ਼ਤਰ ਪਹੁੰਚੇ ਅਤੇ ਨਵੇਂ ਨਿਯੁਕਤ ਪ੍ਰਦੇਸ਼ ਪ੍ਰਧਾਨ ਸਰਦਾਰ ਕੇਵਲ ਸਿੰਘ ਢਿੱਲੋਂ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ। ਇਸ ਮੌਕੇ ਰਜਨੀਸ਼ ਧੀਮਾਨ ਨੇ ਕਿਹਾ ਕਿ ਸਰਦਾਰ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਪੰਜਾਬ ਭਾਜਪਾ ਹੋਰ ਮਜ਼ਬੂਤ ਹੋਵੇਗੀ ਅਤੇ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਨਵੀਂ ਊਰਜਾ ਮਿਲੇਗੀ। ਉਨ੍ਹਾਂ ਕਿਹਾ ਕਿ



ਕੇਵਲ ਸਿੰਘ ਢਿੱਲੋਂ ਇਕ ਮਿਹਨਤੀ, ਇਮਾਨਦਾਰ ਅਤੇ ਤਜਰਬੇਕਾਰ ਆਗੂ ਹਨ, ਜਿਨ੍ਹਾਂ ਨੇ ਹਮੇਸ਼ਾ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕੀਤਾ ਹੈ। ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਵਿੱਚ ਭਾਜਪਾ ਸੰਗਠਨ ਨੂੰ ਮਜ਼ਬੂਤੀ ਮਿਲੇਗੀ ਅਤੇ ਪਾਰਟੀ ਆਉਣ ਵਾਲੀਆਂ ਚੋਣਾਂ ਵਿੱਚ ਵਧੀਆ ਪ੍ਰਦਰਸ਼ਨ ਕਰੇਗੀ। ਰਜਨੀਸ਼ ਧੀਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਲੋਕ-ਭਲਾਈ ਨੀਤੀਆਂ ਅਤੇ ਪ੍ਰਦੇਸ਼ ਨੇਤ੍ਰਿਤਵ ਦੀ ਰਹਿਨੁਮਾਈ ਹੇਠ ਭਾਜਪਾ ਲਗਾਤਾਰ ਲੋਕਾਂ ਦਾ ਵਿਸ਼ਵਾਸ ਜਿੱਤ ਰਹੀ ਹੈ। ਇਸ ਮੌਕੇ ਭਾਜਪਾ ਵਰਕਰਾਂ ਨੇ ਇਕ-ਦੂਜੇ ਨੂੰ ਮਿੱਠਾਈ ਖਿਲਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਪਾਰਟੀ ਨੇਤ੍ਰਿਤਵ ਦਾ ਧੰਨਵਾਦ ਕੀਤਾ। ਇਸ ਮੌਕੇ ਭਾਜਪਾ ਜ਼ਿਲ੍ਹਾ ਮਹਾਮੰਤਰੀ ਸਰਦਾਰ ਨਰਿੰਦਰ ਸਿੰਘ ਮੱਲੀ ਵੀ ਮੌਜੂਦ ਸਨ।

# ਉਦਯੋਗਿਕ ਮੁੱਦੇ 5 ਜੂਨ ਤੱਕ ਹੱਲ ਨਾ ਹੋਏ ਤਾਂ 'ਪੰਜਾਬ ਬੰਦ' ਕੀਤਾ ਜਾਵੇਗਾ : ਕੰਸੋਰਟੀਅਮ

**ਲੁਧਿਆਣਾ** : ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕਥਿਤ ਤੌਰ 'ਤੇ ਪਰੇਸ਼ਾਨ ਕੀਤੇ ਜਾਣ ਵਿਰੁੱਧ ਲੁਧਿਆਣਾ ਦੇ 14 ਪ੍ਰਮੁੱਖ ਉਦਯੋਗਿਕ ਅਤੇ ਵਪਾਰਕ ਸੰਗਠਨਾਂ ਦੇ ਸਮੂਹ ਦੇ ਬੈਨਰ ਹੇਠ ਇੱਕ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕਰਨਾ ਸੀ । ਇਹ ਵਿਰੋਧ ਪ੍ਰਦਰਸ਼ਨ ਲੁਧਿਆਣਾ ਦੇ ਫੋਕਲ ਪੁਆਇੰਟ 'ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਫਤਰ ਦੇ ਸਾਹਮਣੇ ਹੋਣਾ ਤੈਅ ਸੀ। ਹਾਲਾਂਕਿ, ਇਹ ਵਿਰੋਧ ਪ੍ਰਦਰਸ਼ਨ ਨਹੀਂ ਹੋ ਸਕਿਆ ਕਿਉਂਕਿ ਪੁਲਿਸ ਵਿਭਾਗ ਨੇ ਵੱਡੀ ਗਿਣਤੀ ਵਿੱਚ ਫੋਰਸਾਂ, ਵਾਟਰ ਕੈਨਨਾਂ ਅਤੇ ਐਂਟੀ ਰੋਇਟ ਵਾਹਨਾਂ ਸਮੇਤ ਤਾਇਨਾਤ ਕੀਤੀਆਂ ਅਤੇ ਉਨ੍ਹਾਂ ਨੇ ਉਦਯੋਗਪਤੀਆਂ ਨੂੰ ਪ੍ਰਦਰਸ਼ਨ ਨੂੰ ਅੱਗੇ ਵਧਾਉਣ ਦੀ ਇਜਾਜ਼ਤ ਨਹੀਂ ਦਿੱਤੀ। ਇਸ ਤੋਂ ਬਾਅਦ ਉਦਯੋਗਿਕ ਪ੍ਰਤੀਨਿਧੀਆਂ ਅਤੇ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ ਵਿਚਕਾਰ ਇੱਕ ਮੀਟਿੰਗ ਹੋਈ ਜਿਸ ਵਿੱਚ ਸ. ਜਸਕਿਰਨਜੀਤ ਸਿੰਘ ਤੇਜਾ, ਆਈਪੀਐਸ, ਡਿਪਟੀ ਕਮਿਸ਼ਨਰ ਆਫ਼ ਪੁਲਿਸ, ਲੁਧਿਆਣਾ, ਸ਼੍ਰੀ ਅਮਿਤ ਕੁਮਾਰ ਆਈਏਐਸ, ਵਧੀਕ ਡਿਪਟੀ ਕਮਿਸ਼ਨਰ ਸ਼ਾਮਲ ਸਨ। ਮੀਟਿੰਗ ਦੌਰਾਨ, ਉਦਯੋਗਪਤੀਆਂ ਨੇ ਉਦਯੋਗਿਕ ਖੇਤਰ ਨੂੰ ਦਰਪੇਸ਼ ਵੱਖ-ਵੱਖ ਚਿੰਤਾਵਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਅਤੇ ਹੇਠ ਲਿਖੀਆਂ ਮੰਗਾਂ ਪੇਸ਼ ਕੀਤੀਆਂ: ਉਦਯੋਗਪਤੀਆਂ ਨੇ ਕਿਹਾ ਕਿ ਉਹ ਇੱਕ ਸ਼ਾਂਤੀਪੂਰਨ ਜਮਹੂਰੀ ਵਿਰੋਧ ਪ੍ਰਦਰਸ਼ਨ ਕਰਨਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਦਯੋਗ ਨੇ ਪੀਪੀਸੀਬੀ ਦੇ ਮੁੱਖ ਵਾਤਾਵਰਣ ਇੰਜੀਨੀਅਰ ਸ੍ਰੀ ਆਰ.ਕੇ. ਰਾਤਦਾ ਦਾ ਲੁਧਿਆਣਾ ਤੋਂ ਤੁਰੰਤ ਤਬਾਦਲਾ ਕਰਨ ਦੀ ਮੰਗ ਕੀਤੀ। ਉਦਯੋਗ ਨੇ ਉਦਯੋਗਿਕ ਇਕਾਈਆਂ ਨੂੰ ਜਾਰੀ ਕੀਤੇ ਗਏ ਸਾਰੇ ਹਾਲੀਆ ਕਾਰਨ ਦੱਸੋ ਨੋਟਿਸ ਵਾਪਸ ਲੈਣ ਦੀ ਮੰਗ ਕੀਤੀ, ਜਿਨ੍ਹਾਂ ਨੂੰ ਉਨ੍ਹਾਂ ਨੇ ਬੇਬੁਨਿਆਦ ਅਤੇ ਗੈਰ-ਵਾਜਬ ਦੱਸਿਆ। ਉਦਯੋਗ ਨੇ ਲੁਧਿਆਣਾ ਵਿੱਚ ਇੱਕ ਇਮਾਨਦਾਰ ਅਤੇ ਉਦਯੋਗ-ਪੱਖੀ ਅਧਿਕਾਰੀ ਦੀ ਨਿਯੁਕਤੀ ਦੀ ਮੰਗ ਕੀਤੀ। ਉਦਯੋਗਿਕ ਸੰਗਠਨਾਂ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਨਾਲ ਸਿੱਧੀ ਮੀਟਿੰਗ ਦੀ ਮੰਗ ਕੀਤੀ ਤਾਂ ਜੋ ਉਦਯੋਗ ਦੀਆਂ ਸ਼ਿਕਾਇਤਾਂ ਉਨ੍ਹਾਂ ਦੇ ਸਾਹਮਣੇ ਨਿੱਜੀ ਤੌਰ 'ਤੇ ਪੇਸ਼ ਕੀਤੀਆਂ ਜਾ ਸਕਣ। ਉਦਯੋਗਪਤੀਆਂ ਨੇ ਪ੍ਰਦੂਸ਼ਣ ਨਿਯਮਾਂ ਦੀ ਕਥਿਤ ਤੌਰ 'ਤੇ ਪਾਲਣਾ ਨਾ ਕਰਨ ਲਈ ਉਦਯੋਗਿਕ ਇਕਾਈਆਂ ਦੇ ਬਿਜਲੀ ਕੁਨੈਕਸ਼ਨ ਕੱਟਣ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ



ਉਦਯੋਗਾਂ ਨੂੰ ਸੁਧਾਰ ਅਤੇ ਪਾਲਣਾ ਕਰਨ ਲਈ ਇੱਕ ਉਚਿਤ ਮੌਕਾ ਅਤੇ ਵਾਜਬ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਪ੍ਰਦੂਸ਼ਣ ਬੋਰਡ ਦੇ ਨਿਯਮਾਂ ਅਨੁਸਾਰ ਕਿਸੇ ਵੀ ਯੂਨਿਟ ਦਾ ਬਿਜਲੀ ਕਨੈਕਸ਼ਨ ਨਹੀਂ ਕਟਿਆ ਜਾ ਸਕਦਾ। ਉਦਯੋਗ ਨੇ ਅੱਗੇ ਮੰਗ ਕੀਤੀ ਕਿ ਸਹਿਮਤੀ ਫੀਸਾਂ ਦੀ ਨਿਰਧਾਰਿਤਾ ਪਲਾਂਟ ਅਤੇ ਮਸ਼ੀਨਰੀ ਦੇ ਘਟੇ ਹੋਏ ਮੁੱਲ (ਦੇਪ੍ਰੀਸ਼ਟੇਡ ਵੇਲਯੂ) ਤੇ ਹੋਣੀ ਚਾਹੀਦੀ ਹੈ, ਨਾ ਕਿ ਪਲਾਂਟ ਅਤੇ ਮਸ਼ੀਨਰੀ ਦੀ ਅਸਲ ਕੀਮਤ, ਫਰਨੀਚਰ, ਫਿਕਸਚਰ, ਵਾਹਨਾਂ ਅਤੇ ਹੋਰ ਗੈਰ-ਉਤਪਾਦਕ ਸੰਪਤੀਆਂ ਵਰਗੀਆਂ ਸਥਿਰ ਸੰਪਤੀਆਂ ਦੇ ਮੁੱਲ 'ਤੇ ਅਧਾਰਤ ਤੇ ਨਹੀਂ ਹੋਣੀ ਚਾਹੀਦੀ। ਉਦਯੋਗਿਕ ਨੁਮਾਇੰਦਿਆਂ ਨੇ ਕਿਹਾ ਕਿ ਜੇਕਰ ਇਨ੍ਹਾਂ ਮਾਮਲਿਆਂ ਦਾ 5 ਜੂਨ 2026 ਤੋਂ ਪਹਿਲਾਂ ਹੱਲ ਨਹੀਂ ਕੀਤਾ ਜਾਂਦਾ ਹੈ, ਤਾਂ ਪੰਜਾਬ ਭਰ ਦੇ ਉਦਯੋਗ ਪ੍ਰਦੂਸ਼ਣ ਵਿਭਾਗ ਵੱਲੋਂ ਕਥਿਤ ਪਰੇਸ਼ਾਨੀ ਦੇ ਖਿਲਾਫ ਪੰਜਾਬ ਬੰਦ ਦਾ ਸੱਦਾ ਦੇਣ ਲਈ ਮਜਬੂਰ ਹੋਣਗੇ। ਭਾਗ ਲੈਣ ਵਾਲੀਆਂ ਐਸੋਸੀਏਸ਼ਨਾਂ ਨੇ ਦੁਹਰਾਇਆ ਕਿ ਉਦਯੋਗ ਵਾਤਾਵਰਣ ਦੀ ਪਾਲਣਾ ਅਤੇ ਟਿਕਾਊ ਨਿਰਮਾਣ ਪ੍ਰਤੀ ਵਚਨਬੱਧ ਹੈ, ਪਰ ਉਦਯੋਗਿਕ ਇਕਾਈਆਂ ਵਿਰੁੱਧ ਬੇਲੋੜੀ ਪਰੇਸ਼ਾਨੀ ਅਤੇ ਗੈਰ-ਵਾਜਬ ਕਾਰਵਾਈਆਂ ਤੁਰੰਤ ਬੰਦ ਹੋਣੀਆਂ ਚਾਹੀਦੀਆਂ ਹਨ। ਮੰਗਾਂ ਦਾ ਸਮਰਥਨ ਕਰਨ ਵਾਲੀਆਂ ਸਨਅਤੀ ਜਥੇਬੰਦੀਆਂ ਵਿਚ ਯੂਨਾਈਟਿਡ ਸਾਈਕਲਜ਼ ਐਂਡ ਪਾਰਟਸ ਮੈਨੂਫੈਕਚਰਰਜ਼ ਐਸੋਸੀਏਸ਼ਨ, ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ, ਫਾਸਟਨਰਜ਼ ਮੈਨੂਫੈਕਚਰਜ਼ ਐਸੋਸੀਏਸ਼ਨ ਆਫ ਇੰਡੀਆ, ਐਸੋਸੀਏਸ਼ਨ ਆਫ ਟਰੇਡ ਐਂਡ ਇੰਡਸਟਰੀਅਲ ਅੰਡਰਟੇਕਿੰਗਜ਼, ਐਪੈਕਸ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਪੰਜਾਬ), ਇੰਡਕਸ਼ਨ ਫਰਨੇਸ ਐਸੋਸੀਏਸ਼ਨ ਆਫ ਨੌਰਥ ਇੰਡੀਆ, ਫਾਸਟਨਰ ਸਪਲਾਇਰਜ਼ ਐਸੋਸੀਏਸ਼ਨ, ਲਘੂ ਉਦਯੋਗ ਭਾਰਤੀ - ਲੁਧਿਆਣਾ, ਲੁਧਿਆਣਾ ਸਟੀਲ ਬ੍ਰੋਕਰਜ਼ ਵੈਲਫੇਅਰ ਐਸੋਸੀਏਸ਼ਨ, ਲੁਧਿਆਣਾ ਵਾਇਰ ਮੈਨੂਫੈਕਚਰਜ਼ ਐਸੋਸੀਏਸ਼ਨ, ਲੁਧਿਆਣਾ ਹੈਂਡ ਟੂਲਜ਼ ਐਸੋਸੀਏਸ਼ਨ, ਸਮਾਲ ਸਕੇਲ ਇੰਡਸਟਰੀਜ਼ ਐਂਡ ਟਰੇਡਰਜ਼ ਐਸੋਸੀਏਸ਼ਨ, ਸਮਾਲ ਸਕੇਲ ਮਿੱਲਰ ਗੰਜ ਵੈਲਫੇਅਰ ਐਸੋਸੀਏਸ਼ਨ, ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗਜ਼, ਢੰਡਾਰੀ ਇੰਡਸਟਰੀਅਲ ਵੈਲਫੇਅਰ ਐਸੋਸੀਏਸ਼ਨ ਸ਼ਾਮਿਲ ਹਨ।

# ਪੰਜਾਬ ਸਰਕਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ 2026 ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਤੇ ਐਸ ਜੀ ਪੀ ਸੀ ਨਾਲ ਬੈਠ ਕੇ ਸੋਧ ਕਰੇ- ਸੰਤ ਸੁਖਬੀਰ ਸਿੰਘ, ਜਥੇ: ਨਿਮਾਣਾ

## ਪੰਜਾਬ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ ਮੁਤਾਬਕ ਗ੍ਰੰਥੀ ਸਿੰਘ ਨੂੰ ਕਸਟੋਡੀਅਨ ਤੋਂ ਬਾਹਰ ਕੱਢਿਆ ਜਾਵੇ



**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**

ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ 2026 ਬਣਾਇਆ ਗਿਆ ਹੈ ਸਿੱਖ ਜਗਤ ਵਿਚ ਚਿੰਤਾ ਦਾ ਵਿਸ਼ਾ ਹੈ ਜਿਸ ਵਿੱਚ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰ ਜਾਵੇ ਉਸ ਵਿੱਚ ਸਿੱਧਾ ਹੀ ਗ੍ਰੰਥੀ ਸਿੰਘ ਨੂੰ ਕਸੂਰਵਾਰ ਮੰਨਿਆ ਜਾਵੇਗਾ। ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਦੇ ਸਾਰੇ ਧਰਮਾਂ ਦੇ ਸਾਂਝੀ ਵਾਲਤਾ ਦੇ ਗ੍ਰੰਥ ਹਨ ਅਤੇ ਗ੍ਰੰਥੀ ਸਿੰਘ ਦੀ ਪਦਵੀ ਬਾਬਾ ਬੁੱਢਾ ਜੀ ਦੇ ਵਾਰਿਸ ਵਾਲੀ ਮਹਾਨ ਪਦਵੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੰਤ ਬਾਬਾ ਸੁਖਬੀਰ ਸਿੰਘ ਜੀ ਖਾਲਸਾ ਸਰਪ੍ਰਸਤ ਗੁਰੂ ਨਾਨਕ ਸਿਮਰਨ ਕੇਂਦਰ ਨੇੜੇ ਗਰੀਨ ਸਿਟੀ,ਫਿਰੋਜਪੁਰ ਰੋਡ, ਲੁਧਿਆਣਾ ਵਿਖੇ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਹਰੇਕ ਸਿੱਖ ਦਾ ਸੀਸ ਝੁਕਦਾ ਹੈ ਅਤੇ ਹਰੇਕ ਸਿੱਖ ਦਾ ਇਹ ਫਰਜ਼ ਵੀ ਬਣਦਾ ਹੈ ਕਿ ਜੋ ਵੀ ਸ੍ਰੀ ਅਕਾਲ ਤਖਤ ਤੋਂ ਆਦੇਸ਼ ਜਾਰੀ ਹੁੰਦਾ ਹੈ ਸੋ ਹਰੇਕ ਸਿੱਖ ਆਦੇਸ਼ ਦੀ ਪਾਲਣਾ ਕਰਦਾ ਹੈ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਜੀ, ਜਥੇਦਾਰ ਤਰਨਜੀਤ ਸਿੰਘ ਨਿਮਾਣਾ,ਬਾਬਾ ਬਲਵਿੰਦਰ ਸਿੰਘ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਬਣਾਏ ਗਏ ਕਾਨੂੰਨ ਮੁਤਾਬਕ ਗ੍ਰੰਥੀ ਸਿੰਘ ਕਸਟੋਡੀਅਨ ਤੋਂ ਬਾਹਰ ਕੱਢਿਆ ਜਾਵੇ, ਸਰਕਾਰ ਨੂੰ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ 2026 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਤੇ ਐਸਜੀਪੀਸੀ ਨਾਲ ਬੈਠ ਕੇ ਇਸ ਨੂੰ ਸੋਧ ਕਰਨਾ ਚਾਹੀਦਾ ਹੈ।

# ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਲੁਧਿਆਣਾ/ਸੁਰਜੀਤ ਸਿੰਘ**

ਜਮਾਲਪੁਰ ਦੀ ਐਮ.ਆਈ.ਜੀ. ਕਾਲੋਨੀ ਵਿੱਚ ਏਡੀਐਸ ਇੰਟਰਨੈਸ਼ਨਲ ਸੋਸਾਇਟੀ ਵੱਲੋਂ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਸੰਸਥਾ ਵੱਲੋਂ ਹਰ ਮਹੀਨੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਕਾਪੀਆਂ, ਪੈਂਸਲਾਂ ਅਤੇ ਹੋਰ ਵਿਦਿਅਕ ਸਮੱਗਰੀ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਪੜ੍ਹਾਈ ਵਿੱਚ ਸਹਿਯੋਗ ਦਿੱਤਾ ਜਾਂਦਾ ਹੈ। ਇਸ ਮੌਕੇ ਸੰਸਥਾ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰੇਮ ਸਾਗਰ ਅਗਰਵਾਲ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਸਮਾਗਮ ਦੌਰਾਨ ਪਰਮਜੀਤ ਸਿੰਘ, ਖਜ਼ਾਨ ਸਿੰਘ, ਵੀਰ ਸਿੰਘ ਅਤੇ ਰਮਨਜੀਤ ਸਿੰਘ ਹਾਜ਼ਰ ਸਨ।

ਪੰਜਾਬੀ ਭਾਸ਼ਾ ਵਿੱਚ ਅਖ਼ਬਾਰਾਂ, ਮੈਗਜ਼ੀਨ ਅਤੇ ਕਿਤਾਬਾਂ ਤਿਆਰ ਕਰਵਾਉਣ ਲਈ ਸੰਪਰਕ ਕਰੋ:
89685-44271
E-mail:
vicksam125@gmail.com

# ਪਵਨ ਦੀਵਾਨ ਨੇ ਸੀਤਾ ਨਗਰ ਇਲਾਕੇ ਦੇ ਵਾਸੀਆਂ ਨਾਲ ਕੀਤੀ ਮੀਟਿੰਗ



**ਲੁਧਿਆਣਾ/ਸਰਬਜੀਤ**

ਜਿਲਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਵੱਲੋਂ ਸੀਤਾ ਨਗਰ ਦੇ ਵਾਸੀਆਂ ਨੂੰ ਪੇਸ਼ ਆ ਰਹੀਆਂ ਸਮਸਿਆਵਾਂ ਨੂੰ ਲੈ ਕੇ ਇੱਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦਾ ਅਯੋਜਨ ਨੀਰਜ ਬਿਰਲਾ ਵਲੋਂ ਕੀਤਾ ਗਿਆ ਸੀ। ਮੀਟਿੰਗ ਬਾਰੇ ਜਾਣਕਾਰੀ ਦਿੰਦੇ ਹੋਏ, ਦੀਵਾਨ ਨੇ ਦੱਸਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਇਸ਼ਤਿਹਾਰਾਂ ਰਾਹੀਂ ਕੀਤੇ ਜਾਂਦੇ ਵੱਡੇ-ਵੱਡੇ ਦਾਅਵਿਆਂ ਦੀ ਹਕੀਕਤ ਪੂਰੀ ਤਰ੍ਹਾਂ ਉਲਟ ਹੈ। ਉਹਨਾਂ ਦੱਸਿਆ ਕਿ ਜਿਆਦਾਤਰ ਲੋਕ ਕਾਨੂੰਨ ਅਤੇ ਵਿਵਸਥਾ ਦੀ ਮਾੜੀ ਸਥਿਤੀ ਨੂੰ ਲੈ ਕੇ ਕਾਫੀ ਪਰੇਸ਼ਾਨ ਹਨ। ਲੁੱਟ ਖੋਹ, ਚੋਰੀ ਅਤੇ ਕਤਲ ਵਰਗੇ ਗੰਭੀਰ ਮਾਮਲੇ ਆਮ ਗੱਲਾਂ ਬਣ ਚੁੱਕੇ ਹਨ। ਹਾਲਾਤ ਇਨੇ ਮਾੜੇ ਹਨ ਕਿ ਲੋਕ ਦਿਨ ਵੇਲੇ ਵੀ ਘਰੋਂ ਨਿਕਲਦੇ ਡਰਦੇ ਹਨ। ਦੀਵਾਨ ਨੇ ਕਿਹਾ ਕਿ ਸਰਕਾਰ ਵੱਲੋਂ ਇਸ਼ਤਿਹਾਰਾਂ ਰਾਹੀ ਕੀਤੇ ਜਾ ਰਹੇ ਦਾਅਵਿਆਂ ਤੋਂ ਸੱਚਾਈ ਪੂਰੀ ਤਰ੍ਹਾਂ ਉਲਟ ਹੈ। ਸਰਕਾਰ ਨੂੰ ਜਮੀਨੀ ਹਕੀਕਤਾਂ ਵੱਲ ਧਿਆਨ ਦੇਣ ਅਤੇ ਸਮੱਸਿਆਵਾਂ ਦੇ ਹੱਲ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ, ਲੋਕ ਮਹਿੰਗਾਈ ਤੋਂ ਕਾਫੀ ਪਰੇਸ਼ਾਨ ਨਜ਼ਰ ਆਏ।

ਖਾਸ ਤੌਰ ਤੇ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਆਮ ਲੋਕਾਂ ਦੇ ਰੋਜ਼ਾਨਾ ਦੇ ਖਰਚੇ ਵੱਧ ਗਏ ਹਨ। ਜਦ ਕਿ ਇਸਦੇ ਉਲਟ ਤਨਖਾਹਾਂ ਉੱਥੇ ਹੀ ਟਿੱਕੀਆਂ ਹੋਈਆਂ ਹਨ। ਦੀਵਾਨ ਨੇ ਕਿਹਾ ਕਿ ਸਸਤਾ ਕੱਚਾ ਤੇਲ ਖਰੀਦ ਕੇ ਲੋਕਾਂ ਤੋਂ ਭਾਰੀ ਮੁਨਾਫਾ ਕਮਾਉਣ ਵਾਲੀਆਂ ਕੰਪਨੀਆਂ ਨੂੰ ਲੋਕ ਹਿੱਤ ਵਿੱਚ ਰੇਟ ਘਟਾਉਣੇ ਚਾਹੁੰਦੇ ਹਨ। ਕਿਉਂਕਿ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦਾ ਅਸਰ ਸਿੱਧਾ ਤੌਰ ਤੇ ਆਮ ਵਿਅਕਤੀ ਲਈ ਜੇਬ ਉੱਪਰ ਪਿਆ ਹੈ ਅਤੇ ਇਸ ਤੋਂ ਹਰ ਵਰਗ ਪਰੇਸ਼ਾਨ ਹੈ। ਉਹਨਾਂ ਨੇ ਜੋਰ ਦਿੰਦੇ ਹੋਏ, ਕਿਹਾ ਕਿ ਸਿਰਫ ਦਾਅਵੇ ਕਰਨ ਨਾਲ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੁੰਦਾ। ਕੰਮ ਜਮੀਨੀ ਪੱਧਰ ਤੇ ਵੀ ਹੋਣੇ ਚਾਹੀਦੇ ਹਨ। ਸਰਕਾਰਾਂ ਨੂੰ ਮਹਿੰਗਾਈ ਦੀ ਸਮੱਸਿਆ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ, ਮੈਂਬਰ ਪੀਸੀਸੀ ਸੁਸ਼ੀਲ ਮਲਹੋਤਰਾ, ਸੀਨੀਅਰ ਪਾਰਟੀ ਆਗੂ ਇੰਦਰਜੀਤ ਕਪੂਰ, ਨਿਰਾਜ ਬਿਰਲਾ, ਰੋਹਿਤ ਪਾਹਵਾ, ਪੁਲਕਿਤ ਚੌਧਰੀ, ਰਾਜੀਵ ਕਪੂਰ, ਅੰਕਿਤ ਜਿੰਦਲ, ਹਰਜੀਤ ਸਿੰਘ, ਵਿਜੈ ਅਰੋੜਾ, ਜਸਪਾਲ ਸ਼ਰਮਾ, ਮਨੋਹਰ ਜੈਨ, ਬਿੱਟੂ ਭੁੱਲਰ, ਹੈਪੀ, ਮਨੂੰ ਚੌਧਰੀ ਵੀ ਹਾਜ਼ਰ ਰਹੇ।

## ਸੇਵਾਮੁਕਤੀ ਤੇ ਵਿਸ਼ੇਸ਼

# ਸੇਵਾ ਨੂੰ ਸਮਰਪਿਤ, ਪ੍ਰਭਾਵਸ਼ਾਲੀ ਅਤੇ ਦਮਦਾਰ ਸ਼ਖ਼ਸੀਅਤ ਦੀ ਮਾਲਕ ਸਟਾਫ਼ ਨਰਸ ਬੀਬਾ ਗੁਰਪ੍ਰੀਤ ਕੌਰ ਭੁੱਲਰ

**ਲੁਧਿਆਣਾ/ਸ਼ਰਮਾ**

ਬਹੁਤ ਖੁਸ਼ੀ ਅਤੇ ਮਾਣ ਦੀ ਗੱਲ ਹੈ ਕਿ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ, ਪ੍ਰਭਾਵਸ਼ਾਲੀ ਅਤੇ ਦਮਦਾਰ ਸ਼ਖ਼ਸੀਅਤ ਦੀ ਮਾਲਕ ਬੀਬਾ ਗੁਰਪ੍ਰੀਤ ਕੌਰ ਭੁੱਲਰ ਆਪਣੀਆਂ ਸ਼ਲਾਘਾਯੋਗ ਸੇਵਾਵਾਂ ਪੂਰੀਆਂ ਕਰਕੇ ਅੱਜ ਸੇਵਾ ਮੁਕਤ ਹੋ ਰਹੇ ਹਨ। ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਇਮਾਨਦਾਰੀ, ਮਿਹਨਤ ਅਤੇ ਸੇਵਾ ਭਾਵਨਾ ਨਾਲ ਲੋਕਾਂ ਦੀ ਭਲਾਈ ਲਈ ਸਮਰਪਿਤ ਰੱਖੀ। ਬੀਬਾ ਗੁਰਪ੍ਰੀਤ ਕੌਰ ਭੁੱਲਰ ਦਾ ਜਨਮ 5 ਮਈ 1968 ਨੂੰ ਜ਼ਿਲ੍ਹਾ ਮੋਗਾ ਦੇ ਪਿੰਡ ਗਲੋਟੀ ਵਿਖੇ ਇਕ ਸਧਾਰਨ ਪਰਿਵਾਰ ਵਿੱਚ ਹੋਇਆ। ਸਰਕਾਰੀ ਸਕੂਲ ਚ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਨੇ ਬਠਿੰਡਾ ਤੋਂ ਨਰਸਿੰਗ ਦੀ ਪੜ੍ਹਾਈ ਪੂਰੀ ਕੀਤੀ ਅਤੇ ਮਨੁੱਖਤਾ ਦੀ ਸੇਵਾ ਦਾ ਰਾਹ ਚੁਣਿਆ। 1992 ਵਿਚ ਉਨ੍ਹਾਂ ਦਾ ਵਿਆਹ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਘਰਿਆਲਾ (ਪੱਟੀ) ਦੇ ਵਸਨੀਕ ਸ. ਮੋਹਨ ਸਿੰਘ ਭੁੱਲਰ ਨਾਲ ਹੋਇਆ, ਜੋ 2023 ਚ ਪੰਜਾਬ ਪੁਲਿਸ ਲੁਧਿਆਣਾ ਤੋਂ ਇੰਸਪੈਕਟਰ ਵਜੋਂ ਸੇਵਾ ਮੁਕਤ ਹੋਏ। ਪਰਿਵਾਰਕ ਜੀਵਨ ਵਿਚ ਵੀ ਬੀਬਾ ਭੁੱਲਰ ਨੇ ਇਕ ਸੁਚੱਜੀ ਮਾਤਾ ਅਤੇ ਸਹਿਯੋਗੀ ਜੀਵਨ ਸਾਥੀ ਦੀ ਭੂਮਿਕਾ ਬਾਖੂਬੀ ਨਿਭਾਈ। ਉਨ੍ਹਾਂ ਦੇ ਦੋ ਬੇਟੀਆਂ ਅਮਾਨਤਪ੍ਰੀਤ ਕੌਰ, ਨਵਕਿਰਨਪ੍ਰੀਤ ਕੌਰ ਅਤੇ ਬੇਟਾ ਅਨਮੋਲਵੀਰ ਸਿੰਘ ਭੁੱਲਰ ਹੋਏ, ਅਮਾਨਤਪ੍ਰੀਤ ਪਰਿਵਾਰ ਸਮੇਤ ਨਿਊਜ਼ੀਲੈਂਡ ਅਤੇ ਨਵਕਿਰਨਪ੍ਰੀਤ ਕੌਰ ਤੇ ਬੇਟਾ ਅਨਮੋਲਵੀਰ ਸਿੰਘ ਭੁੱਲਰ ਕੈਨੇਡਾ ਚ ਘੁੱਗ ਵੱਸਦੇ ਹਨ। ਉਨ੍ਹਾਂ ਨੇ ਲਗਾਤਾਰ 38 ਸਾਲ ਡੀਐਮਸੀ ਹਸਪਤਾਲ ਲੁਧਿਆਣਾ ਚ ਬਤੌਰ ਸਟਾਫ਼ ਨਰਸ ਸੇਵਾ ਨਿਭਾਈ, ਜਿਨ੍ਹਾਂ ਵਿੱਚੋਂ 26 ਸਾਲ ਅਰਬਨ ਹੈਲਥ ਸੈਂਟਰ ਸ਼ਿਮਲਾਪੁਰੀ ਵਿਖੇ ਅਣਥੱਕ ਡਿਊਟੀ ਕੀਤੀ। ਮਰੀਜ਼ਾਂ ਨਾਲ ਨਿਮਰਤਾ, ਸਾਥੀਆਂ ਨਾਲ ਪਿਆਰ ਅਤੇ ਸੀਨੀਅਰਜ਼ ਪ੍ਰਤੀ ਆਦਰ ਨੇ ਉਨ੍ਹਾਂ ਨੂੰ ਹਰ ਦਿਲ ਅਜ਼ੀਜ਼ ਬਣਾ ਦਿੱਤਾ। ਉਨ੍ਹਾਂ ਦੀ ਸੇਵਾ ਮੁਕਤੀ ਮੌਕੇ ਸਮੂਹ ਸਟਾਫ਼ ਵੱਲੋਂ ਭਾਵਭਿੰਨੀ ਵਿਦਾਇਗੀ ਦਿੱਤੀ ਗਈ। ਸਾਰੇ ਸਹਿਕਰਮੀਆਂ ਨੇ ਕਿਹਾ ਕਿ ਬੀਬਾ ਗੁਰਪ੍ਰੀਤ ਕੌਰ ਭੁੱਲਰ ਦੀਆਂ ਮਨੁੱਖਤਾ ਪ੍ਰਤੀ ਨਿਭਾਈਆਂ ਗਈਆਂ ਸ਼ਲਾਘਾਯੋਗ ਸੇਵਾਵਾਂ ਹਮੇਸ਼ਾ ਯਾਦ ਰੱਖੀਆਂ ਜਾਣਗੀਆਂ ਅਤੇ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਬਣੇ ਰਹਿਣਗੇ।



# ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਜਥੇਦਾਰ ਕੁਲਦੀਪ ਸਿੰਘ ਜੀ ਗੜਗੱਜ ਦਾ ਵਿਸ਼ੇਸ਼ ਸਨਮਾਨ

**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਕੁਲਦੀਪ ਸਿੰਘ ਜੀ ਗੜਗੱਜ ਅੱਜ ਵਿਸ਼ੇਸ਼ ਤੌਰ ਤੇ ਲੁਧਿਆਣਾ ਵਿਖੇ ਪਹੁੰਚੇ। ਜਿਸ ਦੌਰਾਨ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਜੀ ਗਰੇਵਾਲ ਦੇ ਨਿਵਾਸ ਵਿਖੇ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਜਿਸ ਦੌਰਾਨ ਮਹੇਸ਼ ਇੰਦਰ ਸਿੰਘ ਜੀ ਗਰੇਵਾਲ ਅਤੇ ਅਕਾਲੀ ਜੱਥਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਵੱਲੋਂ ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਦਿਆਂ ਜਥੇਦਾਰ ਸਾਹਿਬ ਦੀਆਂ ਪੰਥਕ ਸੇਵਾਵਾਂ ਅਤੇ ਸਿੱਖ ਕੌਮ ਲਈ ਉਨ੍ਹਾਂ ਵੱਲੋਂ ਨਿਭਾਈ ਜਾ ਰਹੀ ਜ਼ਿੰਮੇਵਾਰੀ ਦੀ ਭਰਪੂਰ ਸ਼ਲਾਘਾ ਕੀਤੀ। ਇਸ ਦੌਰਾਨ



ਅਕਾਲੀ ਆਗੂਆਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਸਰਵਉੱਚ ਸੰਸਥਾ ਹੈ ਅਤੇ ਇਸ ਦੀ ਮਰਿਆਦਾ, ਮਹੱਤਤਾ ਅਤੇ ਇਸ ਦੀ ਸ਼ਾਨ ਨੂੰ ਕਾਇਮ ਰੱਖਣਾ ਹਰ ਸਿੱਖ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਕੁਲਦੀਪ ਸਿੰਘ ਜੀ ਗੜਗੱਜ ਵੱਲੋਂ ਪੰਥਕ ਮਸਲਿਆਂ ਨੂੰ ਗੰਭੀਰਤਾ ਨਾਲ ਉਠਾਉਣ ਅਤੇ ਗੁਰਮਤਿ ਸਿਧਾਂਤਾਂ ਅਨੁਸਾਰ ਸੰਗਤ ਦੀ ਅਗਵਾਈ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਜੋ ਕਿ ਸ਼ਲਾਘਾਯੋਗ ਉਪਰਾਲੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਥ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਗੁਰੂ ਘਰ ਦੀਆਂ ਪਰੰਪਰਾਵਾਂ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਆਪਣਾ ਯੋਗਦਾਨ ਪਾਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਪੰਥਕ ਏਕਤਾ ਅਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਸਾਰੀਆਂ ਧਿਰਾਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਜੀ ਗੜਗੱਜ ਨੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਗੁਰੂ ਸਾਹਿਬ ਦੀ ਬਖ਼ਸ਼ਿਸ਼ ਅਤੇ ਸੰਗਤਾਂ ਦੇ ਸਹਿਯੋਗ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਸਰਵਉੱਚ ਸੰਸਥਾ ਹੈ ਅਤੇ ਹਰ ਸਿੱਖ ਨੂੰ ਇਸ ਦੀ ਮਰਿਆਦਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਤੇ ਵਿਰਸੇ ਨਾਲ ਜੋੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਸਿੱਖ ਕੌਮ ਦੀ ਚੜ੍ਹਦੀ ਕਲਾ, ਪੰਥਕ ਏਕਤਾ ਅਤੇ ਗੁਰਮਤਿ ਸਿਧਾਂਤਾਂ ਦੀ ਪਾਲਣਾ ਸਮੇਂ ਦੀ ਮੁੱਖ ਲੋੜ ਹੈ। ਜਥੇਦਾਰ ਸਾਹਿਬ ਨੇ ਕਿਹਾ ਕਿ ਪੰਥ ਦੀ ਤਰੱਕੀ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਸਾਂਝੇ ਯਤਨ ਬਹੁਤ ਜ਼ਰੂਰੀ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਿਤੇਸ਼ਇੰਦਰ ਸਿੰਘ ਗਰੇਵਾਲ, ਨੁਰਜੋਤ ਸਿੰਘ ਮੱਕੜ, ਹਰਪਾਲ ਸਿੰਘ, ਮਾਸਟਰ ਰਣਜੀਤ ਸਿੰਘ, ਜਤਿੰਦਰ ਸਿੰਘ ਖਾਲਸਾ, ਇੰਦਰਜੀਤ ਸਿੰਘ ਗਿੱਲ, ਸਰਬਜੀਤ ਸਿੰਘ ਛਾਪਾ, ਸੁਖਦੇਵ ਸਿੰਘ ਬਾੜੇਵਾਲ, ਦਿਲਰਾਜ ਸਿੰਘ, ਰਕੇਸ਼ ਇੰਦਰ ਸਿੰਘ ਰੂਬੀ ਆਦਿ ਹਾਜਿਰ ਸਨ।

# ਸਮਾਜਿਕ ਸੁਰੱਖਿਆ ਬੀਮਾ ਯੋਜਨਾਵਾਂ ਦਾ ਸਾਲਾਨਾ ਨਵੀਨੀਕਰਣ ਜ਼ਰੂਰੀ

**ਚੰਡੀਗੜ੍ਹ/ਪ੍ਰੈਸ ਸੂਚਨਾ ਬਿਊਰੋ**

ਸ਼੍ਰੀ ਰਾਮਕਿਸ਼ੋਰ ਮੀਨਾ, ਉਪ ਮਹਾਪ੍ਰਬੰਧਕ, ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤ ਸਰਕਾਰ ਦੀਆਂ ਜਨਤਕ ਸੁਰੱਖਿਆ ਯੋਜਨਾਵਾਂ — ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਦੇ ਤਹਿਤ ਆਪਣੇ ਬੀਮਾ ਸੁਰੱਖਿਆ ਦਾ ਸਮੇਂ ਸਿਰ ਨਵੀਨੀਕਰਣ ਯਕੀਨੀ ਬਣਾਉਣ। ਉਹਨਾਂ ਨੇ ਦੱਸਿਆ ਕਿ ਇਹ ਯੋਜਨਾਵਾਂ ਬਹੁਤ ਹੀ ਕਿਫਾਇਤੀ ਪ੍ਰੀਮੀਅਮ ਦਰਾਂ 'ਤੇ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਮਹੱਤਵਪੂਰਨ ਵਿੱਤੀ ਸੁਰੱਖਿਆ ਪ੍ਰਦਾਨ ਕਰਦੀਆਂ ਹਨ।

ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਦੇ ਲਾਭਾਂ ਦਾ ਜ਼ਿਕਰ ਕਰਦਿਆਂ ਸ਼੍ਰੀ ਮੀਨਾ ਨੇ ਕਿਹਾ ਕਿ ਇਹ ਯੋਜਨਾ ਕਿਸੇ ਵੀ ਕਾਰਨ ਕਰਕੇ ਬੀਮਾ ਕਵਰ ਦੇ ਤਹਿਤ ਵਿਅਕਤੀ ਦੀ ਮੌਤ ਹੋਣ 'ਤੇ 2 ਲੱਖ ਰੁਪਏ ਦਾ ਜੀਵਨ ਬੀਮਾ ਕਵਰੇਜ ਪ੍ਰਦਾਨ ਕਰਦੀ ਹੈ। ਇਹ ਯੋਜਨਾ 18 ਤੋਂ 50 ਸਾਲ ਦੇ ਉਮਰ ਵਰਗ ਦੇ ਵਿਅਕਤੀਆਂ ਲਈ ਉਪਲਬਧ ਹੈ ਅਤੇ ਇਸਦਾ ਸਾਲਾਨਾ ਪ੍ਰੀਮੀਅਮ 436 ਰੁਪਏ ਹੈ। ਬੀਮਾ ਕਵਰੇਜ 1 ਜੂਨ ਤੋਂ 31 ਮਈ ਤੱਕ ਵੈਧ ਰਹਿੰਦਾ ਹੈ ਅਤੇ ਹਰ ਸਾਲ ਇਸਦਾ ਨਵੀਨੀਕਰਣ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਦੇ ਅੰਤਰਗਤ 18 ਤੋਂ 70 ਸਾਲ ਦੀ ਉਮਰ ਦੇ ਵਿਅਕਤੀ ਮਾਤਰ 20 ਰੁਪਏ ਸਾਲਾਨਾ ਪ੍ਰੀਮੀਅਮ 'ਤੇ 2 ਲੱਖ ਰੁਪਏ ਤੱਕ ਦਾ ਦੁਰਘਟਨਾ ਬੀਮਾ ਕਵਰੇਜ ਪ੍ਰਾਪਤ ਕਰ ਸਕਦੇ ਹਨ। ਇਹ ਯੋਜਨਾ ਦੁਰਘਟਨਾ ਵਿੱਚ ਮੌਤ ਜਾਂ ਦੁਰਘਟਨਾ ਕਾਰਨ ਅਪਾਹਜਤਾ ਦੀ ਸਥਿਤੀ ਵਿੱਚ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਪਰਿਵਾਰਾਂ ਲਈ ਸਮਾਜਿਕ ਸੁਰੱਖਿਆ ਜਾਲ ਨੂੰ ਮਜ਼ਬੂਤ ਕਰਦੀ ਹੈ। ਸ਼੍ਰੀ ਮੀਨਾ ਨੇ ਪਾਲਿਸੀ ਧਾਰਕਾਂ ਨੂੰ ਬੇਨਤੀ ਕੀਤੀ ਕਿ ਪ੍ਰੀਮੀਅਮ ਦੇ ਆਟੋ-ਡੈਬਿਟ ਲਈ ਆਪਣੇ ਬੈਂਕ ਖਾਤਿਆਂ ਵਿੱਚ ਲੋੜੀਂਦਾ ਬੈਲੇਂਸ ਰੱਖਣ ਤਾਂ ਜੋ ਕਵਰੇਜ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਾ ਆਵੇ। ਉਹਨਾਂ ਨੇ ਲਾਭਪਾਤਰੀਆਂ ਨੂੰ ਪਾਲਿਸੀ ਦੀ ਸਥਿਤੀ, ਨਾਮਜ਼ਦਗੀ ਜਾਂ ਨਵੀਨੀਕਰਣ ਸਹਾਇਤਾ ਦੇ ਸਬੰਧ ਵਿੱਚ ਜਾਣਕਾਰੀ ਲਈ ਆਪਣੀਆਂ ਸਬੰਧਤ ਬੈਂਕ ਸ਼ਾਖਾਵਾਂ ਨਾਲ ਸੰਪਰਕ ਕਰਨ ਦੀ ਵੀ ਸਲਾਹ ਦਿੱਤੀ।

# ਝਿੰਜਰ ਦੇ 'ਬੋਲੇਗਾ ਘਨੌਰ, ਬਦਲੇਗਾ ਦੌਰ' ਪੈਦਲ ਮਾਰਚ ਦੇ ਪਹਿਲੇ ਦਿਨ ਲੋਕਾਂ ਦਾ ਮਿਲਿਆ ਭਰਵਾਂ ਹੁੰਗਾਰਾ

**ਘਨੌਰ** : ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਹਲਕਾ ਘਨੌਰ ਦੇ ਇੰਚਾਰਜ ਸਰਦਾਰ ਸਰਬਜੀਤ ਸਿੰਘ ਝਿੰਜਰ ਨੇ ਸ਼ਨੀਵਾਰ ਨੂੰ ਪਿੰਡ ਆਕੜ ਸਥਿਤ ਗੁਰਦੁਆਰਾ ਸ੍ਰੀ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ ਤੋਂ ਆਪਣੇ 'ਬੋਲੇਗਾ ਘਨੌਰ, ਬਦਲੇਗਾ ਦੌਰ' ਪੈਦਲ ਮਾਰਚ ਦੀ ਸ਼ੁਰੂਆਤ ਕੀਤੀ। 8 ਜੂਨ ਤੱਕ ਚੱਲਣ ਵਾਲਾ ਇਹ ਪੈਦਲ ਮਾਰਚ ਹਲਕਾ ਘਨੌਰ ਦੇ 100 ਤੋਂ ਵੱਧ ਪਿੰਡਾਂ ਨੂੰ ਕਵਰ ਕਰੇਗਾ। ਪਿੰਡ-ਪਿੰਡ ਪੈਦਲ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕਰਦਿਆਂ ਝਿੰਜਰ ਨੇ ਵੱਖ-ਵੱਖ ਥਾਵਾਂ 'ਤੇ ਇਕੱਠਾਂ ਨੂੰ ਸੰਬੋਧਨ ਕੀਤਾ, ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹਾ ਹੈ। ਇਸ ਦੌਰਾਨ ਉਨ੍ਹਾਂ ਪਿੰਡ ਆਕੜ ਵਿੱਚ ਮਨਰੇਗਾ ਦੇ ਕੰਮ ਬੰਦ ਹੋਣ ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਪਿਛਲੇ ਇੱਕ ਸਾਲ ਤੋਂ ਮਨਰੇਗਾ ਤਹਿਤ ਕੋਈ ਕੰਮ ਨਹੀਂ ਹੋਇਆ, ਜਿਸ ਕਾਰਨ ਦਿਹਾੜੀਦਾਰ ਮਜ਼ਦੂਰਾਂ ਦੇ ਰੋਜ਼ਗਾਰ ਦਾ ਇੱਕ ਵੱਡਾ



ਸਾਧਨ ਖਤਮ ਹੋ ਗਿਆ ਹੈ। ਪੈਦਲ ਮਾਰਚ ਦੌਰਾਨ ਇੱਕ ਭਾਵੁਕ ਪਲ ਦਾ ਜ਼ਿਕਰ ਕਰਦਿਆਂ ਝਿੰਜਰ ਨੇ ਦੱਸਿਆ ਕਿ ਉਨ੍ਹਾਂ ਦੀ ਮੁਲਾਕਾਤ ਇੱਕ ਦੁਖੀ ਮਾਤਾ ਨਾਲ ਹੋਈ, ਜੋ ਆਪਣੀਆਂ ਸਮੱਸਿਆਵਾਂ ਦੱਸਦਿਆਂ ਭਾਵੁਕ ਹੋ ਗਈ। ਉਸ ਨੇ ਕਿਹਾ ਕਿ ਅੱਜ ਤੱਕ ਕੋਈ ਵੀ ਉਸ ਦੀ ਗੱਲ ਸੁਣਨ ਨਹੀਂ ਆਇਆ। ਝਿੰਜਰ ਨੇ ਕਿਹਾ, "ਅੱਜ ਮੈਂ ਆਪਣੇ ਸਮੁੱਚੇ ਕਾਫ਼ਲੇ ਨਾਲ ਉਸ ਮਾਤਾ ਦੇ ਘਰ ਗਿਆ ਅਤੇ ਭਾਰੇ ਮਨ ਨਾਲ ਉਸ ਦੀਆਂ ਸਾਰੀਆਂ ਗੱਲਾਂ ਸੁਣੀਆਂ।"ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਹਨ ਕਿ ਮੌਜੂਦਾ ਸਰਕਾਰ ਆਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸਮਝਣ ਅਤੇ ਹੱਲ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਘਨੌਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀਆਂ ਸਮੱਸਿਆਵਾਂ ਨੂੰ ਆਪਣੇ ਤੱਕ ਸੀਮਤ ਨਾ ਰੱਖਣ।

ਚਾਹੇ ਨਿੱਜੀ ਮਸਲਾ ਹੋਵੇ ਜਾਂ ਜਨਤਕ, ਲੋਕ ਨਿਡਰ ਹੋ ਕੇ ਆਪਣੀ ਗੱਲ ਉਨ੍ਹਾਂ ਤੱਕ ਪਹੁੰਚਾਉਣ ਤਾਂ ਜੋ ਉਹ ਉਨ੍ਹਾਂ ਦੀ ਆਵਾਜ਼ ਉੱਚੇ ਪੱਧਰ ਤੱਕ ਲੈ ਜਾ ਸਕਣ। ਸਿਆਸੀ ਮੋਰਚੇ 'ਤੇ ਤਿੱਖਾ ਹਮਲਾ ਕਰਦਿਆਂ ਝਿੰਜਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਕਿਸਾਨਾਂ ਦੀ ਬਾਂਹ ਫੜੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰਾਂ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ, ਮੁਫ਼ਤ ਟਿਊਬਵੈੱਲ ਕੁਨੈਕਸ਼ਨ ਅਤੇ ਹੋਰ ਅਨੇਕਾਂ ਸਹੂਲਤਾਂ ਦੇ ਕੇ ਖੇਤੀਬਾੜੀ ਨੂੰ ਮਜ਼ਬੂਤ ਕਰਨ ਦਾ ਕੰਮ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸਾਨਾਂ ਨੂੰ ਮੀਟਿੰਗ ਲਈ ਬੁਲਾਇਆ ਗਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਆਮ ਆਦਮੀ ਪਾਰਟੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਝਿੰਜਰ ਨੇ ਕਿਹਾ, "ਇਹ ਪੈਦਲ ਮਾਰਚ ਘਨੌਰ ਦੀ ਇੱਜ਼ਤ ਅਤੇ ਮਾਣ-ਸਨਮਾਨ ਨੂੰ ਮੁੜ ਬਹਾਲ ਕਰਨ ਲਈ ਕੱਢਿਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਇਹ ਸੱਚ ਦੱਸਣ ਲਈ ਕਿ ਆਮ ਆਦਮੀ ਪਾਰਟੀ ਇੱਕ 'ਟਰਾਲੀ ਚੋਰ ਪਾਰਟੀ' ਹੈ। ਇਸ ਪੈਦਲ ਮਾਰਚ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਕਈ ਪਿੰਡਾਂ ਦੇ ਵਸਨੀਕ ਝਿੰਜਰ ਦੇ ਨਾਲ ਕਦਮ ਮਿਲਾ ਕੇ ਚੱਲੇ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸ.ਜਸਮੇਰ ਸਿੰਘ ਲਾਛੜੂ ਮੈਂਬਰ ਸ.ਸੁਰਜੀਤ ਸਿੰਘ ਗੜ੍ਹੀ ਮੈਂਬਰ, ਸ.ਗੁਰਪ੍ਰੀਤ ਸਿੰਘ ਰਾਜੂ ਖੰਨਾ ਕੌਰ ਕਮੇਟੀ ਮੈਂਬਰ, ਸ਼?ਰੋਮਣੀ ਅਕਾਲੀ ਦਲ, ਸ.ਹਰਕੇਸ਼ ਸਿੰਘ ਮੋਹਰੀ ਪ੍ਰਧਾਨ ਹਰਿਆਣਾ ਸ਼?ਰੋਮਣੀ ਅਕਾਲੀ ਦਲ, ਸ.ਅਮਰਿੰਦਰ ਸਿੰਘ ਬਜਾਜ ਸਾਬਕਾ ਮੇਅਰ, ਸ.ਅਮਿਤ ਸਿੰਘ ਰਾਠੀ ਜਿਲ੍ਹਾ ਪ੍ਰਧਾਨ ਸ਼ਹਿਰੀ, ਸ.ਜਸਪਾਲ ਸਿੰਘ ਬਿੱਟੂ ਚੱਠਾ ਹਲਕਾ ਇੰਚਾਰਜ, ਸ਼?ਰੀ ਕਬੀਰ ਦਾਸ ਹਲਕਾ ਇੰਚਾਰਜ ਸ਼ੁਤਰਾਣਾ, ਸ.ਮੱਖਣ ਸਿੰਘ ਲਾਲਕਾ ਹਲਕਾ ਇੰਚਾਰਜ ਨਾਭਾ, ਸ.ਅੰਮ੍ਰਿਤ ਸਿੰਘ ਲੰਘ ਜ਼ਿਲ੍ਹਾ ਪ੍ਰਧਾਨ ਦਿਹਾਤੀ, ਕਰਨ ਸਾਹਨੀ ਜਿਲ੍ਹਾ ਪ੍ਰਧਾਨ ਸ਼ਹਿਰੀ ਯੂਥ ਵਿੰਗ, ਸ.ਸੁਖਦੇਵ ਸਿੰਘ, ਜ਼ਿਲ੍ਹਾ ਪ੍ਰਧਾਨ 23 ਵਿੰਗ, ਸ.ਗੁਰਦੀਪ ਸਿੰਘ ਸ਼ੇਖਪੁਰਾ ਜ਼ਿਲ੍ਹਾ ਪ੍ਰਧਾਨ 23 ਵਿੰਗ, ਅਮਰਿੰਦਰ ਬਿੱਲਾ ਜ਼ਿਲ੍ਹਾ ਪ੍ਰਧਾਨ 23 ਵਿੰਗ, ਸ.ਹਰਬੰਸ ਸਿੰਘ ਜ਼ਿਲ੍ਹਾ ਪ੍ਰਧਾਨ ਵਿੰਗ ਪਟਿਆਲਾ ਦਿਹਾਤੀ, ਸ.ਤੇਜਿੰਦਰਪਾਲ ਸਿੰਘ ਸੰਧੂ ਅਤੇ ਹਲਕਾ ਘਨੌਰ ਦੇ ਸਾਰੇ ਸਰਕਲ ਪ੍ਰਧਾਨ, ਸੀਨੀਅਰ ਆਗੂ ਅਤੇ ਸਮੂਹ ਯੂਥ ਵਿੰਗ ਦੇ ਮੈਂਬਰ ਹਾਜ਼ਰ ਸਨ।

# ਦੇਸ਼ ਨੂੰ ਹੁਣ ਇੱਕ ਪੜ੍ਹੇ-ਲਿਖੇ ਪ੍ਰਧਾਨ ਮੰਤਰੀ ਦੀ ਲੋੜ : ਕੇਜਰੀਵਾਲ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੇਪਰ ਲੀਕ ਅਤੇ ਇਸ ਨੂੰ ਰੋਕਣ ਲਈ ਚੁੱਕੇ ਜਾ ਰਹੇ ਬੇਅਸਰ ਕਦਮਾਂ ਲਈ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਯਕੀਨੀ ਤੌਰ 'ਤੇ ਹੁਣ ਦੇਸ਼ ਨੂੰ ਇੱਕ ਪੜ੍ਹੇ-ਲਿਖੇ ਪ੍ਰਧਾਨ ਮੰਤਰੀ ਦੀ ਲੋੜ ਹੈ। ਮੌਜੂਦਾ ਕੇਂਦਰ ਸਰਕਾਰ ਨੀਟ ਪੇਪਰ ਲੀਕ ਦੀ ਜੜ੍ਹ ਤੱਕ ਪਹੁੰਚਣ ਦੀ ਬਜਾਏ ਅਨਪੜ੍ਹਾਂ ਵਰਗੀਆਂ ਗੱਲਾਂ ਕਰ ਰਹੀ ਹੈ। ਸਰਕਾਰ ਕਹਿ ਰਹੀ ਹੈ ਕਿ ਨੀਟ ਵਿੱਚ ਪੇਪਰ ਲੀਕ ਰੋਕਣ ਲਈ ਵਾਯੂ ਸੈਨਾ ਦੇ ਜਹਾਜ਼ ਵਰਤੇ ਜਾਣਗੇ। ਕੀ ਇਸ ਨਾਲ ਪੇਪਰ ਲੀਕ ਰੁਕੇਗਾ? ਉਨ੍ਹਾਂ ਕਿਹਾ ਕਿ ਹਕੀਕਤ ਤਾਂ ਇਹ ਹੈ ਕਿ ਪੇਪਰ ਲੀਕ ਰੋਕਣ ਦੀ ਸਰਕਾਰ ਦੀ ਨੀਅਤ ਹੀ ਨਹੀਂ ਹੈ। ਅੱਜ ਦੇਸ਼ ਦੀ ਸਿੱਖਿਆ ਪ੍ਰਣਾਲੀ ਪੂਰੀ ਤਰ੍ਹਾਂ ਮਾਫੀਆ ਦੇ ਚੁੰਗਲ ਵਿੱਚ ਆ ਚੁੱਕੀ ਹੈ। ਜੇਕਰ ਸਿਸਟਮ ਨੂੰ ਠੀਕ ਕਰਨਾ ਹੈ ਤਾਂ ਸਾਰਿਆਂ ਨੂੰ ਮਿਲ ਕੇ ਕੁਝ ਕਰਨਾ ਪਵੇਗਾ। ਇਕੱਲੇ ਕਿਸੇ ਦੇ ਕੁਝ ਕਰਨ ਨਾਲ ਨਹੀਂ ਹੋਵੇਗਾ। ਸ਼ਨੀਵਾਰ ਨੂੰ ਇੱਕ ਵੀਡੀਓ ਸੰਦੇਸ਼ ਜਾਰੀ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੈਂ ਖੁਦ ਆਈਆਈਟੀ ਤੋਂ ਇੰਜੀਨੀਅਰ ਹਾਂ, ਪੜ੍ਹਿਆ-ਲਿਖਿਆ ਹਾਂ। ਇਸ ਲਈ ਸਿੱਖਿਆ ਦੇ ਮਹੱਤਵ ਨੂੰ ਸਮਝਦਾ ਹਾਂ। ਮੈਂ ਮੰਨਦਾ ਹਾਂ ਕਿ ਜਦੋਂ ਤੱਕ ਹਰ ਬੱਚੇ ਨੂੰ ਚੰਗੀ ਸਿੱਖਿਆ ਨਹੀਂ ਮਿਲੇਗੀ, ਉਦੋਂ ਤੱਕ ਦੇਸ਼ ਤਰੱਕੀ ਨਹੀਂ ਕਰ ਸਕਦਾ। ਸ਼ੁੱਕਰਵਾਰ ਨੂੰ ਸਾਡੇ ਦੇਸ਼ ਦੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਹੁਣ ਨੀਟ ਦੇ ਪੇਪਰ ਨੂੰ ਲੀਕ ਹੋਣ ਤੋਂ ਬਚਾਉਣ ਲਈ ਏਅਰਫੋਰਸ ਦੇ ਜਹਾਜ਼ਾਂ ਅਤੇ ਏਅਰਫੋਰਸ ਦੇ ਬੁਲੇਟ ਪਰੂਫ ਟਰੱਕਾਂ ਰਾਹੀਂ ਉਸ ਨੂੰ ਟ?ਰਾਂਸਪੋਰਟ ਕਰਨਗੇ। ਇਹ ਕੀ ਮਜ਼ਾਕ ਬਣਾ ਰੱਖਿਆ ਹੈ? ਕੀ ਸਾਨੂੰ ਬੇਵਕੂਫ ਸਮਝਿਆ ਜਾ ਰਿਹਾ ਹੈ?ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੂਰੀ ਦੁਨੀਆ ਵਿੱਚ ਐਨੇ ਵੱਡੇ-ਵੱਡੇ ਪੇਪਰ ਹੁੰਦੇ ਹਨ, ਪਰ ਕੀ ਕਦੇ ਸੁਣਿਆ ਹੈ ਕਿ ਏਅਰਫੋਰਸ ਰਾਹੀਂ ਉਨ੍ਹਾਂ ਨੂੰ ਟ੍ਰਾਂਸਪੋਰਟ ਕੀਤਾ ਜਾਂਦਾ ਹੈ? ਕੀ ਕਿਤੇ ਇਸ ਕਿਸਮ ਦੀ ਨੌਟੰਕੀ ਸੁਣੀ ਹੈ? ਕੇਵਲ ਤੇ ਕੇਵਲ ਇਸ ਸਰਕਾਰ ਨੂੰ ਨੌਟੰਕੀ ਕਰਨੀ ਆਉਂਦੀ ਹੈ। ਇਹ ਦਿਖਾਉਣ ਲਈ ਕਿ ਅਸੀਂ ਕਿੱਡਾ ਵੱਡਾ ਕਦਮ ਚੁੱਕ ਲਿਆ ਹੈ। ਪੇਪਰ ਲੀਕ ਹੋਣ ਤੋਂ ਬਚਾਉਣ ਲਈ ਅਸੀਂ ਇਹ ਸਭ ਕਰ ਰਹੇ ਹਾਂ। ਸਿਸਟਮ ਨੂੰ ਠੀਕ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਹੈ। ਜੇਕਰ ਕੋਈ ਚੰਗੀ ਨੀਅਤ ਵਾਲੀ ਸਰਕਾਰ ਹੁੰਦੀ, ਤਾਂ ਉਹ ਦੇਖਦੀ ਕਿ ਲੀਕੇਜ ਕਿੱਥੋਂ ਹੋ ਰਹੀ ਹੈ ਅਤੇ ਉਸ ਨੂੰ ਬੰਦ ਕਰਦੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅਸੀਂ ਏਅਰਫੋਰਸ ਦੇ ਜਹਾਜ਼ਾਂ ਅਤੇ ਟਰੱਕਾਂ ਰਾਹੀਂ ਇਸ ਨੂੰ ਟਰਾਂਸਪੋਰਟ ਕਰਾਂਗੇ, ਇਹ ਕਹਿ ਕੇ ਜ਼ਾਹਰ ਤੌਰ 'ਤੇ ਸਿਸਟਮ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਲੀਕੇਜ ਜਾਰੀ ਰਹੇਗੀ ਅਤੇ ਜਿੱਥੋਂ ਪੇਪਰ ਲੀਕ ਹੋ ਰਹੇ ਹਨ, ਉਹ ਸਿਲਸਿਲਾ ਵੀ ਜਾਰੀ ਰਹੇਗਾ। ਸਾਡੇ ਦੇਸ਼ ਦੀ ਸਿੱਖਿਆ ਪ੍ਰਣਾਲੀ ਨੂੰ ਬਹੁਤ ਵੱਡੇ ਮਾਫੀਆ ਨੇ ਆਪਣੀ ਜਕੜ ਵਿੱਚ ਲੈ ਲਿਆ ਹੈ। ਪੂਰਾ ਦਾ ਪੂਰਾ ਐਜੂਕੇਸ਼ਨ ਸਿਸਟਮ ਇੱਕ ਮਾਫੀਆ ਦੀ ਜਕੜ ਵਿੱਚ ਹੈ। ਵਿਦਿਆਰਥੀ ਵੇਦਾਂਤ ਦਾ ਨਾਮ ਅੱਜਕੱਲ੍ਹ ਸੋਸ਼ਲ ਮੀਡੀਆ 'ਤੇ ਕਾਫੀ ਚੱਲ ਰਿਹਾ ਹੈ। ਵੇਦਾਂਤ 12ਵੀਂ ਜਮਾਤ ਦਾ ਲੜਕਾ ਹੈ। ਉਸ ਨੇ ਪੇਪਰ ਦਿੱਤੇ ਅਤੇ ਉਸ ਦੇ ਨੰਬਰ ਘੱਟ ਆਏ। ਉਸ ਨੇ ਆਪਣੇ ਪੇਪਰ ਨਿਕਲਵਾਏ, ਤਾਂ ਪਤਾ ਲੱਗਾ ਕਿ ਫਿਜ਼ਿਕਸ ਦੇ ਅੰਦਰ ਉਸ ਦਾ ਪੇਪਰ ਕਿਸੇ ਹੋਰ ਨਾਲ ਬਦਲ ਦਿੱਤਾ ਗਿਆ ਅਤੇ ਉਸ ਦੇ ਨੰਬਰ ਬਹੁਤ ਘੱਟ ਲਗਾਏ ਗਏ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਸ ਵਿਚਾਰੇ ਬੱਚੇ ਨੇ 'ਐਕਸ' 'ਤੇ ਇਹ ਗੱਲ ਪਾ ਦਿੱਤੀ ਕਿ ਮੇਰਾ ਪੇਪਰ ਬਦਲ ਗਿਆ, ਤਾਂ ਇਨ੍ਹਾਂ ਲੋਕਾਂ ਦੀ ਸਾਰੀ ਟਰੋਲ ਆਰਮੀ ਉਸ ਵਿਚਾਰੇ 'ਤੇ ਟੁੱਟ ਪਈ। ਕੋਈ ਕਹਿੰਦਾ ਹੈ ਕਿ ਉਹ ਪਾਕਿਸਤਾਨੀ ਹੈ, ਤਾਂ ਕੋਈ ਕਹਿੰਦਾ ਹੈ ਕਿ ਐਂਟੀ-ਨੈਸ਼ਨਲ ਹੈ। ਇੱਕ ਛੋਟੇ ਜਿਹੇ ਬੱਚੇ ਦੇ ਦਿਲ 'ਤੇ ਕੀ ਗੁਜ਼ਰ ਰਹੀ ਹੋਵੇਗੀ ਅਤੇ ਉਸ ਦੀ ਮਾਨਸਿਕਤਾ 'ਤੇ ਕੀ ਅਸਰ ਪੈ ਰਿਹਾ ਹੋਵੇਗਾ, ਇਹ ਸਮਝਿਆ ਜਾ ਸਕਦਾ ਹੈ।

# ਖ਼ਾਲਸਾ ਕਾਲਜ ਵਿਖੇ 3 ਰੋਜ਼ਾ ਕੁਦਰਤ ਅਤੇ ਗਣਿਤ ਵਿਸ਼ੇ 'ਤੇ ਵਰਕਸ਼ਾਪ ਕਰਵਾਈ ਗਈ

**ਅੰਮ੍ਰਿਤਸਰ** : ਖਾਲਸਾ ਕਾਲਜ ਦੇ ਗਣਿਤ ਵਿਭਾਗ ਵੱਲੋਂ 'ਵਾਤਾਵਰਣ ਅਨੁਕੂਲ ਖਿਡੌਣੇ ਬਣਾਉਣ: ਕੁਦਰਤ ਅਤੇ ਗਣਿਤ 'ਤੇ ਵਰਕਸ਼ਾਪ' ਵਿਸ਼ੇ 'ਤੇ 3 ਰੋਜ਼ਾ ਵਰਕਸ਼ਾਪ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਸਹਿਯੋਗ ਨਾਲ ਕਰਵਾਈ ਗਈ ਉਕਤ ਵਰਕਸ਼ਾਪ ਦੌਰਾਨ ਮੁੱਖ ਮਹਿਮਾਨ ਵਜੋਂ ਪੁੱਜੇ ਪ੍ਰਸਿੱਧ ਬੁਲਾਰੇ ਸ੍ਰੀ ਵੀ. ਸਿਵਾ ਸ਼ੰਕਰਾ ਸਾਸਤਰੀ ਅਤੇ ਸ੍ਰੀ ਏ. ਰਾਮਾਸਵਾਮੀ ਨੇ ਸੈਸ਼ਨ ਕਰਵਾਏ। ਜਦਕਿ ਉਦਘਾਟਨ ਅਤੇ ਸਮਾਪਨ ਸਮਾਰੋਹ 'ਚ ਡੀ. ਈ. ਓ. ਸ੍ਰੀ ਰਾਜੇਸ਼ ਕੁਮਾਰ ਸ਼ਰਮਾ, ਡਿਪਟੀ ਡੀ. ਈ. ਓ. ਸ੍ਰੀ ਰਾਜੇਸ਼ ਖੰਨਾ ਅਤੇ ਨੋਡਲ ਅਫਸਰ, ਪੰਜਾਬ ਸ: ਨਰਿੰਦਰ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਬੰਧੀ ਪ੍ਰਿੰ: ਡਾ. ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਵਰਕਸ਼ਾਪ



ਈ. ਈ. ਪੀ.-2025-26, ਮਿਸ਼ਨ ਐੱਲ. ਆਈ. ਐੱਫ. ਈ., ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ, ਭਾਰਤ ਸਰਕਾਰ ਦੇ ਅਧੀਨ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ। ਉਨ੍ਹਾਂ ਉਕਤ ਪ੍ਰੋਗਰਾਮ ਸਬੰਧੀ ਵਿਭਾਗ ਮੁੱਖੀ ਡਾ. ਰਾਜਿੰਦਰ ਪਾਲ ਕੌਰ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਵਰਕਸ਼ਾਪ 'ਚ 10 ਸਕੂਲਾਂ ਵੱਲੋਂ ਭਾਗ ਲਿਆ ਗਿਆ, ਜਿੱਥੇ ਹਰੇਕ ਸਕੂਲ ਤੋਂ 4 ਵਿਦਿਆਰਥੀ ਅਤੇ ਕੁਲ 10 ਅਧਿਆਪਕ ਸ਼ਾਮਿਲ ਹੋਏ। ਉਨ੍ਹਾਂ ਕਿਹਾ ਕਿ ਉਕਤ ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਨਵੇਂ ਅਤੇ ਸਿੱਖਿਆਤਮਕ ਖਿਡੌਣੇ ਤਿਆਰ ਕਰਨ ਲਈ ਮਾਰਗਦਰਸ਼ਨ ਕਰਦਿਆਂ ਕੁਦਰਤ ਤੋਂ ਪ੍ਰੇਰਿਤ ਹੱਥੋਂ-ਹੱਥ ਗਤੀਵਿਧੀਆਂ ਰਾਹੀਂ ਗਣਿਤ ਨੂੰ ਸਮਝਾਉਣ ਦੇ ਤਰੀਕੇ ਦਰਸਾਏ। ਇਸ ਤੋਂ ਪਹਿਲਾਂ ਪ੍ਰਿੰ: ਡਾ. ਰੰਧਾਵਾ ਨੇ ਡਾ. ਰਾਜਿੰਦਰ ਪਾਲ ਕੌਰ ਨਾਲ ਮਿਲ ਕੇ ਆਏ ਉਕਤ ਮਹਿਮਾਨਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਸ੍ਰੀ ਸ਼ੰਕਰਾ ਸਾਸਤਰੀ ਅਤੇ ਸ੍ਰੀ ਰਾਮਾਸਵਾਮੀ ਨੇ ਸਕੂਲੀ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਅਜਿਹੇ ਅਰਥਪੂਰਨ ਅਤੇ ਨਵੀਂ ਸੋਚ ਵਾਲੇ ਪ੍ਰੋਗਰਾਮ ਦੇ ਆਯੋਜਨਾਂ ਸਬੰਧੀ ਵਿਭਾਗ ਦੇ ਯਤਨਾਂ ਦੀ ਪ੍ਰਸੰਸਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਕੋ-ਫਰੈਂਡਲੀ ਅਭਿਆਸ ਅਪਨਾਉਣ ਅਤੇ ਅਜਿਹੀਆਂ ਵਰਕਸ਼ਾਪਾਂ ਰਾਹੀਂ ਵਿਗਿਆਨਕ ਸੋਚ ਵਿਕਸਿਤ ਕਰਨ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਮੌਕੇ ਡਾ. ਰਾਜਿੰਦਰ ਪਾਲ ਕੌਰ ਨੇ ਮੁੱਖ ਅਤੇ ਵਿਸ਼ੇਸ਼ ਮਹਿਮਾਨਾਂ, ਪ੍ਰਿੰ: ਡਾ. ਰੰਧਾਵਾ ਅਤੇ ਵਿਦਿਆਰਥੀਆਂ ਦਾ ਵਰਕਸ਼ਾਪ ਦੀ ਸਫਲਤਾ ਲਈ ਧੰਨਵਾਦ ਕੀਤਾ। ਇਸ ਪ੍ਰੋਗਰਾਮ ਦੇ ਅੰਤ 'ਚ ਆਏ ਮਹਿਮਾਨਾਂ ਵੱਲੋਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਡਾ. ਤਮਿੰਦਰ ਸਿੰਘ, ਡਾ. ਦਲਜੀਤ ਸਿੰਘ, ਡਾ. ਸਵਰਾਜ ਕੌਰ, ਪ੍ਰੋ. ਆਂਚਲ ਸ਼ਰਮਾ, ਡਾ. ਨਵਜੀਤ ਸਿੰਘ ਅਤੇ ਗਣਿਤ ਵਿਭਾਗ ਦੇ ਸਮੂਹ ਸਟਾਫ ਮੈਂਬਰ ਵੀ ਮੌਜੂਦ ਸਨ।

# ਹਿਮਾਚਲ ਐਂਟਰੀ ਟੈਕਸ ਖ਼ਿਲਾਫ਼ ਅੱਜ ਚੰਡੀਗੜ੍ਹ-ਮਨਾਲੀ ਹਾਈਵੇਅ 4 ਘੰਟੇ ਲਈ ਰਹੇਗਾ ਬੰਦ

**ਚੰਡੀਗੜ੍ਹ** : ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਲਾਗੂ ਕੀਤੇ ਗਏ ਐਂਟਰੀ ਟੈਕਸ ਦੇ ਵਿਰੋਧ ਵਿੱਚ ਪੰਜਾਬ ਮੋਰਚਾ ਅਤੇ ਕਿਰਤੀ ਕਿਸਾਨ ਮੋਰਚਾ ਨੇ 1 ਜੂਨ ਨੂੰ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਇਹ ਟੈਕਸ ਪੰਜਾਬ ਤੋਂ ਹਿਮਾਚਲ ਜਾਣ ਵਾਲੇ ਆਮ ਯਾਤਰੀਆਂ, ਵਪਾਰੀਆਂ ਅਤੇ ਟਰਾਂਸਪੋਰਟ ਕਾਰੋਬਾਰ ਨਾਲ ਜੁੜੇ ਲੋਕਾਂ 'ਤੇ ਵਾਧੂ ਆਰਥਿਕ ਬੋਝ ਪਾ ਰਿਹਾ ਹੈ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਹੈ। ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਅਤੇ ਕਿਰਤੀ ਕਿਸਾਨ ਮੋਰਚਾ ਦੇ ਆਗੂਆਂ ਬੀਰ ਸਿੰਘ ਬੜਵਾ ਤੇ ਹਰਪ੍ਰੀਤ ਸਿੰਘ ਭੱਟੋ ਨੇ ਦੱਸਿਆ ਕਿ ਐਂਟਰੀ ਟੈਕਸ ਦੇ ਫ਼ੈਸਲੇ ਨੂੰ ਰੱਦ ਕਰਵਾਉਣ ਲਈ 1 ਜੂਨ ਨੂੰ ਹਿਮਾਚਲ ਦੀਆਂ ਸਰਹੱਦਾਂ 'ਤੇ ਵਿਸ਼ਾਲ ਧਰਨਾ ਲਗਾਇਆ ਜਾਵੇਗਾ। ਇਸ ਦੌਰਾਨ ਚੰਡੀਗੜ੍ਹ-ਕੁੱਲੂ-ਮਨਾਲੀ ਮੁੱਖ ਮਾਰਗ ਨੂੰ ਲਗਭਗ ਚਾਰ ਘੰਟਿਆਂ ਲਈ ਜਾਮ ਰੱਖਣ ਦੀ ਯੋਜਨਾ ਹੈ, ਜਿਸ ਕਾਰਨ ਯਾਤਰੀਆਂ ਨੂੰ ਆਵਾਜਾਈ ਦੌਰਾਨ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਗੂਆਂ ਨੇ ਕਿਹਾ ਕਿ ਇਹ ਸੰਘਰਸ਼ ਕਿਸੇ ਇੱਕ ਵਰਗ ਲਈ ਨਹੀਂ, ਸਗੋਂ ਪੰਜਾਬ ਅਤੇ ਹਿਮਾਚਲ ਵਿਚਕਾਰ ਰੋਜ਼ਾਨਾ ਆਵਾਜਾਈ ਕਰਨ ਵਾਲੇ ਹਜ਼ਾਰਾਂ ਲੋਕਾਂ ਦੇ ਹੱਕਾਂ ਦੀ ਰੱਖਿਆ ਲਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦਾ ਇਹ ਫ਼ੈਸਲਾ ਲੋਕ-ਵਿਰੋਧੀ ਹੈ ਅਤੇ ਇਸ ਨਾਲ ਵਪਾਰਕ ਗਤੀਵਿਧੀਆਂ ਵੀ ਪ੍ਰਭਾਵਿਤ ਹੋ ਰਹੀਆਂ ਹਨ। ਇਸ ਅੰਦੋਲਨ ਨੂੰ ਸਾਬਕਾ ਡੀਆਈਜੀ ਦਲਜੀਤ ਸਿੰਘ ਰਾਣਾ ਅਤੇ ਕਈ ਹੋਰ ਸਮਾਜਿਕ ਤੇ ਕਿਸਾਨ ਜਥੇਬੰਦੀਆਂ ਵੱਲੋਂ ਵੀ ਸਮਰਥਨ ਦਿੱਤਾ ਗਿਆ ਹੈ। ਆਗੂਆਂ ਨੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਐਂਟਰੀ ਟੈਕਸ ਵਾਪਸ ਨਾ ਲਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਭਗਵੰਤ ਮਾਨ ਸਰਕਾਰ ਨੇ ਠੇਕੇਦਾਰੀ ਵਿਵਸਥਾ ਖਤਮ ਕਰਕੇ ਪੰਜਾਬ ਦੇ ਮੁਲਾਜ਼ਮਾਂ ਦੀ ਭਲਾਈ ਲਈ ਇਤਿਹਾਸਕ ਫੈਸਲਾ ਲਿਆ, 65,000 ਤੋਂ ਵੱਧ ਕਰਮਚਾਰੀ ਹੋਣਗੇ ਰੈਗੂਲਰ

**• ਪੰਜਾਬ ਕੈਬਨਿਟ ਵੱਲੋਂ ਡੀ.ਏ. ਦੇ ਬਕਾਏ ਸਬੰਧੀ ਪੁਨਰ-ਗਠਿਤ ਪੈਨਲ ਨੂੰ ਪ੍ਰਵਾਨਗੀ • ਭ੍ਰਿਸ਼ਟਾਚਾਰ ਵਿਰੋਧੀ 7 ਵਿਸ਼ੇਸ਼ ਅਦਾਲਤਾਂ ਨੂੰ ਮਨਜ਼ੂਰੀ**

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਅੱਜ ਮੁਲਾਜ਼ਮਾਂ ਦੇ ਹੱਕ 'ਚ ਪੰਜਾਬ ਦੇ ਇਤਿਹਾਸ ਦੇ ਹੁਣ ਤੱਕ ਦੇ ਸਭ ਤੋਂ ਅਹਿਮ ਫੈਸਲਿਆਂ ਵਿੱਚੋਂ ਇੱਕ ਫੈਸਲਾ ਲੈਂਦਿਆਂ ਦਹਾਕਿਆਂ ਪੁਰਾਣੀ ਠੇਕੇਦਾਰੀ ਰੋਜ਼ਗਾਰ ਪ੍ਰਣਾਲੀ ਨੂੰ ਖਤਮ ਕਰਨ ਅਤੇ ਸਰਕਾਰੀ ਵਿਭਾਗਾਂ ਵਿੱਚ 65,000 ਤੋਂ ਵੱਧ ਕਾਮਿਆਂ ਨੂੰ ਰੈਗੂਲਰ ਕਰਨ ਦਾ ਰਾਹ ਪੱਧਰਾ ਕਰਨ ਲਈ ਰੂਪ-ਰੇਖਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਰਕਾਰੀ ਰੋਜ਼ਗਾਰ ਵਿਵਸਥਾ ਵਿੱਚੋਂ ਨਿੱਜੀ ਠੇਕੇਦਾਰਾਂ ਦੀ ਭੂਮਿਕਾ ਨੂੰ ਖਤਮ ਕਰਦਿਆਂ ਸਰਕਾਰ ਅਤੇ ਕਾਮਿਆਂ ਦਰਮਿਆਨ ਸਿੱਧਾ ਸਰਕਾਰ-ਕਰਮਚਾਰੀ ਸਬੰਧ ਸਥਾਪਤ ਕਰਨ ਲਈ ਭਗਵੰਤ ਮਾਨ ਸਰਕਾਰ ਨੇ ਹਜ਼ਾਰਾਂ ਕਰਮਚਾਰੀਆਂ, ਜਿਨ੍ਹਾਂ ਨੇ ਰੈਗੂਲਰ ਦਰਜੇ ਤੋਂ ਬਿਨਾਂ ਸਾਲਾਂ ਤੋਂ ਪੰਜਾਬ ਨੂੰ ਆਪਣੀ ਸੇਵਾਵਾਂ ਦਿੱਤੀਆਂ ਹਨ, ਲਈ ਰੋਜ਼ਗਾਰ ਸੁਰੱਖਿਆ, ਮਾਣ-ਸਨਮਾਨ ਅਤੇ ਰੈਗੂਲਰ ਸੇਵਾ ਲਈ ਸਪੱਸ਼ਟ ਤੌਰ 'ਤੇ ਰਾਹ ਪ੍ਰਦਾਨ ਕਰਨ ਦਾ ਫੈਸਲਾ ਲਿਆ ਹੈ। ਮੰਤਰੀ ਮੰਡਲ ਨੇ ਇਸ ਫੈਸਲੇ ਨੂੰ ਲਾਗੂ ਕਰਨ ਲਈ ਦੋ ਨਵੇਂ ਆਰਡੀਨੈਂਸਾਂ, ਲੰਬਿਤ ਮਹਿੰਗਾਈ ਭੱਤੇ (ਡੀ.ਏ.) ਅਤੇ ਪੈਨਸ਼ਨ ਨਾਲ ਸਬੰਧਤ ਬਕਾਏ ਦੇ ਹੱਲ ਲਈ ਮੰਤਰੀ ਪੈਨਲ ਦਾ ਪੁਨਰਗਠਨ ਕਰਨ ਅਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਤੇਜ਼ੀ ਨਾਲ ਸੁਣਵਾਈ ਲਈ 7 ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਫੈਸਲੇ ਦੇ ਵੇਰਵੇ ਸਾਂਝੇ ਕਰਦਿਆਂ ਮੁੱਖ ਮੰਤਰੀ ਦਫ਼ਤਰ ਨੇ ਦੱਸਿਆ ਕਿ ਵਜ਼ਾਰਤ ਨੇ 'ਪੰਜਾਬ ਐਡਹਾਕ, ਕੰਟਰੈਕਟੂਅਲ, ਡੇਲੀ ਵੇਜ, ਟੈਂਪਰਰੀ, ਵਰਕ ਚਾਰਜਡ ਐਂਡ ਆਊਟਸੋਰਸਡ ਇੰਪਲਾਈਜ਼ ਵੈਲਫੇਅਰ ਐਕਟ, 2016' ਨੂੰ ਰੱਦ ਕਰਨ ਅਤੇ 'ਪੰਜਾਬ ਸਟੇਟ ਆਊਟਸੋਰਸਡ ਪਰਸੋਨਲ (ਟਰਾਂਜਿਸ਼ਨ ਟੂ ਕੰਟਰੈਕਟੂਅਲ ਐਂਗੇਜਮੈਂਟ) ਬਿੱਲ, 2026' ਤੇ 'ਪੰਜਾਬ ਕੰਟਰੈਕਟੂਅਲ ਪਰਸੋਨਲ (ਮਨਜ਼ੂਰਸ਼ੁਦਾ ਖਾਲੀ ਅਸਾਮੀਆਂ ਵਿਰੁੱਧ ਐਬਸੌਰਪਸ਼ਨ) ਬਿੱਲ, 2026' ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਕਦਮ ਆਊਟਸੋਰਸਡ ਕਰਮਚਾਰੀਆਂ ਨੂੰ ਸਿੱਧੇ ਤੌਰ 'ਤੇ ਸਰਕਾਰੀ ਠੇਕੇ ਅਧੀਨ ਲਿਆਉਣ ਅਤੇ ਰੈਗੂਲਰ ਰੋਜ਼ਗਾਰ ਲਈ ਸਪੱਸ਼ਟ ਰੂਪ-ਰੇਖਾ ਉਲੀਕਣ ਦਾ ਰਾਹ ਪੱਧਰਾ ਕਰਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਪੰਜਾਬ ਦੇ 65,000 ਤੋਂ ਵੱਧ ਕੰਟਰੈਕਟ ਵਰਕਰਾਂ ਨੇ ਸੂਬੇ ਦੀ ਸੇਵਾ ਵਿੱਚ ਆਪਣੀ ਜ਼ਿੰਦਗੀ ਦੇ ਕਈ-ਕਈ ਸਾਲ ਦਿੱਤੇ ਹਨ। ਇਸ ਫੈਸਲੇ ਨਾਲ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਉਹ ਦੇ ਦਿੱਤਾ ਹੈ, ਜੋ ਉਨ੍ਹਾਂ ਦਾ ਹੱਕ ਹੈ। ਹੁਣ ਕੋਈ ਵੀ ਠੇਕੇਦਾਰ ਇਨ੍ਹਾਂ ਕਰਮਚਾਰੀਆਂ ਅਤੇ ਸੂਬਾ ਸਰਕਾਰ ਵਿਚਕਾਰ ਖੜ੍ਹਾ ਨਹੀਂ ਹੋਵੇਗਾ।÷ ਇਸ ਸੁਧਾਰਾਤਮਕ ਕਦਮ ਬਾਰੇ ਵਿਸਥਾਰ ਨਾਲ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਨ੍ਹਾਂ ਕਰਮਚਾਰੀਆਂ ਨੂੰ ਹੁਣ ਸਿੱਧਾ ਰੋਜ਼ਗਾਰ, ਪੂਰਾ ਮਾਣ-ਸਨਮਾਨ ਅਤੇ ਪੱਕੀ ਨੌਕਰੀ ਦਾ ਸਪੱਸ਼ਟ ਰਸਤਾ ਮਿਲੇਗਾ। ਪੰਜਾਬ ਸਰਕਾਰ ਦੇ ਵਿਭਾਗਾਂ ਅਤੇ ਸੰਸਥਾਵਾਂ ਵਿੱਚ ਨਿੱਜੀ ਠੇਕੇਦਾਰਾਂ ਰਾਹੀਂ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸਿੱਧੇ ਸੂਬਾ ਸਰਕਾਰ ਦੀ ਆਪਣੀ ਰੋਜ਼ਗਾਰ ਪ੍ਰਣਾਲੀ ਅਧੀਨ ਲਿਆ ਜਾਵੇਗਾ, ਜਿਸ ਨਾਲ ਵਿਚੋਲੀਆ ਠੇਕੇਦਾਰ ਪ੍ਰਥਾ ਖਤਮ ਹੋ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ 'ਪੰਜਾਬ ਰਾਜ ਆਊਟਸੋਰਸਡ ਪਰਸੋਨਲ (ਟਰਾਂਜਿਸ਼ਨ ਟੂ ਕੰਟਰੈਕਟੂਅਲ ਇੰਗੇਜਮੈਂਟ) ਬਿੱਲ, 2026' ਤਹਿਤ ਆਊਟਸੋਰਸਡ ਗਰੁੱਪ-ਸੀ ਅਤੇ ਗਰੁੱਪ-ਡੀ ਦੇ ਕਰਮਚਾਰੀਆਂ ਜਿਨ੍ਹਾਂ ਨੇ ਪੰਜ ਸਾਲ ਦੀ ਨਿਰੰਤਰ ਸੇਵਾ ਪੂਰੀ ਕਰ ਲਈ ਹੈ, ਨੂੰ ਸਿੱਧੇ ਸਰਕਾਰੀ ਠੇਕੇ 'ਤੇ ਰੋਜ਼ਗਾਰ ਅਧੀਨ ਲਿਆ ਜਾਵੇਗਾ। ਜ਼ੋਖਮ ਵਾਲੀਆਂ ਸ਼੍ਰੇਣੀਆਂ 'ਚ ਕੰਮ ਕਰਨ ਵਾਲੇ ਕਰਮਚਾਰੀ ਤਿੰਨ ਸਾਲ ਦੀ ਸੇਵਾ ਪੂਰੀ ਕਰਨ ਤੋਂ ਬਾਅਦ ਯੋਗ ਹੋ ਜਾਣਗੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜ ਸਾਲ ਦੀ ਨਿਰੰਤਰ ਆਊਟਸੋਰਸਡ ਸੇਵਾ ਤੋਂ ਬਾਅਦ ਸਿੱਧਾ ਰਾਜ ਸਰਕਾਰ ਅਧੀਨ ਰੋਜ਼ਗਾਰ ਪ੍ਰਦਾਨ ਕੀਤਾ ਜਾਵੇਗਾ। ਇਸ ਤੋਂ ਬਾਅਦ ਸਰਕਾਰੀ ਠੇਕੇ 'ਤੇ 10 ਸਾਲ ਸੇਵਾ ਪੂਰੀ ਕਰਨ ਤੋਂ ਬਾਅਦ, ਕਰਮਚਾਰੀਆਂ ਨੂੰ ਰੈਗੂਲਰ ਮਨਜ਼ੂਰਸ਼ੁਦਾ ਅਸਾਮੀਆਂ ਵਿਰੁੱਧ ਰੈਗੂਲਰ ਕਰਨ ਲਈ ਵਿਚਾਰਿਆ ਜਾਵੇਗਾ। ਦੋ ਨਵੇਂ ਕਾਨੂੰਨ ਲਿਆਂਦੇ ਜਾ ਰਹੇ ਹਨ ਜਿਨ੍ਹਾਂ ਵਿੱਚੋਂ ਇਕ ਆਊਟਸੋਰਸਡ ਰੋਜ਼ਗਾਰ ਤੋਂ ਸਿੱਧੇ ਸੂਬਾ ਸਰਕਾਰ ਅਧੀਨ ਠੇਕੇ 'ਤੇ ਕਰਨ ਲਈ ਅਤੇ ਦੂਜਾ ਪ੍ਰਵਾਨਿਤ ਖਾਲੀ ਅਸਾਮੀਆਂ ਵਿਰੁੱਧ ਸਰਕਾਰੀ ਠੇਕੇ ਤੋਂ ਰੈਗੂਲਰ ਕਾਡਰ ਵਿੱਚ ਕਰਨ ਲਈ ਹੈ। ਇਸ ਪਹਿਲਕਦਮੀ ਦੇ ਪੈਮਾਨੇ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "51 ਵਿਭਾਗਾਂ ਵਿੱਚ ਕੁੱਲ 65,048 ਆਊਟਸੋਰਸ ਕਾਮੇ ਇਸ ਸੁਧਾਰ ਦੇ ਦਾਇਰੇ ਵਿੱਚ ਆਉਂਦੇ ਹਨ ਅਤੇ 26,000 ਤੋਂ ਵੱਧ ਕਾਮੇ ਪਹਿਲ ਲਾਭਪਾਤਰੀਆਂ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਅੱਗੇ ਐਲਾਨ ਕੀਤਾ ਕਿ ਜੀਵਨ



ਅਤੇ ਸਿਹਤ ਲਈ ਜ਼ੋਖਮਾਂ ਨਾਲ ਸਬੰਧਤ ਡਿਊਟੀਆਂ ਨਿਭਾਉਣ ਵਾਲੇ ਕਾਮਿਆਂ 'ਤੇ ਨੀਤੀ ਦੇ ਤਹਿਤ ਤੇਜ਼ੀ ਨਾਲ ਵਿਚਾਰ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਜਿਨ੍ਹਾਂ ਕਾਮਿਆਂ ਦੀ ਰੋਜ਼ਾਨਾ ਡਿਊਟੀਆਂ ਵਿੱਚ ਖ਼ਤਰਾ ਹੁੰਦਾ ਹੈ, ਉਨ੍ਹਾਂ ਨੂੰ ਪੰਜ ਸਾਲਾਂ ਦੀ ਬਜਾਏ ਤਿੰਨ ਸਾਲਾਂ ਬਾਅਦ ਵਿਚਾਰਿਆ ਜਾਵੇਗਾ। ਇਨ੍ਹਾਂ ਵਿੱਚ ਫਾਇਰ ਸਰਵਿਸਿਜ਼ ਕਰਮਚਾਰੀ, ਪੀ.ਐਸ.ਪੀ.ਸੀ.ਐਲ. ਲਾਈਨਮੈਨ, ਸੀਵਰ ਵਰਕਰ, ਸ਼ਹਿਰੀ ਸਥਾਨਕ ਸੰਸਥਾਵਾਂ ਦੇ ਸੈਨੀਟੇਸ਼ਨ ਕਰਮਚਾਰੀ, ਕੂੜਾ-ਕਰਕਟ ਸੰਭਾਲਣ ਵਾਲੇ ਕਰਮਚਾਰੀ ਅਤੇ ਫੀਲਡ ਸ਼ਿਕਾਇਤ ਸਟਾਫ਼ ਸ਼ਾਮਲ ਹਨ। ਲਾਭ ਲੈਣ ਵਾਲੇ ਵਿਭਾਗਾਂ ਦਾ ਵੇਰਵਾ ਦਿੰਦਿਆਂ ਬਿਆਨ ਵਿੱਚ ਕਿਹਾ ਗਿਆ ਹੈ ਕਿ ਸੁਧਾਰ ਵਿੱਚ ਬਿਜਲੀ ਸੈਕਟਰ ਦੇ 15,753 ਕਰਮਚਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਵਿੱਚ ਸ਼ਿਕਾਇਤਾਂ ਦਾ ਹੱਲ ਕਰਨ ਵਾਲਾ ਸਟਾਫ, ਪੈਸਕੋ ਕਰਮਚਾਰੀ, ਮੀਟਰ ਰੀਡਰ ਅਤੇ ਨੋਡਲ ਸੈਂਟਰ ਵਰਕਰ ਸ਼ਾਮਲ ਹਨ। ਸਥਾਨਕ ਸਰਕਾਰਾਂ ਵਿਭਾਗ ਦੇ 8,436 ਕਰਮਚਾਰੀ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸਫ਼ਾਈ ਕਰਮਚਾਰੀ, ਖੰਡ ਮਿੱਲਾਂ, ਸਪਿਨਫੈੱਡ ਅਤੇ ਮਾਰਕਫੈੱਡ ਸਮੇਤ ਸਹਿਕਾਰੀ ਸੰਸਥਾਵਾਂ ਦੇ 8,373 ਕਾਮੇ; ਸਕੂਲ ਸਿੱਖਿਆ ਦੇ 7,704 ਕਰਮਚਾਰੀ, ਟਰਾਂਸਪੋਰਟ ਵਿਭਾਗ ਦੇ 4,746 ਕਰਮਚਾਰੀ ਅਤੇ 1,472 ਆਊਟਸੋਰਸਡ ਫਾਇਰ ਕਰਮਚਾਰੀ ਸ਼ਾਮਲ ਹਨ। ਇਸ ਤੋਂ ਇਲਾਵਾ ਸਿਹਤ ਤੇ ਪਰਿਵਾਰ ਭਲਾਈ ਦੇ 2,688 ਕਰਮਚਾਰੀ, ਜਲ ਸਪਲਾਈ ਅਤੇ ਸੈਨੀਟੇਸ਼ਨ ਦੇ 1,575 ਕਰਮਚਾਰੀ, ਖੇਤੀਬਾੜੀ ਦੇ 1,533 ਕਰਮਚਾਰੀ, ਜੇਲ੍ਹਾਂ ਦੇ 1,311 ਕਰਮਚਾਰੀ, ਤਕਨੀਕੀ ਸਿੱਖਿਆ ਦੇ 1,251 ਕਰਮਚਾਰੀ, ਪੀ.ਡਬਲਯੂ.ਡੀ. (ਬੀ ਐਂਡ ਆਰ) ਦੇ 1,570 ਕਰਮਚਾਰੀ, ਆਮ ਰਾਜ ਪ੍ਰਬੰਧ ਵਿਭਾਗ ਦੇ 1,322 ਕਰਮਚਾਰੀਆਂ ਅਤੇ ਮੈਡੀਕਲ ਸਿੱਖਿਆ ਦੇ 1,231 ਕਰਮਚਾਰੀਆਂ ਨੂੰ ਲਾਭ ਮਿਲੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮਜ਼ਦੂਰਾਂ ਦਾ ਹੁਣ ਮਾਲਕਾਂ ਨਾਲ ਸਿੱਧਾ ਸੰਪਰਕ ਹੋਵੇਗਾ। ਇਸ ਪ੍ਰਣਾਲੀ ਵਿੱਚ ਹੁਣ ਠੇਕੇਦਾਰਾਂ ਲਈ ਕੋਈ ਥਾਂ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਅੱਗੇ ਕਿਹਾ, ਉਜਰਤਾਂ ਬਿਨਾਂ ਕਿਸੇ ਏਜੰਸੀ ਦੀ ਕਟੌਤੀ ਜਾਂ ਕਮਿਸ਼ਨਾਂ ਦੇ ਸਿੱਧੇ ਕਰਮਚਾਰੀਆਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕੀਤੀਆਂ ਜਾਣਗੀਆਂ। ਕਰਮਚਾਰੀਆਂ ਨੂੰ ਹਰ ਕੈਲੰਡਰ ਸਾਲ ਵਿੱਚ ਕਾਨੂੰਨੀ ਜਣੇਪਾ ਲਾਭ ਅਤੇ 10 ਦਿਨਾਂ ਦੀ ਕੈਜ਼ੂਅਲ ਛੁੱਟੀ ਮਿਲੇਗੀ। ਉਹ ਬਾਇਓਮੀਟ੍ਰਿਕ ਹਾਜ਼ਰੀ ਅਤੇ ਆਈ.ਐਚ.ਆਰ.ਐਮ.ਐਸ. ਪ੍ਰਣਾਲੀਆਂ ਦੇ ਅਧੀਨ ਵੀ ਕਵਰ ਕੀਤੇ ਜਾਣਗੇ। ਕਰਮਚਾਰੀਆਂ ਦੀ ਸੁਰੱਖਿਆ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇੱਥੇ ਪਾਰਦਰਸ਼ਤਾ ਅਤੇ ਮਨਮਾਨੀ ਵਾਲੀ ਕਾਰਵਾਈ ਨਹੀਂ ਚੱਲੇਗੀ। ਕਿਸੇ ਵੀ ਕਰਮਚਾਰੀ ਨੂੰ ਲਿਖਤੀ ਕਾਰਨ ਦਰਜ ਕੀਤੇ ਬਿਨਾਂ ਅਤੇ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਹਟਾਇਆ ਨਹੀਂ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮੰਤਰੀ ਮੰਡਲ ਦੀ ਪ੍ਰਵਾਨਗੀ ਦੇ 45 ਦਿਨਾਂ ਦੇ ਅੰਦਰ ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ ਅਤੇ ਅਮਲਾ ਅਤੇ ਵਿੱਤ ਵਿਭਾਗਾਂ ਦੁਆਰਾ ਯੋਗ ਸ਼੍ਰੇਣੀਆਂ ਨੂੰ ਪੜਾਵਾਂ ਵਿੱਚ ਨੋਟੀਫਾਈ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਮੁੱਖ ਸਕੱਤਰ ਦੀ ਅਗਵਾਈ ਵਾਲੀ ਸੂਬਾ ਪੱਧਰੀ ਅਧਿਕਾਰਤ ਕਮੇਟੀ ਇਸ ਫ਼ੈਸਲੇ ਨੂੰ ਲਾਗੂ ਕਰਨ ਦੀ ਨਿਗਰਾਨੀ ਕਰੇਗੀ ਜਦੋਂ ਕਿ ਬਹੁਤ ਸਾਰੇ ਸੂਬੇ ਠੇਕੇਦਾਰੀ ਵੱਲ ਵਧ ਰਹੇ ਹਨ, ਪੰਜਾਬ ਇਸ ਰੁਝਾਨ ਨੂੰ ਉਲਟਾ ਰਿਹਾ ਹੈ ਅਤੇ ਠੇਕੇਦਾਰੀ ਪ੍ਰਣਾਲੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਇੱਕ ਹੋਰ ਅਹਿਮ ਫ਼ੈਸਲੇ ਵਿੱਚ ਮੰਤਰੀ ਮੰਡਲ ਨੇ ਸੋਧੀ ਹੋਈ ਤਨਖਾਹ, ਪੈਨਸ਼ਨਾਂ, ਛੁੱਟੀਆਂ ਦੇ ਬਕਾਏ ਦੇ ਸਬੰਧਤ ਮੁੱਦਿਆਂ ਦੀ ਘੋਖ ਕਰਨ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ 'ਤੇ ਅਧਾਰਿਤ ਕੈਬਨਿਟ ਸਬ-ਕਮੇਟੀ ਦੇ ਪੁਨਰਗਠਨ ਲਈ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ ਹੈ। ਕਮੇਟੀ 1 ਜਨਵਰੀ, 2016 ਤੋਂ 30 ਜੂਨ, 2021 ਦਰਮਿਆਨ ਸੋਧੀਆਂ ਤਨਖਾਹਾਂ ਅਤੇ ਪੈਨਸ਼ਨ ਲਾਭਾਂ ਸਦਕਾ ਹੋਣ ਵਾਲੇ ਬਕਾਏ ਦੇ ਭੁਗਤਾਨ 'ਤੇ ਵਿਚਾਰ ਕਰੇਗੀ। ਇਸ ਤੋਂ ਇਲਾਵਾ 1 ਜੁਲਾਈ, 2021 ਤੋਂ 31 ਮਾਰਚ, 2024 ਤੱਕ ਦੇ ਬਕਾਇਆ ਡੀ.ਏ. ਅਤੇ ਮਹਿੰਗਾਈ ਰਾਹਤ ਦੇ ਬਕਾਏ ਦਾ ਅਧਿਐਨ ਕਰੇਗੀ। ਕਮੇਟੀ ਕਰਮਚਾਰੀਆਂ ਅਤੇ ਵੱਖ-ਵੱਖ ਮਹਿੰਗਾਈ ਭੱਤਿਆਂ ਅਤੇ ਮਹਿੰਗਾਈ ਰਾਹਤ ਨਾਲ ਸਬੰਧਤ ਮੁੱਦਿਆਂ ਦਾ ਅਧਿਐਨ ਕਰੇਗੀ। ਮੰਤਰੀ ਮੰਡਲ ਨੇ ਪੰਜਾਬ ਸੁਪੀਰੀਅਰ ਜੁਡੀਸ਼ੀਅਲ ਸਰਵਿਸ ਰੂਲਜ਼, 2007 ਦੇ ਨਿਯਮ 7, 10, 12 ਅਤੇ ਅੰਤਿਕਾ 'ਬੀ' ਵਿੱਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।


ਹਫਤਾਵਾਰੀ 'ਜ਼ਿਕਰ ਪੰਜਾਬ' ਅਖ਼ਬਾਰ ਵਿੱਚ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਛਪਵਾਉਣ ਲਈ
ਸੰਪਰਕ:-
9815024577
E-mail:
zikarpunjab44@gmail.com

# ਪੰਜਾਬ ਦੇ ਹਰੇਕ ਜ਼ਿਲ੍ਹੇ ਦੇ ਮੁੱਖ ਸੇਵਾ ਕੇਂਦਰ ਵਿੱਚ ਭਰਤੀ ਲਈ 3 ਜੂਨ ਨੂੰ ਲੱਗੇਗਾ ਸੂਬਾ ਪੱਧਰੀ 'ਨੌਕਰੀ ਮੇਲਾ'

## ਬੀ.ਏ. ਪਾਸ ਨੌਜਵਾਨਾਂ ਲਈ ਸੁਨਹਿਰੀ ਮੌਕਾ : ਪ੍ਰੋਜੈਕਟ ਹੈੱਡ ਪ੍ਰਭਜੋਤ ਸਿੰਘ

**ਲੁਧਿਆਣਾ/ਡੀ.ਪੀ.ਆਰ**

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਬਿਹਤਰ ਅਵਸਰ ਪ੍ਰਦਾਨ ਕਰਨ ਅਤੇ ਸਰਕਾਰੀ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਾਲੇ 'ਸੇਵਾ ਕੇਂਦਰਾਂ' ਦੇ ਕੰਮਕਾਜ ਨੂੰ ਵਧੇਰੇ ਚੁਸਤ-ਦਰੁਸਤ ਬਣਾਉਣ ਲਈ ਇੱਕ ਅਹਿਮ ਪਹਿਲਕਦਮੀ ਕੀਤੀ ਗਈ ਹੈ। ਸੇਵਾ ਕੇਂਦਰਾਂ ਦੇ ਪੰਜਾਬ ਪ੍ਰੋਜੈਕਟ ਹੈੱਡ ਸ੍ਰੀ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਪੰਜਾਬ ਭਰ ਦੇ ਸੇਵਾ ਕੇਂਦਰਾਂ ਵਿੱਚ 3 ਜੂਨ 2026 ਦਿਨ ਬੁੱਧਵਾਰ ਨੂੰ ਸੂਬਾ ਪੱਧਰੀ 'ਨੌਕਰੀ ਮੇਲਾ' ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੰਪਿਊਟਰ ਆਪਰੇਟਰਾਂ ਦੀ ਭਰਤੀ ਲਈ 3 ਜੂਨ, 2026 ਨੂੰ ਪੂਰੇ ਪੰਜਾਬ ਦੇ ਡੀ.ਸੀ. ਦਫਤਰਾਂ ਵਿਖੇ ਸਥਿਤ ਮੁੱਖ ਸੇਵਾ ਕੇਂਦਰਾਂ ਵਿੱਚ ਡਾਟਾ ਆਪਰੇਟਰਾਂ ਦੀ ਭਰਤੀ ਕਰਨ ਲਈ ਨੌਕਰੀ ਮੇਲਾ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਵਧੀਆ ਵਸੀਲੇ ਪੈਦਾ ਕੀਤਾ ਜਾ ਰਹੇ ਹਨ, ਇਸ ਲਈ ਕੰਪਿਊਟਰ ਦੀ ਵਧੀਆ ਜਾਣਕਾਰੀ ਰੱਖਣ ਵਾਲੇ ਬੀ.ਏ. ਪਾਸ 120 ਘੰਟੇ ਦੇ ਕੰਪਿਊਟਰ ਕੋਰਸ ਅਤੇ 30 ਸ਼ਬਦ ਟਾਈਪ ਕਰਨ




ਦੀ ਸਪੀਡ ਰੱਖਣ ਵਾਲੇ ਨੌਜਵਾਨਾਂ ਲਈ ਇਹ ਇਕ ਵਧੀਆ ਵਿਕਲਪ ਹੈ। ਚਾਹਵਾਨ ਨੌਜਵਾਨ 3 ਜੂਨ, 2026 ਦਿਨ ਬੁੱਧਵਾਰ ਨੂੰ ਆਪੋ ਆਪਣੇ ਪੜ੍ਹਾਈ ਤੇ ਰਿਹਾਇਸ਼ੀ ਪਹਿਚਾਣ ਪੱਤਰ ਸਮੇਤ ਇੰਟਰਵਿਊ ਲਈ ਹਰ ਜਿਲ੍ਹੇ ਦੇ ਡੀ.ਸੀ. ਕੰਪਲੈਕਸ 'ਚ ਸਥਿਤ ਸੇਵਾ ਕੇਂਦਰ 'ਚ ਇੰਟਰਵਿਊ ਲਈ ਆ ਸਕਦੇ ਹਨ ਤੇ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 95305-40651 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਅਕਾਲੀ ਜੱਥਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਭਿੰਦਾ ਨੇ ਅਹੁਦੇਦਾਰਾਂ ਦੀ ਪਹਿਲੀ ਲਿਸਟ ਕੀਤੀ ਜਾਰੀ

**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**

ਅਕਾਲੀ ਜੱਥਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਨੇ ਮੀਡੀਆ ਨੂੰ ਜਾਰੀ ਇੱਕ ਬਿਆਨ ਰਾਹੀ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਜੀ ਦੇ ਦਿਸ਼ਾ ਨਿਰਦੇਸ਼ ਅਤੇ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਲੁਧਿਆਣਾ ਜਿਲਾ ਅਕਾਲੀ ਜੱਥਾ ਲੁਧਿਆਣਾ ਦੇ ਸੀਨੀਅਰ ਐਡਵਾਈਜਰੀ ਬੋਰਡ ਦੇ ਵਿੱਚ ਅਬਜਰਵਰ ਲੁਧਿਆਣਾ ਸ਼ਹਿਰੀ, ਜਿਲਾ ਪ੍ਰਧਾਨ, ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਸ਼ਰਨਜੀਤ ਸਿੰਘ ਢਿੱਲੋਂ, ਹਰੀਸ਼ ਰਾਏ ਢਾਂਡਾ, ਰਣਜੀਤ ਸਿੰਘ ਢਿੱਲੋਂ, ਹਰਚਰਨ ਸਿੰਘ ਗੋਹਲਵੜੀਆ, ਪਿਰਤਪਾਲ ਸਿੰਘ ਪਾਲੀ ਪ੍ਰਧਾਨ, ਸ੍ਰੀ ਜੀਵਨ ਧਵਨ, ਬਾਬਾ ਅਜੀਤ ਸਿੰਘ, ਕਮਲ ਚੇਤਲੀ, ਜਗਦੇਵ ਸਿੰਘ ਗੋਹਲਵੜੀਆ, ਪ੍ਰਹਲਾਦ ਸਿੰਘ ਢੱਲ ਜੀ ਨੂੰ ਇਹ ਮਾਣ ਦਿੱਤਾ ਗਿਆ। ਜਦਕਿ ਜਿਲਾ ਲੀਗਲ ਐਡਵਾਈਜਰੀ ਕਮੇਟੀ ਦੇ ਵਿੱਚ ਐਡਵੋਕੇਟ ਹਰੀਸ਼ ਰਾਏ ਢਾਂਡਾ, ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਐਡਵੋਕੇਟ ਸਚਿਨ ਅਰੋੜਾ, ਐਡਵੋਕੇਟ ਚੰਦਨ ਰਾਏ ਢਾਂਡਾ, ਐਡਵੋਕੇਟ ਗਗਨਦੀਪ ਸਿੰਘ, ਐਡਵੋਕੇਟ ਅਮਨਦੀਪ ਭਨੋਟ, ਐਡਵੋਕੇਟ ਗੁਰਬਖਸ਼ੀਸ਼ ਸਿੰਘ ਬੇਦੀ ਜੀ ਨਿਯੁਕਤ ਕੀਤੇ ਗਏ। ਉਹਨਾਂ ਦੱਸਿਆ ਕਿ ਸਰਕਲ ਇੰਚਾਰਜ ਸਾਹਿਬਾਨਾਂ ਦੀ ਲਿਸਟ ਅਨੁਸਾਰ ਵਿਧਾਨ ਸਭਾ ਹਲਕਾ ਪੂਰਵੀ ਅਧੀਨ ਆਉਂਦੇ ਸਰਕਲ ਨੂਰ ਵਾਲਾ ਰੋਡ ਤੋਂ ਇੰਚਾਰਜ ਬਲਵਿੰਦਰ ਸਿੰਘ ਐਮਡੀ, ਸਰਕਲ ਰਾਹੋਂ ਰੋਡ ਸਰਬਜੀਤ ਸਿੰਘ ਲਾਡੀ, ਸਰਕਲ ਟਿੱਬਾ ਰੋਡ ਤੋਂ ਡਾਕਟਰ ਅਸ਼ਵਨੀ ਪਾਸੀ, ਸਰਕਲ ਟਿੱਬਾ ਰੋਡ ਗਊਸ਼ਾਲਾ ਤੋਂ ਕਮਲਜੀਤ ਸਿੰਘ ਨਿੱਕੂ ਗਰੇਵਾਲ, ਸਰਕਲ ਤਾਜਪੁਰ ਰੋਡ ਤੋਂ ਸਿਮਰਨਜੀਤ ਸਿੰਘ ਹਨੀ, ਸਰਕਲ ਮੋਤੀ ਨਗਰ ਤੋਂ ਸਵਿੰਦਰ ਪਾਲ ਸਿੰਘ ਰੀਤੂ ਨੂੰ, ਜਦਕਿ ਵਿਧਾਨ ਸਭਾ ਹਲਕਾ ਪੱਛਮੀ ਅਧੀਨ ਆਉਂਦੇ ਸਰਕਲ ਬਸ ਸਟੈਂਡ ਤੋਂ ਡਾਕਟਰ ਅਰੁਣ ਸਿੱਧੂ, ਸਰਕਲ ਮਾਡਲ ਗ੍ਰਾਮ ਤੋਂ ਰਾਜ ਸਿੰਘ, ਸਰਕਲ ਪੰਜਾਬ ਮਾਤਾ ਨਗਰ ਤੋਂ ਭੁਪਿੰਦਰ ਸਿੰਘ ਚੀਮਾ, ਸਰਕਲ ਬੀ ਆਰ ਐਸ ਨਗਰ ਤੋਂ ਅਰਵਿੰਦਰ ਸਿੰਘ ਦੂਆ, ਸਰਕਲ ਰਵਿਦਾਸ ਇਨਕਲੇਵ ਤੋਂ ਖੁਸ਼ਜੀਤ ਸਿੰਘ, ਸਿਵਿਲ ਲਾਇੰਜ ਅਮਨਦੀਪ ਭਨੋਟ, ਸਰਕਲ ਡੇਅਰੀ ਕੰਪਲੈਕਸ ਤੋਂ ਜੁਗਰਾਜ ਸਿੰਘ ਸਿੱਧੂ, ਸਰਕਲ ਹੈਬੋਵਾਲ ਤੋਂ




ਪ੍ਰਤਾਪ ਸਿੰਘ ਨੂੰ ਜਿੰਮੇਵਾਰੀ ਦਿੱਤੀ ਗਈ। ਉਹਨਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਸੈਂਟਰਲ ਅਧੀਨ ਆਉਂਦੇ ਸਰਕਲ ਡਿਵੀਜ਼ਨ ਨੰਬਰ 3 ਤੋਂ ਸ੍ਰੀ ਅਮਿਤ ਭਗਤ ਮੁੰਨਾ, ਸਰਕਲ ਸੁੰਦਰ ਨਗਰ ਤੋਂ ਹਰਜੀਤ ਸਿੰਘ ਰਾਜਾ ਜੰਗ, ਸਰਕਲ ਕਿਦਵਈ ਨਗਰ ਤੋਂ ਡਾਕਟਰ ਹਰਪਾਲ ਸਿੰਘ ਕੋਹਲੀ, ਸਰਕਲ ਬਾਬਾ ਥਾਨ ਸਿੰਘ ਚੌਂਕ ਤੋਂ ਇੰਦਰਪਾਲ ਸਿੰਘ ਮਰਵਾਹਾ ਨੂੰ ਇਹ ਮਾਣ ਦਿੱਤਾ ਗਿਆ। ਜਦਕਿ ਵਿਧਾਨ ਸਭਾ ਹਲਕਾ ਉੱਤਰੀ ਅਧੀਨ ਆਉਂਦੇ ਸਰਕਲ ਸੇਖੇਵਾਲ ਤੋਂ ਨੇਕ ਸਿੰਘ ਸੇਖੇਵਾਲ, ਸਰਕਲ ਸਲੇਮ ਟਾਵਰੀ ਤੋਂ ਵਿਕਰਮ ਠਾਕੁਰ, ਸਰਕਲ ਦੀਪ ਨਗਰ ਤੋਂ ਸੁਖਜਿੰਦਰ ਸਿੰਘ, ਸਰਕਲ ਹੈਬੋਵਾਲ ਤੋਂ ਕੈਂਡੀ ਭੱਲਾ ਨੂੰ ਅਤੇ ਵਿਧਾਨ ਸਭਾ ਹਲਕਾ ਆਤਮ ਨਗਰ ਅਧੀਨ ਆਉਂਦੇ ਸਰਕਲ ਮਾਡਲ ਟਾਊਨ ਤੋਂ ਬਲਕਾਰ ਸਿੰਘ, ਸਰਕਲ ਜਨਤਾ ਨਗਰ ਤੋਂ ਸੰਤੋਖ ਸਿੰਘ, ਸਰਕਲ ਦਸ਼ਮੇਸ਼ ਨਗਰ ਤੋਂ ਪ੍ਰਵੀਨ ਕੁਮਾਰ ਭਾਰਤੀ, ਸਰਕਲ ਦੁਗਰੀ ਤੋਂ ਅਰਵਿੰਦਰ ਪਾਲ ਸਿੰਘ ਰਿੰਕੂ, ਸਰਕਲ ਪ੍ਰਤਾਪ ਨਗਰ ਤੋਂ ਅਮਨਜੋਤ ਸਿੰਘ ਗੋਹਲਵੜੀਆ ਨੂੰ, ਵਿਧਾਨ ਸਭਾ ਹਲਕਾ ਸਾਹਨੇਵਾਲ ਅਧੀਨ ਆਉਂਦੇ 33 ਫੁੱਟ ਰੋਡ ਮੁੰਡੀਆਂ ਤੋਂ ਬਲਜੀਤ ਸਿੰਘ ਬੱਲੀ, ਸਰਕਲ ਜਮਾਲਪੁਰ ਤੋਂ ਪਰਮਜੀਤ ਸਿੰਘ ਟੋਨਾ ਗਰਚਾ ਨੂੰ, ਜਦਕਿ ਵਿਧਾਨ ਸਭਾ ਹਲਕਾ ਦੱਖਣੀ ਦੇ ਢੰਡਾਰੀ ਤੋਂ ਰਾਧੇ ਸ਼ਿਆਮ, ਸਰਕਲ ਗਿਆਸਪੁਰਾ ਤੋਂ ਸ਼ਮਸ਼ੇਰ ਸਿੰਘ, ਸਰਕਲ ਲੁਹਾਰਾਂ ਤੋਂ ਹਰਜਿੰਦਰ ਸਿੰਘ ਸੰਧੂ, ਸਰਕਲ ਡਾਬਾ ਤੋਂ ਹਰਵਿੰਦਰ ਸਿੰਘ ਸਿੱਧੂ ਨੂੰ ਸਰਕਲ ਪ੍ਰਧਾਨ ਦੀ ਜਿੰਮੇਵਾਰੀ ਦੇ ਨਾਲ ਨਿਵਾਜਿਆ ਗਿਆ।

ਇਸ ਮੌਕੇ ਗੱਲਬਾਤ ਦੌਰਾਨ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਨੇ ਕਿਹਾ ਕਿ ਰਹਿੰਦੀਆਂ ਨਿਯੁਕਤੀਆਂ ਸਮੇਤ ਕੋਰ ਕਮੇਟੀ ਦੀ ਲਿਸਟ ਜਲਦ ਜਾਰੀ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਨਿਯੁਕਤੀ ਪੱਤਰ ਵੀ ਦਿੱਤੇ ਜਾਣਗੇ। ਇਸ ਦੌਰਾਨ ਉਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕ ਐਸੀ ਪਾਰਟੀ ਹੈ ਜਿਸ ਨੇ ਆਪਣੇ ਵਰਕਰਾਂ ਨੂੰ ਹਮੇਸ਼ਾ ਹੀ ਮਾਣ ਦਿੱਤਾ ਹੈ ਤੇ ਇਹ ਨਿਯੁਕਤ ਕੀਤੇ ਜਾਣ ਸਮੇਂ ਵੀ ਸੀਨੀਅਰ, ਤਜਰਬੇਕਾਰ, ਪਾਰਟੀ ਪ੍ਰਤੀ ਵਫਾਦਾਰ ਅਤੇ ਤਨਦੇਹੀ ਅਤੇ ਮਿਹਨਤ ਨਾਲ ਕੰਮ ਕਰਨ ਵਾਲਿਆਂ ਨੂੰ ਤਰਜੀਹ ਦਿੱਤੀ ਗਈ ਹੈ ਤੇ ਅੱਗੇ ਤੋਂ ਵੀ ਇਸੇ ਤਰਾਂ ਤਰਜੀਹ ਦਿੱਤੀ ਜਾਵੇਗੀ।

# ਸੀ.ਬੀ.ਐਸ.ਈ. ਔਨਲਾਈਨ ਨਵੀਂ ਪ੍ਰਣਾਲੀ ਨਾਲ ਉੱਤਰ ਪੱਤਰੀਆਂ ਦਾ ਮੁਲਾਂਕਣ ਕਰਨ ਵਿੱਚ ਅਸਫਲ, ਵਿਦਿਆਰਥੀ ਅਤੇ ਮਾਪੇ ਤਣਾਅ ਵਿੱਚ : ਗੋਇਲ

**ਲੁਧਿਆਣਾ** : ਸੀਨੀਅਰ ਨਾਗਰਿਕ ਅਤੇ ਸਮਾਜਿਕ ਕਾਰਕੁਨ ਬ੍ਰਿਜ ਭੂਸ਼ਨ ਗੋਇਲ ਨੇ ਕਿਹਾ ਹੈ ਕਿ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐਸਈ) ਔਨਲਾਈਨ ਉੱਤਰ ਪੱਤਰੀਆਂ ਦੇ ਮੁਲਾਂਕਣ ਲਈ ਤਬਦੀਲੀ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਸਹਿਜ ਯਕੀਨੀ ਬਣਾਉਣ ਵਿੱਚ ਅਸਫਲ ਰਿਹਾ ਹੈ, ਜਿਸ ਕਾਰਨ ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਚਿੰਤਾ ਅਤੇ ਪ੍ਰੇਸ਼ਾਨੀ ਪੈਦਾ ਹੋ ਰਹੀ ਹੈ। ਘੱਟ ਅੰਕ ਪ੍ਰਾਪਤ ਕਰਨ ਵਾਲੇ ਅਤੇ ਪੁਨਰ ਮੁਲਾਂਕਣ ਦੀ ਚੋਣ ਕਰਨ ਲਈ ਆਪਣੀਆਂ ਉੱਤਰ ਪੱਤਰੀਆਂ ਡਾਊਨਲੋਡ ਕਰਨ ਵਾਲੇ ਵਿਦਿਆਰਥੀਆਂ ਨੇ ਆਪਣੀਆਂ ਉੱਤਰ ਪੱਤਰੀਆਂ ਵਿੱਚ ਗੰਭੀਰ ਅੰਤਰ ਦੀ ਸ਼ਿਕਾਇਤ ਕੀਤੀ ਹੈ। ਇਹ ਗੰਭੀਰ ਅੰਤਰ ਉਦੋਂ ਹੋਏ ਜਦੋਂ ਅਧਿਕਾਰੀਆਂ ਨੇ ਉੱਤਰ ਪੱਤਰੀਆਂ ਨੂੰ ਕੰਪਿਊਟਰਾਂ 'ਤੇ ਅਪਲੋਡ ਕੀਤਾ ਤਾਂ ਜੋ ਅੰਕ ਨਿਰਧਾਰਤ ਕਰਨ ਲਈ ਨਿਯੁਕਤ ਕੀਤੇ ਗਏ ਪ੍ਰੀਖਿਅਕਾਂ ਦੁਆਰਾ ਉਹਨਾਂ ਦੀ ਔਨਲਾਈਨ ਜਾਂਚ ਕੀਤੀ ਜਾ ਸਕੇ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਇੱਕ ਨੈਤਿਕ ਹੈਕਰ ਨੇ ਦਾਅਵਾ ਕੀਤਾ ਕਿ ਸਿਸਟਮ ਸੁਰੱਖਿਅਤ ਨਹੀਂ ਹੈ ਅਤੇ ਇਸ ਵਿੱਚ ਘੁਸਪੈਠ ਕੀਤੀ ਜਾ ਸਕਦੀ ਹੈ। ਹੈਕਰ ਨੇ ਅਧਿਕਾਰੀਆਂ ਨੂੰ ਨਿਯਮਿਤ ਤੌਰ 'ਤੇ ਸੂਚਿਤ ਕੀਤਾ ਕਿ ਨਵਾਂ ਸਿਸਟਮ ਅਸੁਰੱਖਿਅਤ ਹੈ, ਪਰ ਉਸ ਦੀਆਂ ਚੇਤਾਵਨੀਆਂ ਨੂੰ ਅਣਡਿੱਠਾ ਕਰ ਦਿੱਤਾ ਗਿਆ।

ਬ੍ਰਿਜ ਭੂਸ਼ਣ ਗੋਇਲ ਨੇ ਕਿਹਾ, ਸੀਬੀਐਸਈ ਅਤੇ ਭਾਰਤ ਸਰਕਾਰ ਪ੍ਰਕਿਰਿਆਵਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਮਜ਼ਬੂਤ ਯਕੀਨੀ ਬਣਾਉਣ ਵਿੱਚ ਅਸਫਲ ਰਹੇ ਹਨ। ਇੰਨੇ ਵੱਡੇ ਪੱਧਰ ਦੇ ਕੰਮ ਨੂੰ ਸੰਭਾਲਣ ਲਈ ਲੋੜੀਂਦੀ ਹਾਰਡਵੇਅਰ ਅਤੇ ਸਾਫਟਵੇਅਰ ਸਮਰੱਥਾਵਾਂ ਨੂੰ ਯਕੀਨੀ ਬਣਾਏ ਬਿਨਾਂ, ਉਹ ਸਿਸਟਮ ਵਿੱਚ



ਜਨਤਾ ਦਾ ਵਿਸ਼ਵਾਸ ਬਣਾਈ ਰੱਖਣ ਦੀ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੇ। ਲੱਖਾਂ ਵਿਦਿਆਰਥੀਆਂ ਦੀਆਂ ਕਰੀਅਰ ਦੀਆਂ ਇੱਛਾਵਾਂ ਪ੍ਰੀਖਿਆ ਦੇ ਨਿਰਪੱਖ ਸੰਚਾਲਨ ਅਤੇ ਉਨ੍ਹਾਂ ਦੁਆਰਾ ਪ੍ਰਾਪਤ ਕੀਤੇ ਅੰਕਾਂ ਨਾਲ ਜੁੜੀਆਂ ਹੁੰਦੀਆਂ ਹਨ। ਉੱਤਰ ਪੱਤਰੀ ਮੁਲਾਂਕਣ ਦੀ ਮੌਜੂਦਾ ਪ੍ਰਣਾਲੀ ਤਸੱਲੀਬਖਸ਼ ਕੰਮ ਕਰ ਰਹੀ ਸੀ। ਪ੍ਰੀਖਿਆ ਪ੍ਰਣਾਲੀ ਨਾਲ ਅਜਿਹੇ ਅੱਧੇ-ਪੱਕੇ ਪ੍ਰਯੋਗਾਂ ਨੂੰ ਹੁਣ ਬੰਦ ਕਰ ਦੇਣਾ ਚਾਹੀਦਾ ਹੈ। ਸਾਡੇ ਕਿਸ਼ੋਰਾਂ ਅਤੇ ਨੌਜਵਾਨਾਂ ਨੂੰ ਇਸ ਬੇਲੋੜੀ ਮਾਨਸਿਕ ਤਸੀਹੇ ਨੂੰ ਸਹਿਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ।

# ਯੂਆਈਡੀਏਆਈ ਦੇ ਸੀਈਓ ਸੌਰਭ ਵਿਜੇ ਨੇ ਖੇਤਰੀ ਦਫ਼ਤਰ ਚੰਡੀਗੜ੍ਹ ਦਾ ਦੌਰਾ ਕੀਤਾ


**ਚੰਡੀਗੜ੍ਹ/ਪੀ.ਆਈ.ਬੀ**

ਸ੍ਰੀ ਸੌਰਭ ਵਿਜੇ, ਭਾਰਤੀ ਵਿਲੱਖਣ ਪਛਾਣ ਅਥਾਰਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ), ਨੇ ਅੱਜ ਯੂਆਈਡੀਏਆਈ ਖੇਤਰੀ ਦਫ਼ਤਰ, ਚੰਡੀਗੜ੍ਹ ਦਾ ਦੌਰਾ ਕੀਤਾ ਤਾਂ ਜੋ ਖੇਤਰ ਵਿੱਚ ਖੇਤਰੀ ਦਫ਼ਤਰ ਅਤੇ ਆਧਾਰ ਸੇਵਾ ਡਿਲੀਵਰੀ ਈਕੋਸਿਸਟਮ ਦੇ ਕੰਮਕਾਜ ਦੀ ਸਮੀਖਿਆ ਕੀਤੀ ਜਾ ਸਕੇ। ਇਸ ਦੌਰੇ ਦੌਰਾਨ, ਸ੍ਰੀ ਸੌਰਭ ਵਿਜੇ ਨੇ ਖੇਤਰੀ ਦਫ਼ਤਰ ਚੰਡੀਗੜ੍ਹ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਵਿਸਤ੍ਰਿਤ ਗੱਲਬਾਤ ਕੀਤੀ ਅਤੇ ਖੇਤਰ ਵਿੱਚ ਚੱਲ ਰਹੀਆਂ ਵੱਖ-ਵੱਖ ਆਧਾਰ-ਸੰਬੰਧੀ ਪਹਿਲਕਦਮੀਆਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਆਧਾਰ ਸੇਵਾਵਾਂ ਦੇ ਕੁਸ਼ਲ ਸੰਚਾਲਨ ਨੂੰ ਯਕੀਨੀ ਬਣਾਉਣ ਵਿੱਚ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਪਾਰਦਰਸ਼ਿਤਾ, ਕੁਸ਼ਲਤਾ ਅਤੇ ਨਾਗਰਿਕ-ਕੇਂਦ੍ਰਿਤ ਸੇਵਾ ਡਿਲੀਵਰੀ ਦੇ ਉੱਚਤਮ ਮਾਪਦੰਡਾਂ ਨੂੰ ਬਣਾਈ ਰੱਖਣ ਦੀ ਮਹੱਤਤਾ 'ਤੇ ਚਾਨਣਾ



ਪਾਇਆ। ਸੀਈਓ ਨੇ ਕਾਰਜ ਪ੍ਰਕਿਰਿਆ ਦੀ ਸਮੀਖਿਆ ਕੀਤੀ ਅਤੇ ਆਧਾਰ ਰਜਿਸਟ?ਰੇਸ਼ਨ (ਐਨਰੋਲਮੈਂਟ), ਅੱਪਡੇਸ਼ਨ, ਪ੍ਰਮਾਣੀਕਰਨ, ਈਕੋਸਿਸਟਮ, ਸ਼ਿਕਾਇਤ ਨਿਵਾਰਣ ਪ੍ਰਣਾਲੀ ਅਤੇ ਜਾਗਰੂਕਤਾ ਪਹਿਲਕਦਮੀਆਂ ਨਾਲ ਸੰਬੰਧਿਤ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਨਿਵਾਸੀਆਂ ਦੇ ਅਨੁਭਵ ਵਿੱਚ ਸੁਧਾਰ ਕਰਨ ਅਤੇ ਖੇਤਰ ਵਿੱਚ ਆਧਾਰ ਸੇਵਾਵਾਂ ਦੀ ਪਹੁੰਚ ਅਤੇ ਭਰੋਸੇਯੋਗਤਾ ਨੂੰ ਮਜ਼ਬੂਤ ਕਰਨ 'ਤੇ ਨਿਰੰਤਰ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ। ਕਰਮਚਾਰੀਆਂ ਨਾਲ ਆਪਣੀ ਗੱਲਬਾਤ ਦੌਰਾਨ, ਸ੍ਰੀ ਸੌਰਭ ਵਿਜੇ ਨੇ ਅਧਿਕਾਰੀਆਂ ਨੂੰ ਨਿਵਾਸੀਆਂ ਨੂੰ ਨਿਰਵਿਘਨ ਅਤੇ ਸੁਰੱਖਿਅਤ ਪਛਾਣ ਸੇਵਾਵਾਂ ਪ੍ਰਦਾਨ ਕਰਨ ਦੇ ਵਿਜ਼ਨ (ਟੀਚੇ) ਵੱਲ ਸਮਰਪਣ ਦੇ ਨਾਲ ਕੰਮ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਾਰਜਸ਼ੀਲ ਕੁਸ਼ਲਤਾ ਅਤੇ ਸੇਵਾ ਦੀ ਗੁਣਵੱਤਾ ਨੂੰ ਹੋਰ ਵਧਾਉਣ ਲਈ ਤਕਨਾਲੋਜੀ ਅਤੇ ਨਵੀਨਤਾ (ਇਨੋਵੇਸ਼ਨ) ਦਾ ਲਾਭ ਉਠਾਉਣ ਦੀ ਮਹੱਤਤਾ ਨੂੰ ਵੀ ਰੇਖਾਂਕਿਤ ਕੀਤਾ। ਆਪਣੇ ਦੌਰੇ ਦੇ ਹਿੱਸੇ ਵਜੋਂ, ਸ੍ਰੀ ਸੌਰਭ ਵਿਜੇ ਨੇ ਖੇਤਰੀ ਦਫ਼ਤਰ ਆਉਣ ਵਾਲੇ ਨਿਵਾਸੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਆਧਾਰ-ਸੰਬੰਧੀ ਸੇਵਾਵਾਂ ਦੇ ਨਾਲ ਉਨ੍ਹਾਂ ਦੇ ਅਨੁਭਵ ਬਾਰੇ ਪੁੱਛਿਆ। ਨਿਵਾਸੀਆਂ ਨੇ ਰਜਿਸਟ੍ਰੇਸ਼ਨ ਅਤੇ ਅੱਪਡੇਟ ਪ੍ਰਕਿਰਿਆਵਾਂ ਬਾਰੇ ਆਪਣੀ ਫੀਡਬੈਕ ਸਾਂਝੀ ਕੀਤੀ, ਅਤੇ ਸੀਈਓ ਨੇ ਹਰ ਨਿਵਾਸੀ ਲਈ ਸਰਲ, ਸੁਵਿਧਾਜਨਕ ਅਤੇ ਪਰੇਸ਼ਾਨੀ-ਮੁਕਤ ਸੇਵਾ ਡਿਲੀਵਰੀ ਯਕੀਨੀ ਬਣਾਉਣ ਪ੍ਰਤੀ ਯੂਆਈਡੀਏਆਈ ਦੀ ਵਚਨਬੱਧਤਾ ਨੂੰ ਦੁਹਰਾਇਆ। ਸੀਈਓ ਨੇ ਅੱਗੇ ਆਧਾਰ ਸੇਵਾ ਕੇਂਦਰ, ਚੰਡੀਗੜ੍ਹ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਆਧਾਰ ਰਜਿਸਟ੍ਰੇਸ਼ਨ, ਜਨਸੰਖਿਆ ਸੰਬੰਧੀ (ਡੇਮੋਗ੍ਰਾਫਿਕ) ਅੱਪਡੇਟ, ਬਾਇਓਮੈਟ੍ਰਿਕ ਅੱਪਡੇਟ, ਅਤੇ ਦਸਤਾਵੇਜ਼ ਤਸਦੀਕ ਪ੍ਰਕਿਰਿਆਵਾਂ ਸਮੇਤ ਐਂਡ-ਟੂ-ਐਂਡ ਨਿਵਾਸੀ ਸੇਵਾ ਪ੍ਰਕਿਰਿਆਵਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਕੇਂਦਰ ਦੇ ਕੰਮਕਾਜ ਦਾ ਨਿਰੀਖਣ ਕੀਤਾ ਅਤੇ ਸੇਵਾ ਡਿਲੀਵਰੀ ਦੇ ਤਰੀਕਿਆਂ ਅਤੇ ਕਾਰਜਸ਼ੀਲ ਪ੍ਰਬੰਧਾਂ ਦੇ ਸਬੰਧ ਵਿੱਚ ਕਰਮਚਾਰੀਆਂ ਨਾਲ ਗੱਲਬਾਤ ਕੀਤੀ। ਆਧਾਰ ਸੇਵਾ ਕੇਂਦਰ ਦੇ ਦੌਰੇ ਦੌਰਾਨ, ਸ੍ਰੀ ਸੌਰਭ ਵਿਜੇ ਨੇ ਆਧਾਰ ਸੇਵਾਵਾਂ ਪ੍ਰਾਪਤ ਕਰ ਰਹੇ ਨਿਵਾਸੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਕੇਂਦਰ ਵਿੱਚ ਉਡੀਕ ਸਮੇਂ (ਵੇਟਿੰਗ ਟਾਈਮ), ਸੇਵਾ ਤੱਕ ਪਹੁੰਚ ਅਤੇ ਸਮੁੱਚੇ ਅਨੁਭਵ ਬਾਰੇ ਫੀਡਬੈਕ ਲਈ। ਉਨ੍ਹਾਂ ਨੇ ਨਿਵਾਸੀ-ਅਨੁਕੂਲ ਮਾਹੌਲ ਬਣਾਈ ਰੱਖਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਮੇਂ ਸਿਰ ਅਤੇ ਕੁਸ਼ਲ ਸੇਵਾ ਡਿਲੀਵਰੀ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਧਾਰ ਨਿਵਾਸੀਆਂ ਲਈ ਵੱਖ-ਵੱਖ ਭਲਾਈ ਸਕੀਮਾਂ ਅਤੇ ਸੇਵਾਵਾਂ ਤੱਕ ਪਹੁੰਚ ਨੂੰ ਸੁਗਮ ਬਣਾ ਕੇ ਚੰਗੇ ਸ਼ਾਸਨ (ਗਵਰਨੈਂਸ) ਅਤੇ ਜੀਵਨ ਦੀ ਸਹੂਲਤ ਨੂੰ ਸਮਰੱਥ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਉਨ੍ਹਾਂ ਨੇ ਸਾਰੀਆਂ ਆਧਾਰ-ਸੰਬੰਧੀ ਗਤੀਵਿਧੀਆਂ ਵਿੱਚ ਡੇਟਾ ਸੁਰੱਖਿਆ, ਸੇਵਾ ਦੀ ਅਖੰਡਤਾ ਅਤੇ ਕਾਰਜਸ਼ੀਲ ਉੱਤਮਤਾ ਬਣਾਈ ਰੱਖਣ ਦੀ ਮਹੱਤਤਾ 'ਤੇ ਹੋਰ ਬਲ ਦਿੱਤਾ। ਇਹ ਦੌਰਾ ਆਧਾਰ ਨੂੰ ਮਜ਼ਬੂਤ ਕਰਨ ਪ੍ਰਤੀ ਯੂਆਈਡੀਏਆਈ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਲੁਧਿਆਣਾ ਪੁਲਿਸ ਨਾਲ ਉਦਯੋਗਿਕ ਸੁਰੱਖਿਆ 'ਤੇ ਸੈਸ਼ਨ ਆਯੋਜਿਤ ਕੀਤਾ




**ਲੁਧਿਆਣਾ** : ਢੰਡਾਰੀ ਇੰਡਸਟਰੀਅਲ ਵੈਲਫੇਅਰ ਐਸੋਸੀਏਸ਼ਨ ਨੇ ਲੁਧਿਆਣਾ ਵਿੱਚ ਹੋਈ ਆਪਣੀ ਸਾਲਾਨਾ ਜਨਰਲ ਮੀਟਿੰਗ ਦੌਰਾਨ ਸ. ਜਸਕਰਨਜੀਤ ਸਿੰਘ ਤੇਜਾ ਡਿਪਟੀ ਕਮਿਸ਼ਨਰ ਆਫ਼ ਪੁਲਿਸ - ਲੁਧਿਆਣਾ ਦਿਹਾਤੀ ਨੂੰ ਸਨਮਾਨਿਤ ਕੀਤਾ, ਜਿਸ ਵਿੱਚ ਸ. ਗੁਰਮੁਖ ਸਿੰਘ ਦਿਓਲ ਐਸ.ਐਚ.ਓ. ਦੁੱਗਰੀ ਅਤੇ ਸ. ਗੁਰਵਿੰਦਰ ਸਿੰਘ ਏ.ਸੀ.ਪੀ. ਟਰੈਫਿਕ ਲੁਧਿਆਣਾ ਸ਼ਾਮਲ ਸਨ। ਸ਼ਹਿਰ ਵਿੱਚ ਉਦਯੋਗਿਕ ਸੁਰੱਖਿਆ ਅਤੇ ਸ਼ਹਿਰ ਵਿੱਚ ਟਰੈਫਿਕ ਦੀ ਸਥਿਤੀ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਤੋਂ ਇਲਾਵਾ, ਸਾਈਬਰ ਸੁਰੱਖਿਆ ਨਾਲ ਸਬੰਧਤ ਮਾਮਲੇ 'ਤੇ ਚਰਚਾ ਕੀਤੀ ਗਈ, ਜਿਸ ਵਿੱਚ ਡੀ.ਸੀ.ਪੀ. ਸ. ਜਸਕਰਨਜੀਤ ਸਿੰਘ ਤੇਜਾ ਨੇ ਸਾਈਬਰ ਖਤਰਿਆਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਕੀਮਤੀ ਸੁਝਾਅ ਸਾਂਝੇ ਕੀਤੇ। ਸ. ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ ਨੇ ਕਿਹਾ ਕਿ ਸੁਰੱਖਿਆ ਨੂੰ ਵਧਾਉਣ ਲਈ ਉਦਯੋਗਿਕ ਖੇਤਰਾਂ ਅਤੇ ਫੋਕਲ ਪੁਆਇੰਟਾਂ ਨੂੰ ਸੀਸੀਟੀਵੀ ਕੈਮਰਿਆਂ ਨਾਲ ਸੇਫ ਸਿਟੀ ਪ੍ਰੋਜੈਕਟ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਸ ਮੌਕੇ ਸ. ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ, ਸ. ਤੇਜਵਿੰਦਰ ਸਿੰਘ ਬਿਗ ਬੇਨ ਚੇਅਰਮੈਨ, ਸ. ਸਤਨਾਮ ਸਿੰਘ ਮੱਕੜ ਪ੍ਰਧਾਨ, ਸ. ਬੇਅੰਤ ਪਾਲ ਸਿੰਘ ਚਾਵਲਾ, ਸ. ਸਿਮਰਨ ਸਿੰਘ ਚਾਵਲਾ, ਸ੍ਰੀ ਉਮੇਸ਼ ਕੁਮਾਰ ਨਾਰੰਗ, ਸ. ਅਮਰਜੀਤ ਸਿੰਘ ਸੁਲਤਾਨ ਸਾਈਕਲ, ਸ੍ਰੀ ਹਰੀਸ਼ ਢਾਂਡਾ ਆਟੋ ਇੰਜੀਨੀਅਰ, ਸ੍ਰੀ ਵਨੀਤ ਸਚਦੇਵਾ, ਸ ਮਹਿੰਦਰਪਾਲ ਸਿੰਘ, ਸ੍ਰੀ ਅਮਿਤ ਗੁਪਤਾ, ਸ੍ਰੀ ਭਾਵੇਸ਼ ਗੁਪਤਾ, ਸ ਗੁਰਦੀਪ ਸਿੰਘ, ਸ ਹਰਮਨਪ੍ਰੀਤ ਸਿੰਘ, ਸ ਜਸਮੀਤ ਸਿੰਘ, ਸ੍ਰੀ ਰੋਬਿਨ ਖੁਰਾਣਾ, ਸ੍ਰੀ ਮੋਹਿਤ ਮਨਚੰਦਾ, ਸ੍ਰੀ ਨਰੇਸ਼ ਜੇਨ, ਸ ਰਵਿੰਦਰਪਾਲ ਸਿੰਘ, ਸ ਹਰਪ੍ਰੀਤ ਸਿੰਘ ਮੱਕੜ ਸ਼ਾਮਲ ਸਨ।

# ਮਾਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਸ਼ਾਸਨ ਹੜ੍ਹ ਸੁਰੱਖਿਆ ਉਪਾਅ ਵਧਾਏ

**ਲੁਧਿਆਣਾ/ਡੀਪੀਆਰ**

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸ਼ਨੀਵਾਰ ਨੂੰ ਹਰੇਕ ਸਬ-ਡਵੀਜ਼ਨ ਵਿੱਚ ਚੱਲ ਰਹੇ ਹੜ੍ਹ ਸੁਰੱਖਿਆ ਕਾਰਜਾਂ ਦੀ ਨਿਗਰਾਨੀ ਕਰਨ, ਮੌਕ ਡਰਿੱਲ ਕਰਨ, ਸੀਵਰੇਜ ਟ?ਰੀਟਮੈਂਟ ਪਲਾਂਟਾਂ ਦੇ ਕੰਮਕਾਜ ਨੂੰ ਯਕੀਨੀ ਬਣਾਉਣ, ਬੁੱਧ ਦਰਿਆ ਦੀ ਸਫਾਈ ਦੀ ਨਿਗਰਾਨੀ ਕਰਨ ਅਤੇ ਰਾਸ਼ਟਰੀ ਰਾਜਮਾਰਗਾਂ, ਸ਼ਹਿਰ ਅਤੇ ਪੇਂਡੂ ਪੱਟੀ ਦੇ ਨਾਲ-ਨਾਲ ਸੀਵਰੇਜ ਪ੍ਰਣਾਲੀਆਂ ਅਤੇ ਨਾਲੀਆਂ ਦਾ ਨਿਰੀਖਣ ਕਰਨ ਲਈ ਤੁਰੰਤ ਜਵਾਬ ਦੇਣ ਵਾਲੀਆਂ ਟੀਮਾਂ ਬਣਾਉਣ ਦੇ ਹੁਕਮ ਦਿੱਤੇ। ਉਨ੍ਹਾਂ ਸਾਰੇ ਸਬੰਧਤ ਵਿਭਾਗਾਂ ਨੂੰ ਮਾਨਸੂਨ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਪਾਲਣਾ ਸਰਟੀਫਿਕੇਟ ਜਮ?ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ। ਹੜ੍ਹ ਤਿਆਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਡਿਪਟੀ ਕਮਿਸ਼ਨਰ ਨੇ ਐਮਰਜੈਂਸੀ ਦੌਰਾਨ ਤੇਜ਼ੀ ਨਾਲ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਵਿਭਾਗਾਂ ਵਿਚਕਾਰ ਨਜ਼ਦੀਕੀ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਵੀ ਲੋੜ ਹੋਵੇ ਟੀਮਾਂ ਨੂੰ ਜੁਟਾਉਣ ਵਿੱਚ ਕੋਈ ਦੇਰੀ ਨਹੀਂ ਹੋਣੀ ਚਾਹੀਦੀ ਅਤੇ ਕੰਟਰੋਲ ਰੂਮਾਂ ਨੂੰ ਪੂਰੀ ਤਰ੍ਹਾਂ ਕਾਰਜਸ਼ੀਲ ਰਹਿਣ ਦੇ ਨਿਰਦੇਸ਼ ਦਿੱਤੇ ਜਦੋਂ ਕਿ ਟੀਮਾਂ ਨਿਯਮਤ ਤੌਰ 'ਤੇ ਜ਼ਮੀਨੀ ਸਥਿਤੀ ਦਾ ਮੁਲਾਂਕਣ ਕਰਦੀਆਂ ਹਨ। ਡੀਸੀ ਨੇ ਕਿਹਾ ਕਿ ਕਿਊਆਰਟੀ ਵਿੱਚ ਭਾਰਤੀ ਫੌਜ, ਐਨਡੀਆਰਐਫ, ਐਸਡੀਆਰਐਫ, ਡਰੇਨੇਜ ਵਿਭਾਗ, ਪੀਡਬਲਯੂਡੀ, ਜਲ ਸਪਲਾਈ ਵਿਭਾਗ, ਟਰਾਂਸਪੋਰਟ ਵਿਭਾਗ, ਸਿਹਤ ਵਿਭਾਗ, ਖੁਰਾਕ ਅਤੇ ਸਿਵਲ ਸਪਲਾਈ, ਪੀਐਸਪੀਸੀਐਲ, ਮਨਰੇਗਾ, ਪਸ਼ੂ ਪਾਲਣ, ਖੇਤੀਬਾੜੀ ਵਿਭਾਗ, ਐਨਐਚਏਆਈ ਅਤੇ ਹੋਰ ਸਬੰਧਤ ਏਜੰਸੀਆਂ ਦੇ ਅਧਿਕਾਰੀ ਸ਼ਾਮਲ ਹੋਣੇ ਚਾਹੀਦੇ ਹਨ। ਜੈਨ ਨੇ ਅਧਿਕਾਰੀਆਂ ਨੂੰ ਅੱਗੇ ਹਦਾਇਤ ਕੀਤੀ ਕਿ ਉਹ ਸਤਲੁਜ ਦਰਿਆ ਦੇ ਨਾਲ ਲੱਗਦੇ ਸਾਰੇ ਨਾਜ਼ੁਕ ਬਿੰਦੂਆਂ ਦਾ



ਜਲਦੀ ਤੋਂ ਜਲਦੀ ਨਿਰੀਖਣ ਕਰਨ, ਜਿਸ ਵਿੱਚ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਬੁੱਢਾ ਦਰਿਆ ਦੇ ਉੱਪਰਲੇ ਅਤੇ ਹੇਠਲੇ ਹਿੱਸੇ ਸ਼ਾਮਲ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਤਿਆਰੀ ਦੇ ਯਤਨਾਂ ਵਿੱਚ ਕੋਈ ਢਿੱਲ ਨਹੀਂ ਵਰਤੀ ਜਾਵੇਗੀ ਅਤੇ ਸਾਰੇ ਅਧਿਕਾਰੀਆਂ ਨੂੰ ਪਾਲਣਾ ਰਿਪੋਰਟਾਂ ਜਮ੍ਹਾਂ ਕਰਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਲਾਪਰਵਾਹੀ ਕਾਰਵਾਈ ਨੂੰ ਸੱਦਾ ਦੇਵੇਗੀ ਅਤੇ ਉੱਚ ਅਧਿਕਾਰੀਆਂ ਨੂੰ ਰਿਪੋਰਟ ਕੀਤੀ ਜਾਵੇਗੀ। ਨਗਰ ਨਿਗਮ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਐਨਐਚਏਆਈ ਨੂੰ ਵਾਹਨ ਅੰਡਰਪਾਸਾਂ (ਵੀਯੂਪੀ) ਅਤੇ ਰੋਡ ਅੰਡਰ ਬ੍ਰਿਜ (ਆਰਯੂਬੀ) ਦਾ ਨਿਰੀਖਣ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ, ਇਹ ਯਕੀਨੀ ਬਣਾਉਣ ਲਈ ਕਿ ਪਾਣੀ ਪੰਪਿੰਗ ਮੋਟਰਾਂ ਚਾਲੂ ਰਹਿਣ ਤਾਂ ਜੋ ਹੜ੍ਹਾਂ ਨੂੰ ਰੋਕਣ ਲਈ ਇਕੱਠੇ ਹੋਏ ਮੀਂਹ ਦੇ ਪਾਣੀ ਦਾ ਨਿਕਾਸ ਤੁਰੰਤ ਕੀਤਾ ਜਾ ਸਕੇ। ਸਿਹਤ ਵਿਭਾਗ ਨੂੰ ਸੀਜ਼ਨ ਤੋਂ ਪਹਿਲਾਂ ਪਾਣੀ ਤੋਂ ਪੈਦਾ ਹੋਣ ਵਾਲੀਆਂ ਅਤੇ ਵੈਕਟਰ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨਾਲ ਸਬੰਧਤ ਦਵਾਈਆਂ ਦਾ ਢੁਕਵਾਂ ਸਟਾਕ ਯਕੀਨੀ ਬਣਾਉਣ ਲਈ ਕਿਹਾ ਗਿਆ, ਜਦੋਂ ਕਿ ਜਲ ਸਪਲਾਈ ਵਿਭਾਗ ਨੂੰ ਹੜ੍ਹਾਂ ਦੀ ਸਥਿਤੀ ਪੈਦਾ ਹੋਣ ਦੀ ਸੂਰਤ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ। ਪਸ਼ੂ ਪਾਲਣ ਵਿਭਾਗ ਨੂੰ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਚਾਰੇ ਅਤੇ ਪਸ਼ੂਆਂ ਦੀਆਂ ਦਵਾਈਆਂ ਦਾ ਸਟਾਕ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਡਿਪਟੀ ਕਮਿਸ਼ਨਰ ਨੇ ਵਿਭਾਗਾਂ ਨੂੰ ਪੂਰੀ ਤਿਆਰੀ ਰੱਖਣ ਦੇ ਨਿਰਦੇਸ਼ ਦਿੰਦੇ ਹੋਏ ਸਪੱਸ਼ਟ ਤੌਰ 'ਤੇ ਕਿਹਾ, ਜਨਤਾ ਨੂੰ ਕਿਸੇ ਵੀ ਸਥਿਤੀ ਵਿੱਚ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ। ਡਿਪਟੀ ਕਮਿਸ਼ਨਰ ਨੇ ਆਉਣ ਵਾਲੇ ਮੌਨਸੂਨ ਸੀਜ਼ਨ ਦੌਰਾਨ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਮੌਜੂਦ ਪ੍ਰਮੁੱਖ ਵਿਅਕਤੀਆਂ ਵਿੱਚ ਏਡੀਸੀ ਪੂਨਮ ਸਿੰਘ, ਅਮਿਤ ਬੰਬੀ, ਡਾ. ਨਰਿੰਦਰ ਸਿੰਘ ਧਾਲੀਵਾਲ, ਐਸਡੀਐਮ ਜਸਲੀਨ ਕੌਰ ਭੁੱਲਰ, ਉਪਿੰਦਰਜੀਤ ਕੌਰ ਬਰਾੜ, ਪ੍ਰੀਤ ਇੰਦਰ ਬੈਂਸ, ਖੁਸ਼ਪ੍ਰੀਤ ਸਿੰਘ, ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ, ਤਪਨ ਭਨੋਟ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀ ਸ਼ਾਮਲ ਸਨ।

# ਪੰਜਾਬ ਦੇ ਸੈਂਸਸ ਅਪਰੇਸ਼ਨਜ਼ ਦੇ ਡਾਇਰੈਕਟਰ ਨੇ ਬਠਿੰਡਾ ਵਿੱਚ ਮਰਦਮਸ਼ੁਮਾਰੀ 2027 ਦੇ ਪਹਿਲੇ ਪੜਾਅ ਦੀ ਪ੍ਰਗਤੀ ਦਾ ਜਾਇਜ਼ਾ ਲਿਆ

**ਬਠਿੰਡਾ/ਪ੍ਰੈਸ ਸੂਚਨਾ ਬਿਊਰੋ**

ਜ਼ਿਲ੍ਹਾ ਬਠਿੰਡਾ ਵਿੱਚ ਮਰਦਮਸ਼ੁਮਾਰੀ 2027: ਪਹਿਲਾ ਪੜਾਅ - ਹਾਊਸਲਿਸਟਿੰਗ ਅਤੇ ਹਾਊਸਿੰਗ ਅਪਰੇਸ਼ਨ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਪੰਜਾਬ ਦੇ ਸੈਂਸਸ ਅਪਰੇਸ਼ਨਜ਼ ਦੇ ਡਾਇਰੈਕਟਰ ਡਾ. ਨਵਜੋਤ ਖੋਸਾ ਆਈਏਐੱਸ ਦੀ ਪ੍ਰਧਾਨਗੀ ਹੇਠ ਸਮੀਖਿਆ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਬਠਿੰਡਾ ਸ਼?ਰੀ ਰਾਜੇਸ਼ ਧੀਮਾਨ ਆਈਏਐੱਸ ਅਤੇ ਨਗਰ ਨਿਗਮ ਕਮਿਸ਼ਨਰ ਬਠਿੰਡਾ ਲਵਜੀਤ ਕਲਸੀ ਪੀਸੀਐੱਸ ਵੀ ਮੌਜੂਦ ਸਨ। ਇਸ ਮੀਟਿੰਗ ਵਿੱਚ ਸਬੰਧਤ ਅਧਿਕਾਰੀਆਂ, ਚਾਰਜ ਅਫ਼ਸਰਾਂ ਅਤੇ ਮਰਦਮਸ਼ੁਮਾਰੀ ਦੇ ਕੰਮ ਨਾਲ ਜੁੜੇ ਕਰਮਚਾਰੀਆਂ ਨੇ ਹਿੱਸਾ ਲਿਆ। ਸਮੀਖਿਆ ਦੌਰਾਨ, ਡਾਇਰੈਕਟਰ ਨੇ ਜ਼ਿਲ੍ਹੇ ਭਰ ਵਿੱਚ ਮਰਦਮਸ਼ੁਮਾਰੀ ਦੀਆਂ ਗਤੀਵਿਧੀਆਂ ਵਿੱਚ ਲੱਗੇ 2,530 ਐਨਿਊਮਿਰੇਟਰਾਂ ਅਤੇ 420 ਸੁਪਰਵਾਈਜ਼ਰਾਂ ਵੱਲੋਂ ਕੀਤੀ ਗਈ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਪਹਿਲੇ ਪੜਾਅ ਦੇ ਮਰਦਮਸ਼ੁਮਾਰੀ ਅਪਰੇਸ਼ਨ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਸ਼ਲਾਘਾਯੋਗ ਕਾਰਗੁਜ਼ਾਰੀ ਲਈ ਚਾਰਜ ਅਫਸਰਾਂ ਅਤੇ ਫੀਲਡ ਸਟਾਫ਼ ਦੀਆਂ ਸੁਹਿਰਦ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ। ਸਾਰੇ ਸੌਂਪੇ ਗਏ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਮਰਦਮਸ਼ੁਮਾਰੀ ਦੀਆਂ ਰਹਿੰਦੀਆਂ ਗਤੀਵਿਧੀਆਂ ਜੂਨ 2026 ਦੇ ਦੂਜੇ ਹਫ਼ਤੇ ਤੋਂ ਪਹਿਲਾਂ ਮੁਕੰਮਲ ਕਰ ਲਈਆਂ ਜਾਣ। ਉਨ੍ਹਾਂ ਨੇ ਮਿੱਥੇ ਸਮੇਂ ਦੇ ਅੰਦਰ ਟੀਚੇ ਪੂਰੇ ਕਰਨ ਲਈ ਸਾਰਿਆਂ ਵਿਚਾਲੇ ਨਿਗਰਾਨੀ ਅਤੇ ਪ੍ਰਭਾਵਸ਼ਾਲੀ ਤਾਲਮੇਲ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਬਠਿੰਡਾ ਜ਼ਿਲ੍ਹੇ ਵਿੱਚ ਚੱਲ ਰਹੇ ਮਰਦਮਸ਼ੁਮਾਰੀ ਦੇ ਕੰਮ ਦੀ ਰਫ਼ਤਾਰ ਅਤੇ ਮਿਆਰ 'ਤੇ ਤਸੱਲੀ ਪ੍ਰਗਟਾਉਂਦਿਆਂ ਡਾਇਰੈਕਟਰ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਮਰਦਮਸ਼ੁਮਾਰੀ ਕਰਮਚਾਰੀਆਂ ਦੀ ਵਚਨਬੱਧਤਾ ਅਤੇ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਭਰੋਸਾ ਪ੍ਰਗਟਾਇਆ ਕਿ ਜ਼ਿਲ੍ਹਾ ਮਰਦਮਸ਼ੁਮਾਰੀ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਨੂੰ ਮਿੱਥੇ ਸਮੇਂ ਮੁਤਾਬਕ ਸਫ਼ਲਤਾਪੂਰਵਕ ਮੁਕੰਮਲ ਕਰ ਲਵੇਗਾ। ਡਾਇਰੈਕਟਰ ਸੈਂਸਸ ਅਪਰੇਸ਼ਨਜ਼ ਨੇ ਜ਼ਮੀਨੀ ਪੱਧਰ 'ਤੇ ਮਰਦਮਸ਼ੁਮਾਰੀ ਦੇ ਕੰਮ ਦੇ ਮਿਆਰ ਦਾ ਜਾਇਜ਼ਾ ਲੈਣ ਲਈ ਫੀਲਡ ਦਾ ਨਿਰੀਖਣ ਵੀ ਕੀਤਾ। ਉਨ੍ਹਾਂ ਨੇ ਪ੍ਰਿੰਸੀਪਲ ਸੈਂਸਸ ਅਫ਼ਸਰਾਂ ਨੂੰ ਲਗਾਤਾਰ ਨਿਗਰਾਨੀ ਅਤੇ ਨਿਯਮਤ ਅਚਨਚੇਤ ਚੈਕਿੰਗ ਰਾਹੀਂ ਡੇਟਾ ਇਕੱਠਾ ਕਰਨ ਵਿੱਚ ਸੰਪੂਰਨਤਾ, ਸ਼ੁੱਧਤਾ ਅਤੇ ਕੁਆਲਿਟੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਜ਼ਿਲ੍ਹੇ ਵਿੱਚ ਚੱਲ ਰਹੀ ਲੂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ, ਫੀਲਡ ਗਤੀਵਿਧੀਆਂ ਵਿੱਚ ਲੱਗੇ ਸਾਰੇ ਐਨਿਊਮਿਰੇਟਰਾਂ ਅਤੇ ਸੁਪਰਵਾਈਜ਼ਰਾਂ ਨੂੰ ਆਪਣੀ ਸਿਹਤ ਅਤੇ ਤੰਦਰੁਸਤੀ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਗਈ। ਫੀਲਡ ਸਟਾਫ਼ ਨੂੰ ਸਲਾਹ ਦਿੱਤੀ ਗਈ ਕਿ ਉਹ ਸਿੱਧੀ ਧੁੱਪ ਵਿੱਚ ਜ਼ਿਆਦਾ ਦੇਰ ਰਹਿਣ ਤੋਂ ਬਚਣ, ਪੂਰੀ ਮਾਤਰਾ ਵਿੱਚ ਪਾਣੀ ਪੀਂਦੇ ਰਹਿਣ, ਹਲਕੇ ਰੰਗ ਦੇ ਅਤੇ ਖੁੱਲ੍ਹੇ ਕੱਪੜੇ ਪਹਿਨਣ, ਬਾਹਰ ਨਿਕਲਣ ਵੇਲੇ ਟੋਪੀ ਜਾਂ ਛੱਤਰੀ ਦੀ ਵਰਤੋਂ ਕਰਨ ਅਤੇ ਫੀਲਡ ਡਿਊਟੀਆਂ ਨਿਭਾਉਂਦੇ ਸਮੇਂ ਛਾਂਦਾਰ ਜਾਂ ਠੰਢੀਆਂ ਥਾਵਾਂ 'ਤੇ ਨਿਯਮਤ ਬ੍ਰੇਕ ਲੈਣ। ਉਨ੍ਹਾਂ ਨੂੰ ਗਰਮੀ ਨਾਲ ਸਬੰਧਤ ਬਿਮਾਰੀਆਂ ਦੇ ਲੱਛਣਾਂ ਜਿਵੇਂ ਕਿ ਚੱਕਰ ਆਉਣਾ, ਜ਼ਿਆਦਾ ਥਕਾਵਟ, ਸਿਰਦਰਦ ਜਾਂ ਡੀਹਾਈਡ?ਰੇਸ਼ਨ (ਪਾਣੀ ਦੀ ਘਾਟ) ਪ੍ਰਤੀ ਸੁਚੇਤ ਰਹਿਣ ਅਤੇ ਲੋੜ ਪੈਣ ਉੱਤੇ ਤੁਰੰਤ ਡਾਕਟਰੀ ਸਹਾਇਤਾ ਲੈਣ ਦੀ ਵੀ ਸਲਾਹ ਦਿੱਤੀ ਗਈ। ਬਠਿੰਡਾ ਦੇ ਡਿਪਟੀ ਕਮਿਸ਼ਨਰ ਨੇ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਬਠਿੰਡਾ ਵਿੱਚ ਮਰਦਮਸ਼ੁਮਾਰੀ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਮਿੱਥੇ ਸਮੇਂ ਦੇ ਅੰਦਰ ਹੀ ਮੁਕੰਮਲ ਕਰ ਲਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਮਰਦਮਸ਼ੁਮਾਰੀ 2027: ਪਹਿਲਾ ਪੜਾਅ - ਹਾਊਸਲਿਸਟਿੰਗ ਅਤੇ ਹਾਊਸਿੰਗ ਅਪਰੇਸ਼ਨ 15 ਮਈ 2026 ਤੋਂ 13 ਜੂਨ 2026 ਤੱਕ ਕਰਵਾਇਆ ਜਾ ਰਿਹਾ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਸ ਕੰਮ ਨੂੰ ਸਫ਼ਲਤਾਪੂਰਵਕ ਅਤੇ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਸਾਰੇ ਲੋੜੀਂਦੇ ਯਤਨ ਕਰ ਰਿਹਾ ਹੈ। ਸਹੀ ਅਤੇ ਭਰੋਸੇਯੋਗ ਡੇਟਾ ਇਕੱਠਾ ਕਰਨ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨਿਰਧਾਰਿਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸੁਚਾਰੂ ਢੰਗ ਨਾਲ ਮਰਦਮਸ਼ੁਮਾਰੀ ਅਪਰੇਸ਼ਨ ਕਰਵਾਉਣ ਲਈ ਵਚਨਬੱਧ ਹੈ।ਮੀਟਿੰਗ ਦੀ ਸਮਾਪਤੀ ਮਰਦਮਸ਼ੁਮਾਰੀ ਦੇ ਰਹਿੰਦੇ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੀ ਰੂਪ-ਰੇਖਾ 'ਤੇ ਵਿਸਥਾਰਪੂਰਵਕ ਚਰਚਾ ਨਾਲ ਹੋਈ।

# ਐਮਐਸਐਮਈ ਕਰਮਚਾਰੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ ਨੈਸ਼ਨਲ ਪੈਨਸ਼ਨ ਸਿਸਟਮ

**ਲੁਧਿਆਣਾ/ਸਰਬਜੀਤ**

ਪੀਐਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਪੰਜਾਬ ਚੈਪਟਰ ਨੇ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਅਤੇ ਫੈਡਰੇਸ਼ਨ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨਜ਼ ਦੇ ਸਹਿਯੋਗ ਨਾਲ ÷ਨੈਸ਼ਨਲ ਪੈਨਸ਼ਨ ਸਿਸਟਮ: ਐਮਐਸਐਮਈ ਕਰਮਚਾਰੀਆਂ ਲਈ ਇੱਕ ਸੁਰੱਖਿਅਤ ਭਵਿੱਖ ਦਾ ਨਿਰਮਾਣ÷ ਵਿਸ਼ੇ 'ਤੇ ਇੱਕ ਜਾਗਰੂਕਤਾ ਸੈਸ਼ਨ ਦਾ ਆਯੋਜਨ ਕੀਤਾ। ਇਸ ਸੈਸ਼ਨ ਦਾ ਉਦੇਸ਼ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਵਿੱਚ ਨੈਸ਼ਨਲ ਪੈਨਸ਼ਨ ਸਿਸਟਮ ਰਾਹੀਂ ਕਰਮਚਾਰੀਆਂ ਲਈ ਯੋਜਨਾਬੱਧ ਰਿਟਾਇਰਮੈਂਟ ਯੋਜਨਾਬੰਦੀ ਅਤੇ ਸਮਾਜਿਕ ਸੁਰੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਇਸ ਮੌਕੇ 'ਤੇ ਬੋਲਦਿਆਂ ਫਿਕੋ ਦੇ ਪ੍ਰਧਾਨ ਗੁਰਮੀਤ ਸਿੰਘ ਕੁਲਾਰ ਨੇ ਐਮਐਸਐਮਈ ਸੈਕਟਰ ਵਿੱਚ ਰਿਟਾਇਰਮੈਂਟ ਤਿਆਰੀ ਦੀ ਵੱਧ ਰਹੀ ਲੋੜ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਐਨਪੀਐਸ ਇੱਕ ਪਾਰਦਰਸ਼ੀ, ਨਿਯੰਤ੍ਰਿਤ ਅਤੇ ਕਿਫਾਇਤੀ ਪੈਨਸ਼ਨ ਹੱਲ ਪ੍ਰਦਾਨ ਕਰਦਾ ਹੈ। ਪੀਐਫਆਰਡੀਏ ਦੇ ਸਹਾਇਕ ਮੈਨੇਜਰ, ਧ੍ਰਿਤੀਮਾਨ ਸਰਕਾਰ ਨੇ ਨੈਸ਼ਨਲ ਪੈਨਸ਼ਨ ਸਕੀਮ ਦੇ ਰੈਗੂਲੇਟਰੀ ਢਾਂਚੇ ਅਤੇ ਉਦੇਸ਼ਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਐਨਪੀਐਸ ਇੱਕ ਸਰਕਾਰ-ਨਿਯੰਤ੍ਰਿਤ ਪੈਨਸ਼ਨ ਯੋਜਨਾ ਹੈ ਜੋ ਲੰਬੇ ਸਮੇਂ ਦੇ ਵਿੱਤੀ ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨ ਅਤੇ ਗਾਹਕਾਂ ਨੂੰ ਸੇਵਾਮੁਕਤੀ ਤੋਂ ਬਾਅਦ ਸਥਿਰ ਆਮਦਨ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਹੈ। ਐਚਡੀਐਫਸੀ



ਪੈਨਸ਼ਨ ਫੰਡ ਦੀ ਸੀਨੀਅਰ ਮੈਨੇਜਰ ਐਸ਼ਵਰਿਆ ਮੁਦਗਲ ਨੇ ਐਮਐਸਐਮਈ ਲਈ ਐਨਪੀਐਸ ਲਾਭਾਂ, ਨਾਮਾਂਕਣ ਪ੍ਰਕਿਰਿਆ ਅਤੇ ਟੈਕਸ ਲਾਭਾਂ ਬਾਰੇ ਵਿਸਤ੍ਰਿਤ ਪੇਸ਼ਕਾਰੀ ਦਿੱਤੀ। ਉਨ੍ਹਾਂ ਐਮਐਸਐਮਈ ਨੂੰ ਕਰਮਚਾਰੀਆਂ ਦੀ ਭਲਾਈ, ਉਨ੍ਹਾਂ ਨੂੰ ਆਪਣੇ ਨਾਲ ਬਣਾਈ ਰੱਖਣ ਅਤੇ ਲੰਬੇ ਸਮੇਂ ਦੀ ਵਿੱਤੀ ਸੁਰੱਖਿਆ ਲਈ ਐਨਪੀਐਸ ਨੂੰ ਇੱਕ ਪ੍ਰਭਾਵਸ਼ਾਲੀ ਸਾਧਨ ਵਜੋਂ ਅਪਣਾਉਣ ਲਈ ਉਤਸ਼ਾਹਿਤ ਕੀਤਾ। ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ, ਪੰਕਜ ਕੁਮਾਰ ਝਾਅ, ਸੰਯੁਕਤ ਨਿਰਦੇਸ਼ਕ, ਐਮਐਸਐਮਈ ਵਿਕਾਸ ਅਤੇ ਸੁਵਿਧਾ ਦਫ਼ਤਰ, ਲੁਧਿਆਣਾ ਨੇ ਐਮਐਸਐਮਈ ਕਰਮਚਾਰੀਆਂ ਲਈ ਸਮਾਜਿਕ ਸੁਰੱਖਿਆ ਅਤੇ ਵਿੱਤੀ ਸਮਾਵੇਸ਼ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਰਿਟਾਇਰਮੈਂਟ ਯੋਜਨਾਬੰਦੀ ਨੂੰ ਮਨੁੱਖੀ ਸਰੋਤ ਵਿਕਾਸ ਅਤੇ ਸੰਗਠਨਾਤਮਕ ਸਥਿਰਤਾ ਦਾ ਇੱਕ ਅਨਿੱਖੜਵਾਂ ਅੰਗ ਮੰਨਿਆ ਜਾਣਾ ਚਾਹੀਦਾ ਹੈ। ਇਸ ਮੌਕੇ 'ਤੇ ਰਸਮੀ ਧੰਨਵਾਦ ਮਤਾ ਪੇਸ਼ ਕਰਦੇ ਹੋਏ, ਸੀਐਮ ਵਿਸ਼ਾਲ ਗਰਗ, ਸਹਿ-ਕਨਵੀਨਰ, ਲੁਧਿਆਣਾ ਜ਼ੋਨ, ਪੰਜਾਬ ਰਾਜ ਚੈਪਟਰ, ਪੀਐਚਡੀਸੀਸੀਆਈ ਨੇ ਜ਼ੋਰ ਦਿੱਤਾ ਕਿ ਐਨਪੀਐਸ ਐਮਐਸਐਮਈ ਸੈਕਟਰ ਲਈ ਇੱਕ ਪ੍ਰਭਾਵਸ਼ਾਲੀ ਅਤੇ ਕਿਫਾਇਤੀ ਸਮਾਜਿਕ ਸੁਰੱਖਿਆ ਹੱਲ ਹੈ। ਇਸ ਸਮਾਗਮ ਦੌਰਾਨ ਪੀਐਚਡੀਸੀਸੀਆਈ ਸਕੱਤਰੇਤ ਦੀ ਨੁਮਾਇੰਦਗੀ ਸੁਮਿਤ ਕੁਮਾਰ, ਸਹਾਇਕ ਸਕੱਤਰ, ਅਤੇ ਗੁਰਸ਼ਰਨ ਸਿੰਘ, ਰੈਜ਼ੀਡੈਂਟ ਅਫ਼ਸਰ ਨੇ ਕੀਤੀ।

# ਲੁਧਿਆਣਾ 'ਚ ਕੱਪੜਾ ਫੈਕਟਰੀ ਦੀ ਆੜ 'ਚ ਚੱਲ ਰਹੇ ਨਾਜਾਇਜ਼ ਸ਼ਰਾਬ ਦੇ ਧੰਦੇ ਦਾ ਪਰਦਾਫਾਸ਼, 21 ਪੇਟੀਆਂ ਬਰਾਮਦ

ਲੁਧਿਆਣਾ : ਲੁਧਿਆਣਾ ਦੇ ਸਲੇਮ ਟਾਬਰੀ ਇਲਾਕੇ ਵਿੱਚ ਪੁਲਿਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਸਿਲਾਈ ਅਤੇ ਕਢਾਈ ਦੀ ਫੈਕਟਰੀ ਦੇ ਅੰਦਰ ਚੱਲ ਰਹੇ ਹਾਈ ਪ੍ਰੋਫਾਈਲ ਗੈਰ-ਕਾਨੂੰਨੀ ਸ਼ਰਾਬ ਦੇ ਕਾਰੋਬਾਰ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਮੌਕੇ ਤੋਂ ਵੱਖ-ਵੱਖ ਮਹਿੰਗੇ ਬ੍ਰਾਂਡਾਂ ਦੀ ਨਾਜਾਇਜ਼ ਸ਼ਰਾਬ ਦੀਆਂ 21 ਪੇਟੀਆਂ (ਡੱਬੇ) ਅਤੇ 8 ਬੋਤਲਾਂ ਬਰਾਮਦ ਕੀਤੀਆਂ ਹਨ। ਹਾਲਾਂਕਿ, ਪੁਲਿਸ ਦੀ ਆਮਦ ਦੀ ਭਣਕ ਲੱਗਦਿਆਂ ਹੀ ਮੁੱਖ ਮੁਲਜ਼ਮ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਏ। ਮਿਲੀ ਜਾਣਕਾਰੀ ਮੁਤਾਬਕ, 30 ਮਈ ਨੂੰ ਏਐਸਆਈ ਸ਼ਿੰਗਾਰਾ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ ਜਲੰਧਰ ਬਾਈਪਾਸ ਚੌਕ ਨੇੜੇ ਗਸ਼ਤ 'ਤੇ ਮੌਜੂਦ ਸੀ। ਇਸੇ ਦੌਰਾਨ ਪੁਲਿਸ ਨੂੰ ਇੱਕ ਖਾਸ ਮੁਖਬਰ ਤੋਂ ਪੱਕੀ ਸੂਚਨਾ ਮਿਲੀ ਕਿ ਅਸ਼ੋਕ ਨਗਰ (ਰਵਿਦਾਸ ਚੌਕ, ਸਲੇਮ ਟਾਬਰੀ) ਸਥਿਤ ਇੱਕ ਸਿਲਾਈ ਅਤੇ ਕਢਾਈ ਫੈਕਟਰੀ ਦੇ ਅੰਦਰ ਕੱਪੜਿਆਂ ਦੇ ਕੰਮ ਦੀ ਆੜ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਸੂਚਨਾ ਮੁਤਾਬਕ, ਜੱਸ ਨਾਮ ਦਾ ਵਿਅਕਤੀ ਆਪਣੇ ਸਾਥੀ ਲਲਿਤ ਨਾਲ ਮਿਲ ਕੇ ਫੈਕਟਰੀ ਦੇ ਅੰਦਰੋਂ ਨਾਜਾਇਜ਼ ਸ਼ਰਾਬ ਦੀ ਸਪਲਾਈ ਦਾ ਨੈੱਟਵਰਕ ਚਲਾ ਰਿਹਾ ਸੀ। ਮੁਖਬਰ ਦੀ ਇਤਲਾਹ ਨੂੰ ਸਹੀ ਮੰਨਦਿਆਂ ਪੁਲਿਸ ਟੀਮ ਨੇ ਜਦੋਂ ਉਕਤ ਫੈਕਟਰੀ 'ਤੇ ਅਚਾਨਕ ਛਾਪਾ ਮਾਰਿਆ, ਤਾਂ ਅੰਦਰ ਦਾ ਦ੍ਰਿਸ਼ ਦੇਖ ਕੇ ਖੁਦ ਪੁਲਿਸ ਮੁਲਾਜ਼ਮ ਵੀ ਹੈਰਾਨ ਰਹਿ ਗਏ। ਬਾਹਰੋਂ ਆਮ ਦਿਖਣ ਵਾਲੀ ਇਸ ਫੈਕਟਰੀ ਦੇ ਅੰਦਰ ਮਹਿੰਗੇ ਅਤੇ ਨਾਮੀ ਬ੍ਰਾਂਡਾਂ ਦੀ ਸ਼ਰਾਬ ਲੁਕਾ ਕੇ ਰੱਖੀ ਹੋਈ ਸੀ, ਜਿਸ ਨੂੰ ਸ਼ਹਿਰ ਵਿੱਚ ਗੈਰ-ਕਾਨੂੰਨੀ ਢੰਗ ਨਾਲ ਵੇਚਿਆ ਜਾਣਾ ਸੀ। ਤਲਾਸ਼ੀ ਦੌਰਾਨ ਬਲੈਂਡਰ ਪ੍ਰਾਈਡ: 6 ਪੇਟੀਆਂ ਅਤੇ 1 ਖੁੱਲ੍ਹਾ ਡੱਬਾ (8 ਬੋਤਲਾਂ), ਸਿਗਨੇਚਰ: 4 ਪੇਟੀਆਂ, ਰਾਇਲ ਸਟੈਗ: 5 ਪੇਟੀਆਂ, ਆਲ ਸੀਜ਼ਨ: 4 ਪੇਟੀਆਂ, ਵਜ਼ੀਰ ਡੀਲਕਸ ਵਿਸਕੀ: 2 ਪੇਟੀਆਂ ਬਰਾਮਦ ਹੋਈਆਂ। ਛਾਪੇਮਾਰੀ ਦੌਰਾਨ ਦੋਵੇਂ ਮੁੱਖ ਮੁਲਜ਼ਮ ਜੱਸ ਅਤੇ ਲਲਿਤ ਪੁਲਿਸ ਦੇ ਹੱਥ ਨਹੀਂ ਆ ਸਕੇ ਅਤੇ ਚਕਮਾ ਦੇ ਕੇ ਫ਼ਰਾਰ ਹੋ ਗਏ। ਥਾਣਾ ਸਲੇਮ ਟਾਬਰੀ ਦੀ ਪੁਲਿਸ ਨੇ ਦੋਵਾਂ ਨਾਮਜ਼ਦ ਮੁਲਜ਼ਮਾਂ ਖ਼ਿਲਾਫ਼ ਆਬਕਾਰੀ ਐਕਟ ਦੀ ਧਾਰਾ 61-1-14 ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਫ਼ਰਾਰ ਮੁਲਜ਼ਮਾਂ ਦੇ ਸੰਭਾਵਿਤ ਟਿਕਾਣਿਆਂ 'ਤੇ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।



# ਗੋਲਡ ਮੈਡਲ ਜੇਤੂ ਪੈਰਾ ਐਥਲੀਟ ਚਿਰਾਗ ਦਾ ਕਤਲ, ਸਾਥੀ ਖਿਡਾਰੀ ਗ੍ਰਿਫ਼ਤਾਰ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨਾਂ ਰੌਸ਼ਨ ਕਰਨ ਦਾ ਸੁਪਨਾ ਦੇਖਣ ਵਾਲੇ 24 ਸਾਲਾ ਹੋਣਹਾਰ ਪੈਰਾ ਐਥਲੀਟ ਚਿਰਾਗ ਤਿਆਗੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪੁਲਿਸ ਨੇ ਇਸ ਅੰਨ੍ਹੇ ਕਤਲ ਕਾਂਡ ਦੀ ਗੁੱਥੀ ਨੂੰ ਸੁਲਝਾਉਂਦੇ ਹੋਏ ਚਿਰਾਗ ਦੇ ਹੀ ਇੱਕ ਪੁਰਾਣੇ ਦੋਸਤ ਅਤੇ ਸਾਥੀ ਪੈਰਾ ਖਿਡਾਰੀ ਯਸ਼ ਖਟੀਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸੀਸੀਟੀਵੀ ਫੁਟੇਜ ਦੀ ਮਦਦ ਨਾਲ ਕਾਬੂ ਕੀਤੇ ਗਏ ਮੁਲਜ਼ਮ ਨੇ ਆਪਣਾ ਜੁਰਮ ਕਬੂਲਦਿਆਂ ਦੱਸਿਆ ਕਿ ਖੇਡਾਂ ਨਾਲ ਜੁੜੇ ਇੱਕ ਪੁਰਾਣੇ ਵਿਵਾਦ ਦਾ ਬਦਲਾ ਲੈਣ ਲਈ ਉਸ ਨੇ ਚਿਰਾਗ ਨੂੰ ਬੇਹੱਦ ਨੇੜਿਓਂ ਗੋਲੀ ਮਾਰੀ ਸੀ। ਪੁਲਿਸ ਪੁੱਛਗਿੱਛ ਦੌਰਾਨ ਮੁਲਜ਼ਮ ਯਸ਼ ਖਟੀਕ ਨੇ ਖ਼ੁਲਾਸਾ ਕੀਤਾ ਕਿ ਉਹ ਅਤੇ ਚਿਰਾਗ ਸਕੂਲ ਦੇ ਦਿਨਾਂ ਤੋਂ ਹੀ ਬਲਾਈਂਡ ਕੈਟੇਗਰੀ ਦੇ ਅਧੀਨ ਇਕੱਠੇ ਐਥਲੈਟਿਕਸ ਦੀ ਸਿਖਲਾਈ ਲੈਂਦੇ ਸਨ। ਕੁਝ ਸਮਾਂ ਪਹਿਲਾਂ, ਦਸਤਾਵੇਜ਼ਾਂ ਦੀ ਜਾਂਚ ਦੌਰਾਨ ਚਿਰਾਗ ਨੇ ਯਸ਼ ਦੇ ਖ਼ਿਲਾਫ਼ ਇੱਕ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਕਾਰਨ ਯਸ਼ ਨੂੰ ਅਯੋਗ ਕਰਾਰ ਦੇ ਕੇ ਖੇਡ ਮੁਕਾਬਲੇ ਵਿੱਚੋਂ ਬਾਹਰ ਕਰ ਦਿੱਤਾ ਗਿਆ ਸੀ। ਇਸੇ ਕਾਰਨ ਮੁਲਜ਼ਮ ਦੇ ਮਨ ਵਿੱਚ ਬਦਲੇ ਦੀ ਅੱਗ ਸੁਲਗ ਰਹੀ ਸੀ। ਯਸ਼ ਨੇ ਯੋਜਨਾਬੱਧ ਤਰੀਕੇ ਨਾਲ ਇੱਕ ਪਿਸਤੌਲ ਦਾ ਇੰਤਜ਼ਾਮ ਕੀਤਾ ਅਤੇ ਮੌਕਾ ਮਿਲਦਿਆਂ ਹੀ ਚਿਰਾਗ ਨੂੰ



ਮੌਤ ਦੇ ਘਾਟ ਉਤਾਰ ਦਿੱਤਾ। ਮੁਰਾਦਨਗਰ ਦੇ ਬਸੰਤਪੁਰ ਸੈਂਥਲੀ ਪਿੰਡ ਦਾ ਰਹਿਣ ਵਾਲਾ ਚਿਰਾਗ ਦੇਸ਼ ਦੇ ਉੱਭਰਦੇ ਹੋਏ ਖਿਡਾਰੀਆਂ ਵਿੱਚੋਂ ਇੱਕ ਸੀ।

ਮਹਿਜ਼ ਦੋ ਦਿਨ ਪਹਿਲਾਂ ਹੀ ਉਸ ਨੇ ਬੈਂਗਲੁਰੂ ਵਿੱਚ ਹੋਈ ਨੈਸ਼ਨਲ ਪੈਰਾ ਐਥਲੈਟਿਕਸ ਚੈਂਪੀਅਨਸ਼ਿਪ ਦੀ 400 ਮੀਟਰ ਦੌੜ ਵਿੱਚ ਸੋਨ ਤਗਮਾ ਜਿੱਤ ਕੇ ਸੂਬੇ ਦਾ ਨਾਂ ਰੌਸ਼ਨ ਕੀਤਾ ਸੀ। ਇਸ ਸ਼ਾਨਦਾਰ ਪ੍ਰਦਰਸ਼ਨ ਦੇ ਬਲਬੂਤੇ ਉਸ ਦੀ ਚੋਣ ਅਕਤੂਬਰ ਵਿੱਚ ਜਾਪਾਨ ਵਿਖੇ ਹੋਣ ਵਾਲੀਆਂ ਪੈਰਾ ਏਸ਼ੀਅਨ ਗੇਮਜ਼ ਲਈ ਹੋਈ ਸੀ। ਜਿਸ ਘਰ ਵਿੱਚ ਜਿੱਤ ਦੀਆਂ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਸਨ, ਉੱਥੇ ਹੁਣ ਚਿਰਾਗ ਦੀ ਮੌਤ ਨਾਲ ਹਾਹਾਕਾਰ ਮਚ ਗਈ ਹੈ। ਪਰਿਵਾਰਕ ਮੈਂਬਰਾਂ ਅਨੁਸਾਰ, ਬੁੱਧਵਾਰ ਸਵੇਰੇ ਚਿਰਾਗ ਆਪਣੇ ਘਰ ਤੋਂ ਹੋਸਟਲ ਜਾਣ ਦੀ ਗੱਲ ਕਹਿ ਕੇ ਨਿਕਲਿਆ ਸੀ। ਜਦੋਂ ਕਾਫ਼ੀ ਸਮਾਂ ਉਸ ਨਾਲ ਕੋਈ ਸੰਪਰਕ ਨਾ ਹੋਇਆ ਤਾਂ ਪਰਿਵਾਰ ਨੂੰ ਚਿੰਤਾ ਹੋਈ। ਇਸੇ ਦੌਰਾਨ ਦੁਪਹਿਰ ਲਗਭਗ 3 ਵਜੇ ਪੁਲਿਸ ਨੂੰ ਸਾਈ ਕੁੰਜ (ਸਾਈ ਉਪਵਨ) ਇਲਾਕੇ ਵਿੱਚੋਂ ਇੱਕ ਨੌਜਵਾਨ ਦੀ ਲਾਸ਼ ਬਰਾਮਦ ਹੋਈ, ਜਿਸ ਦੀ ਪਛਾਣ ਪਰਿਵਾਰ ਨੇ ਚਿਰਾਗ ਵਜੋਂ ਕੀਤੀ। ਮ੍ਰਿਤਕ ਦੇ ਕਜ਼ਨ ਆਸ਼ੀਸ਼ ਤਿਆਗੀ ਨੇ ਸ਼ੁਰੂ ਤੋਂ ਹੀ ਇਸ ਨੂੰ ਸਾਜ਼ਿਸ਼ੀ ਕਤਲ ਦੱਸਦਿਆਂ ਇਨਸਾਫ਼ ਦੀ ਮੰਗ ਕੀਤੀ ਸੀ। ਗਾਜ਼ਿਆਬਾਦ ਦੇ ਡਿਪਟੀ ਕਮਿਸ਼ਨਰ ਆਫ਼ ਪੁਲਿਸ ਧਵਲ ਜੈਸਵਾਲ ਨੇ ਮੀਡੀਆ ਨੂੰ ਦੱਸਿਆ ਕਿ ਮੁਲਜ਼ਮ ਯਸ਼ ਖਟੀਕ ਨੂੰ ਹਿਰਾਸਤ ਵਿੱਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਕਤਲ ਵਿੱਚ ਵਰਤੇ ਗਏ ਹਥਿਆਰ (ਪਿਸਤੌਲ) ਨੂੰ ਬਰਾਮਦ ਕਰਨ ਲਈ ਪੁਲਿਸ ਟੀਮਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਿਸ ਇਸ ਗੱਲ ਦੀ ਵੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਕਿ ਇਸ ਵਾਰਦਾਤ ਵਿੱਚ ਮੁਲਜ਼ਮ ਦੇ ਨਾਲ ਕੋਈ ਹੋਰ ਵਿਅਕਤੀ ਤਾਂ ਸ਼ਾਮਲ ਨਹੀਂ ਸੀ। ਲਾਸ਼ ਨੂੰ ਪੋਸਟਮਾਰਟਮ ਤੋਂ ਬਾਅਦ ਵਾਰਸਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ।

# ਪੰਜਾਬ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾਂ ਤਿਆਰ; ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਤਿਆਰੀਆਂ ਦਾ ਜਾਇਜ਼ਾ, ਸਤੰਬਰ ਤੋਂ ਪਹਿਲਾਂ ਸਾਰੇ ਕੰਮ ਮੁਕੰਮਲ ਕਰਨ ਦੇ ਨਿਰਦੇਸ਼

ਜ਼ਿਕਰ ਪੰਜਾਬ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਇਸ ਸਾਲ ਦੇ ਅੰਤ ਵਿੱਚ ਵੱਕਾਰੀ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾਂ ਤਿਆਰ ਹੈ। ਮੁੱਖ ਮੰਤਰੀ ਨੇ ਮੈਗਾ ਅੰਤਰਰਾਸ਼ਟਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਤੋਂ ਪਹਿਲਾਂ ਇਸ ਸਬੰਧੀ ਸੁਚਾਰੂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਸਤੰਬਰ ਤੋਂ ਪਹਿਲਾਂ ਬੁਨਿਆਦੀ ਢਾਂਚਾ ਦੇ ਸਮੁੱਚੇ ਕਾਰਜਾਂ ਸਮੇਤ ਹੋਰ ਸਾਰੇ ਕੰਮ ਪੂਰੇ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਟੂਰਨਾਮੈਂਟ ਦੀ ਸਫਲਤਾ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਾ ਰਹੇ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਮਾਹਿਰਾਂ, ਖਿਡਾਰੀਆਂ ਅਤੇ ਹੋਰ ਭਾਈਵਾਲਾਂ ਦੀ ਸ਼ਮੂਲੀਅਤ ਵਾਲੀ ਇੱਕ ਪ੍ਰਬੰਧਕੀ ਕਮੇਟੀ ਬਣਾਈ ਜਾਵੇ, ਜੋ ਸਾਰੇ ਪ੍ਰਬੰਧਾਂ ਨੂੰ ਸਮੇਂ ਸਿਰ ਪੂਰਾ ਕਰਨਾ ਯਕੀਨੀ ਬਣਾਏਗੀ। ਉਨ੍ਹਾਂ ਨੇ ਜਲੰਧਰ ਅਤੇ ਮੋਹਾਲੀ ਵਿਖੇ ਚੱਲ ਰਹੇ ਕੰਮਾਂ ਦੀ ਪ੍ਰਗਤੀ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰਨ ਲਈ ਸੀਨੀਅਰ ਅਧਿਕਾਰੀਆਂ ਦੀ ਇੱਕ ਉੱਚ-ਤਾਕਤੀ ਕਮੇਟੀ ਦੇ ਗਠਨ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਵਿਸ਼ਵ ਪੱਧਰੀ ਸਹੂਲਤਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਸਾਰੇ ਪ੍ਰਬੰਧਾਂ ਨੂੰ ਸਮਾਂਬੱਧ ਢੰਗ ਨਾਲ ਲਾਗੂ ਕਰਨ ਲਈ ਮਾਹਿਰਾਂ, ਖਿਡਾਰੀਆਂ ਅਤੇ ਹੋਰਨਾਂ ਭਾਈਵਾਲਾਂ ਦੀ ਪ੍ਰਬੰਧਕੀ ਕਮੇਟੀ ਬਣਾਈ ਜਾਵੇ। ਇਸ ਵੱਕਾਰੀ ਟੂਰਨਾਮੈਂਟ ਨਾਲ ਸਬੰਧਤ ਹਰ ਕੰਮ ਸਤੰਬਰ ਤੋਂ ਪਹਿਲਾਂ ਪੂਰਾ ਹੋਣਾ



ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਸਮਾਗਮ ਦੀ ਸ਼ਾਨਦਾਰ ਸਫ਼ਲਤਾ ਵਿੱਚ ਕੋਈ ਕਸਰ ਨਾ ਬਾਕੀ ਨਾ ਰਹੇ। ਬੁਨਿਆਦੀ ਢਾਂਚੇ ਦੀਆਂ ਲੋੜਾਂ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਿਰਦੇਸ਼ ਦਿੱਤੇ ਕਿ ਜਲੰਧਰ ਅਤੇ ਮੋਹਾਲੀ ਦੇ ਸਟੇਡੀਅਮਾਂ ਨੂੰ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ ਨਵੀਨਤਮ ਸਹੂਲਤਾਂ ਨਾਲ ਅਪਗ੍ਰੇਡ ਕੀਤਾ ਜਾਵੇ। ਭਾਰਤੀ ਹਾਕੀ ਫੈਡਰੇਸ਼ਨ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੰਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਇਸ ਪੱਧਰ ਦੇ ਪਲੇਠੇ ਟੂਰਨਾਮੈਂਟ ਦੇ ਸਫ਼ਲ ਆਯੋਜਨ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਹਾਕੀ ਦੇ ਖਿਡਾਰੀ ਪੈਦਾ ਹੁੰਦੇ ਰਹੇ ਹਨ ਹੈ ਅਤੇ ਸਾਡੀ ਧਰਤੀ 'ਤੇ ਅਜਿਹੇ ਕੌਮਾਂਤਰੀ ਟੂਰਨਾਮੈਂਟ ਦੀ ਮੇਜ਼ਬਾਨੀ ਸਾਡੇ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਲਈ ਹੋਰ ਪ੍ਰੇਰਿਤ ਕਰੇਗੀ। ਸਮਾਗਮ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਚੈਂਪੀਅਨਸ਼ਿਪ ਦੇ ਸੁਚਾਰੂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ, ਲੌਜਿਸਟਿਕਸ ਅਤੇ ਖਿਡਾਰੀਆਂ ਦੀਆਂ ਸਹੂਲਤਾਂ ਨਾਲ ਸਬੰਧਤ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਵਿਸ਼ਵ ਪੱਧਰੀ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸੁਰੱਖਿਆ ਅਤੇ ਹਰ ਸੰਭਵ ਸਹੂਲਤ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ, ÷ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਵਿੱਚ ਵਧੀਆ ਪ੍ਰਦਸ਼ਨ ਕਰਨ ਵਾਲੀਆਂ ਹਾਕੀ ਦੀਆਂ 6 ਟੀਮਾਂ ਹਿੱਸਾ ਲੈਣਗੀਆਂ। ਪਹਿਲੀ ਵਾਰ ਪੰਜਾਬ ਨੂੰ ਇਸ ਕੌਮਾਂਤਰੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ, ਜੋ ਕਿ ਖੇਡਾਂ ਦੇ ਖੇਤਰ ਵਿੱਚ ਇੱਕ ਵੱਡੀ ਪ੍ਰਾਪਤੀ ਹੈ। ਇਸ ਸਮਾਗਮ ਨੂੰ ਪੰਜਾਬ ਲਈ ਇਤਿਹਾਸਕ ਪਲ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਇਸ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਲਈ ਸਾਡੇ ਸੂਬੇ ਨੂੰ ਚੁਣਿਆ ਗਿਆ, ਜਿਸ ਨਾਲ ਪੰਜਾਬ ਭਰ ਵਿੱਚ ਹਾਕੀ ਅਤੇ ਖੇਡ ਸੱਭਿਆਚਾਰ ਨੂੰ ਭਰਪੂਰ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ, ਇਹ ਬਹੁਤ ਖ਼ੁਸ਼ੀ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬ ਇਸ ਵਿਆਪਕ ਕੌਮਾਂਤਰੀ ਖੇਡ ਸਮਾਗਮ ਦੀ ਮੇਜ਼ਬਾਨੀ ਕਰੇਗਾ। ਇਹ ਸੂਬੇ ਵਿੱਚ ਖੇਡਾਂ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਵਿੱਚ ਬਹੁਤ ਸਹਾਈ ਹੋਵੇਗਾ। ਭਾਰਤੀ ਹਾਕੀ ਵਿੱਚ ਪੰਜਾਬ ਦੇ ਵਡਮੁੱਲੇ ਯੋਗਦਾਨ ਨੂੰ ਉਜਾਗਰ ਕਰਦਿਆਂ ਉਨ੍ਹਾਂ ਅੱਗੇ ਕਿਹਾ, ਦਹਾਕਿਆਂ ਤੋਂ ਹਾਕੀ ਵਿੱਚ ਪੰਜਾਬੀ ਦੀ ਮਜ਼ਬੂਤ ਨੁਮਾਇੰਦਗੀ ਦੇ ਬਾਵਜੂਦ, ਪੰਜਾਬ ਨੇ ਹੁਣ ਤੱਕ ਕਦੇ ਵੀ ਕਿਸੇ ਵੱਡੇ ਕੌਮਾਂਤਰੀ ਹਾਕੀ ਟੂਰਨਾਮੈਂਟ ਦੀ ਮੇਜ਼ਬਾਨੀ ਨਹੀਂ ਕੀਤੀ। ਇਸ ਚੈਂਪੀਅਨਸ਼ਿਪ ਦਾ ਸੂਬੇ ਵਿੱਚ ਹੋਣਾ ਇੱਕ ਵੱਡਾ ਸੁਪਨਾ ਸਾਕਾਰ ਹੋਣ ਵਾਂਗ ਹੈ। ਮੀਟਿੰਗ ਦੌਰਾਨ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਪੰਜਾਬ ਹਾਕੀ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਵਿਜੀਲੈਂਸ ਬਿਊਰੋ ਨੇ ਲੇਖਾਕਾਰ ਨੂੰ 15 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਕੀਤਾ ਗ੍ਰਿਫਤਾਰ



ਜ਼ਿਕਰ ਪੰਜਾਬ

**ਗੁਰਦਾਸਪੁਰ** : ਪੰਜਾਬ ਵਿਜੀਲੈਂਸ ਬਿਊਰੋ ਨੇ ਪੀਐਸਪੀਸੀਐਲ ਡਿਵੀਜ਼ਨ ਗੁਰਦਾਸਪੁਰ ਦੇ ਇੰਚਾਰਜ ਲੇਖਾ ਸ਼ਾਖਾ ਅੰਮ੍ਰਿਤਪਾਲ ਸਿੰਘ ਨੂੰ 15 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਮੁਤਾਬਕ ਉਕਤ ਮੁਲਜ਼ਮ ਨੂੰ ਇਸਲਾਮਾਬਾਦ ਜ਼ਿਲ੍ਹਾ ਗੁਰਦਾਸਪੁਰ ਦੇ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਪੀ.ਐਸ.ਪੀ.ਸੀ.ਐਲ ਵਿਭਾਗ ਤੋਂ ਜੂਨੀਅਰ ਇੰਜੀਨੀਅਰ ਵਜੋਂ ਸੇਵਾਮੁਕਤ ਹੋਇਆ ਸੀ ਅਤੇ ਸੇਵਾਮੁਕਤੀ ਤੋਂ ਬਾਅਦ ਮਹਿੰਗਾਈ ਭੱਤੇ ਅਤੇ ਤਨਖ਼ਾਹ ਫਿਕਸੇਸ਼ਨ ਦੇ ਬਕਾਏ ਵਿਭਾਗ ਕੋਲ ਬਕਾਇਆ ਸਨ। ਇਸ ਸਬੰਧੀ ਉਹ ਆਪਣੇ ਬਕਾਏ ਲੈਣ ਲਈ ਪੀ.ਐਸ.ਪੀ.ਸੀ.ਐਲ ਡਵੀਜ਼ਨ ਗੁਰਦਾਸਪੁਰ ਦੇ ਇੰਚਾਰਜ ਲੇਖਾ ਸ਼ਾਖਾ ਅੰਮ੍ਰਿਤਪਾਲ ਸਿੰਘ ਨੂੰ ਮਿਲੇ। ਉਨ੍ਹਾਂ ਨੇ ਦੱਸਿਆ ਕਿ ਮੁਲਜ਼ਮ ਲੇਖਾਕਾਰ ਨੇ ਸ਼ਿਕਾਇਤਕਰਤਾ ਦੇ ਬਕਾਏ ਕਲੀਅਰ ਕਰਨ ਲਈ 15,000 ਰੁਪਏ ਰਿਸ਼ਵਤ ਮੰਗੀ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਮੁਲਜ਼ਮ ਲੇਖਾਕਾਰ ਉਸ ਨੂੰ ਪਿਛਲੇ ਡੇਢ ਸਾਲਾਂ ਤੋਂ ਤੰਗ ਪ੍ਰੇਸ਼ਾਨ ਕਰ ਰਿਹਾ ਸੀ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਕਰਦਿਆਂ ਸਾਰੀ ਗੱਲਬਾਤ ਵੀ ਰਿਕਾਰਡ ਕਰ ਲਈ। ਵਿਜੀਲੈਂਸ ਬਿਊਰੋ ਮੁਤਾਬਕ ਰਿਸ਼ਵਤ ਨਾ ਦੇਣ ਦੀ ਇੱਛਾ ਸਦਕਾ ਸ਼ਿਕਾਇਤਕਰਤਾ ਨੇ ਵੀਬੀ ਰੇਂਜ ਅੰਮ੍ਰਿਤਸਰ ਕੋਲ ਪਹੁੰਚ ਕੀਤੀ। ਉਸਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਲੇਖਾਕਾਰ ਨੂੰ ਸ਼ਿਕਾਇਤਕਰਤਾ ਤੋਂ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਮੁਲਜ਼ਮਾਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਵਿਖੇ ਮੁਕੱਦਮਾ ਦਰਜ ਕਰ ਲਿਆ ਹੈ।

# ਕੇਂਦਰ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਅਤੇ ਏਟੀਐਫ 'ਤੇ ਨਿਰਯਾਤ ਡਿਊਟੀ ਘਟਾਉਣ ਦਾ ਵੱਡਾ ਫੈਸਲਾ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਆਈ ਮਾਮੂਲੀ ਨਰਮੀ ਦੇ ਚਲਦਿਆਂ ਕੇਂਦਰ ਸਰਕਾਰ ਨੇ ਪੈਟਰੋਲ, ਡੀਜ਼ਲ ਅਤੇ ਹਵਾਬਾਜ਼ੀ ਟਰਬਾਈਨ ਫਿਊਲ ਦੇ ਨਿਰਯਾਤ 'ਤੇ ਲੱਗਣ ਵਾਲੀ ਡਿਊਟੀ (ਟੈਕਸ) ਨੂੰ ਘਟਾਉਣ ਦਾ ਇੱਕ ਅਹਿਮ ਫੈਸਲਾ ਲਿਆ ਹੈ। ਸਰਕਾਰ ਵੱਲੋਂ ਸ਼ਨੀਵਾਰ ਨੂੰ ਜਾਰੀ ਕੀਤੇ ਗਏ ਇੱਕ ਅਧਿਕਾਰਤ ਬਿਆਨ ਮੁਤਾਬਕ, ਇਹ ਨਵੀਆਂ ਦਰਾਂ 1 ਜੂਨ ਤੋਂ ਦੇਸ਼ ਭਰ ਵਿੱਚ ਲਾਗੂ ਹੋ ਜਾਣਗੀਆਂ। ਸਰਕਾਰੀ ਐਲਾਨ ਅਨੁਸਾਰ, ਪੈਟਰੋਲ ਦੇ ਨਿਰਯਾਤ 'ਤੇ ਲੱਗਣ ਵਾਲੇ ਟੈਕਸ ਵਿੱਚ 1.5 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 'ਤੇ ਸਭ ਤੋਂ ਵੱਧ 13.50 ਰੁਪਏ ਪ੍ਰਤੀ ਲੀਟਰ ਦੀ ਕਟੌਤੀ ਕੀਤੀ ਗਈ ਹੈ। ਇਸ ਦੇ ਨਾਲ ਹੀ ਹਵਾਈ ਜਹਾਜ਼ਾਂ ਵਿੱਚ ਵਰਤੇ ਜਾਣ ਵਾਲੇ ਬਾਲਣ ਦੇ ਨਿਰਯਾਤ 'ਤੇ ਵੀ ਟੈਕਸ 9.5 ਰੁਪਏ ਪ੍ਰਤੀ ਲੀਟਰ ਘਟਾ ਦਿੱਤਾ ਗਿਆ ਹੈ। ਤੇਲ ਮਾਹਰਾਂ ਮੁਤਾਬਕ, ਸਰਕਾਰ ਦੇ ਇਸ ਫੈਸਲੇ ਦਾ ਦੇਸ਼ ਦੇ ਅੰਦਰੂਨੀ ਬਜ਼ਾਰ ਯਾਨੀ ਘਰੇਲੂ ਪੱਧਰ 'ਤੇ ਕੋਈ ਪ੍ਰਭਾਵ ਨਹੀਂ ਦੇਖਣ ਨੂੰ ਮਿਲੇਗਾ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸਰਕਾਰ ਨੇ ਸਿਰਫ਼ ਬਾਹਰ ਭੇਜੇ ਜਾਣ ਵਾਲੇ (ਨਿਰਯਾਤ) ਤੇਲ 'ਤੇ ਡਿਊਟੀ ਘਟਾਈ ਹੈ, ਜਦੋਂ ਕਿ ਘਰੇਲੂ ਪੱਧਰ 'ਤੇ ਲੱਗਣ ਵਾਲੇ ਟੈਕਸਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਗੌਰਤਲਬ ਹੈ ਕਿ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਭੂ-ਰਾਜਨੀਤਿਕ



ਤਣਾਅ ਦੇ ਮੱਦੇਨਜ਼ਰ, ਦੇਸ਼ ਅੰਦਰ ਬਾਲਣ ਦੀ ਸਪਲਾਈ ਨੂੰ ਬਰਕਰਾਰ ਰੱਖਣ ਲਈ ਸਰਕਾਰ ਨੇ 27 ਮਾਰਚ, 2026 ਨੂੰ ਇਹ ਵਿਸ਼ੇਸ਼ ਟੈਕਸ ਲਾਗੂ ਕੀਤਾ ਸੀ, ਜਿਸ ਨੂੰ ਆਖਰੀ ਵਾਰ 16 ਮਈ ਨੂੰ ਸੋਧਿਆ ਗਿਆ ਸੀ। ਦੂਜੇ ਪਾਸੇ, ਐਤਵਾਰ ਨੂੰ ਸਰਕਾਰੀ ਤੇਲ ਕੰਪਨੀਆਂ ਨੇ ਘਰੇਲੂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕੋਈ ਵਾਧਾ-ਘਾਟਾ ਨਹੀਂ ਕੀਤਾ। ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਅੱਜ ਪੈਟਰੋਲ 102.12 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 95.20 ਰੁਪਏ ਪ੍ਰਤੀ ਲੀਟਰ ਦੇ ਪੁਰਾਣੇ ਰੇਟ 'ਤੇ ਹੀ ਵਿਕ ਰਿਹਾ ਹੈ। ਭਾਵੇਂ ਅੱਜ ਕੀਮਤਾਂ ਸਥਿਰ ਹਨ, ਪਰ ਇਕੱਲੇ ਮਈ ਦੇ ਮਹੀਨੇ ਵਿੱਚ ਹੀ ਖਪਤਕਾਰਾਂ ਨੂੰ ਤੇਲ ਦੀਆਂ ਕੀਮਤਾਂ ਵਿੱਚ ਲਗਭਗ 7.5 ਰੁਪਏ ਪ੍ਰਤੀ ਲੀਟਰ ਦਾ ਵੱਡਾ ਵਾਧਾ ਝੱਲਣਾ ਪਿਆ ਹੈ। ਰਿਕਾਰਡ ਮੁਤਾਬਕ, ਸਾਲ 2022 ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿੱਚ ਇੰਨਾ ਵੱਡਾ ਉਛਾਲ ਦੇਖਿਆ ਗਿਆ ਹੈ। ਦੇਸ਼ ਦੇ ਕਈ ਪ੍ਰਮੁੱਖ ਸ਼ਹਿਰਾਂ ਵਿੱਚ ਪੈਟਰੋਲ ਦੀਆਂ ਕੀਮਤਾਂ ਪਹਿਲਾਂ ਹੀ 110 ਰੁਪਏ ਦਾ ਅੰਕੜਾ ਪਾਰ ਕਰ ਚੁੱਕੀਆਂ ਹਨ। ਹੈਦਰਾਬਾਦ ਵਿੱਚ ਪੈਟਰੋਲ ਦੀ ਕੀਮਤ 115 ਰੁਪਏ ਪ੍ਰਤੀ ਲੀਟਰ ਤੋਂ ਵੀ ਉੱਪਰ ਚਲੀ ਗਈ ਹੈ, ਜਦੋਂ ਕਿ ਕੋਲਕਾਤਾ ਵਿੱਚ ਵੀ ਇਹ 110 ਰੁਪਏ ਤੋਂ ਵੱਧ ਵਿਕ ਰਿਹਾ ਹੈ। ਹਾਲਾਂਕਿ, ਸਰਕਾਰ ਵੱਲੋਂ ਪਹਿਲਾਂ ਘਰੇਲੂ ਪੱਧਰ 'ਤੇ ਘਟਾਈ ਗਈ ਐਕਸਾਈਜ਼ ਡਿਊਟੀ ਅਜੇ ਵੀ ਬਰਕਰਾਰ ਹੈ, ਜਿਸ ਕਾਰਨ ਕੀਮਤਾਂ ਇਸ ਤੋਂ ਅੱਗੇ ਨਹੀਂ ਵਧੀਆਂ ਹਨ।

# ਮੁਲਾਜ਼ਮਾਂ ਦਾ ਡੀ.ਏ. ਹੜੱਪਣ ਵਾਲੀ ਸਰਕਾਰ ਬੇਨਕਾਬ : ਇਕੋਲਾਹਾ

ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**

ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਪੰਜਾਬ ਸੂਬਾ ਕਮੇਟੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ (ਡੀ.ਏ.) ਦੇ ਬਕਾਏ ਰੋਕਣ ਦੀ ਨੀਤੀ ਨੂੰ ਮੁਲਾਜ਼ਮ ਵਿਰੋਧੀ ਅਤੇ ਲੋਕ ਵਿਰੋਧੀ ਕਰਾਰ ਦਿੰਦੀ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੂਬਾ ਸਕੱਤਰ ਕਰਨੈਲ ਸਿੰਘ ਇਕੋਲਾਹਾ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਵਿੱਚ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇੱਕ ਪਾਸੇ ਸਰਕਾਰ ਆਪਣੇ ਆਪ ਨੂੰ ਲੋਕਾਂ ਦੀ ਸਰਕਾਰ ਦੱਸਦੀ ਹੈ, ਦੂਜੇ ਪਾਸੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕਾਂ ਉੱਤੇ ਡਾਕਾ ਮਾਰ ਰਹੀ ਹੈ। ਮਹਿੰਗਾਈ ਲਗਾਤਾਰ ਅਸਮਾਨ ਛੂਹ ਰਹੀ ਹੈ, ਪਰ ਸਰਕਾਰ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਦੀ ਬਜਾਏ ਖ਼ਜ਼ਾਨਾ ਖਾਲੀ ਹੋਣ ਦੇ ਬਹਾਨੇ ਬਣਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਨੇ ਸਿੱਖਿਆ, ਸਿਹਤ, ਆਵਾਜਾਈ ਅਤੇ ਪ੍ਰਸ਼ਾਸਨਿਕ ਢਾਂਚੇ ਨੂੰ



ਚਲਾਉਣ ਲਈ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਸਮਰਪਿਤ ਕੀਤਾ ਹੈ, ਪਰ ਅੱਜ ਉਹੀ ਮੁਲਾਜ਼ਮ ਆਪਣੇ ਹੱਕਾਂ ਲਈ ਧਰਨੇ ਦੇਣ ਲਈ ਮਜਬੂਰ ਹਨ। ਇਹ ਸਰਕਾਰ ਦੀ ਨਾਕਾਮੀ ਅਤੇ ਦੋਹਰੇ ਚਿਹਰੇ ਦਾ ਸਬੂਤ ਹੈ। ਆਰਐਸਪੀ ਦਾ ਮੰਨਣਾ ਹੈ ਕਿ ਜਦੋਂ ਵਿਗਿਆਪਨਾਂ, ਸਮਾਗਮਾਂ ਅਤੇ ਸਿਆਸੀ ਪ੍ਰਚਾਰ ਲਈ ਕਰੋੜਾਂ ਰੁਪਏ ਖਰਚੇ ਜਾ ਸਕਦੇ ਹਨ ਤਾਂ ਮੁਲਾਜ਼ਮਾਂ ਦੇ ਡੀ.ਏ. ਦੇ ਬਕਾਏ ਦੇਣ ਲਈ ਪੈਸੇ ਕਿਉਂ ਨਹੀਂ ਹਨ? ਇਹ ਸਵਾਲ ਪੰਜਾਬ ਦਾ ਹਰ ਮੁਲਾਜ਼ਮ ਅਤੇ ਹਰ ਕਰਦਾਤਾ ਪੁੱਛ ਰਿਹਾ ਹੈ। ਅਸੀਂ ਪੰਜਾਬ ਸਰਕਾਰ ਤੋ ਪੁਰਜ਼ੋਰ ਮੰਗ ਕਰਦੇ ਹਾਂ ਕਿ ਮੁਲਾਜਮਾ ਨੂੰ ਡੀ.ਏ. ਦੇ ਸਾਰੇ ਬਕਾਏ ਤੁਰੰਤ ਜਾਰੀ ਕੀਤੇ ਜਾਣ,ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ, ਕੱਚੇ, ਠੇਕਾ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ। ਮੁਲਾਜ਼ਮ ਜਥੇਬੰਦੀਆਂ ਨਾਲ ਤੁਰੰਤ ਗੱਲਬਾਤ ਕੀਤੀ ਜਾਵੇ।

# ਪੰਜਾਬ ਬਣੇਗਾ ਦੇਸ਼ ਦਾ ਪਹਿਲਾ ਰਾਜ, ਜਿੱਥੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਪਹੁੰਚ ਜ਼ਿਲ੍ਹਿਆਂ ਤੱਕ ਹੋਵੇਗੀ - ਪਦਮਸ਼੍ਰੀ ਜਤਿੰਦਰ ਸਿੰਘ ਸ਼ੰਟੀ

ਜ਼ਿਕਰ ਪੰਜਾਬ

**ਲੁਧਿਆਣਾ/ਮਨਜੀਤ ਸਿੰਘ ਧੀਮਾਨ**

ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਲੋਕਾਂ ਨੂੰ ਤੇਜ਼, ਪਾਰਦਰਸ਼ੀ ਅਤੇ ਸਥਾਨਕ ਪੱਧਰ 'ਤੇ ਇਨਸਾਫ਼ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੰਜਾਬ ਰਾਜ ਅਤੇ ਚੰਡੀਗੜ੍ਹ (ਯੂ.ਟੀ) ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰ ਦਫ਼ਤਰਾਂ ਦੇ ਜ਼ਿਲ੍ਹਾ ਪੱਧਰੀ ਕੰਪਲੈਕਸ ਵਿੱਚ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਕੋਰ ਕਮੇਟੀ ਦੇ ਜ਼ਿਲ੍ਹਾ ਦਫ਼ਤਰ ਖੋਲ੍ਹੇ ਜਾਣਗੇ। ਇਸ ਸਬੰਧੀ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਤੋਂ ਦਫਤਰ ਖੋਲਣ ਲਈ ਜਗ?ਹਾ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਮੈਂਬਰ ਪੰਜਾਬ ਰਾਜ ਅਤੇ ਚੰਡੀਗੜ੍ਹ (ਯੂ.ਟੀ) ਮਨੁੱਖੀ ਅਧਿਕਾਰ ਕਮਿਸ਼ਨ ਸ. ਜਤਿੰਦਰ ਸਿੰਘ ਸ਼ੰਟੀ (ਪਦਮਸ਼੍ਰੀ ਐਵਾਰਡੀ) ਨੇ ਸ਼ਨੀਵਾਰ ਨੂੰ ਲੁਧਿਆਣਾ ਦੀ ਆਲਮਗੀਰ ਮਾਰਕੀਟ ਦੇ ਇੱਕ ਨਿੱਜੀ ਹੋਟਲ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਲੋਕਾਂ ਨੂੰ ਜਾਗਰੂਕਤਾ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਪਦਮਸ਼੍ਰੀ ਐਵਾਰਡੀ ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਇਹ ਪਹਿਲ ਪੰਜਾਬ ਨੂੰ ਦੇਸ਼ ਦਾ ਪਹਿਲਾ ਅਜਿਹਾ ਰਾਜ ਬਣਾਉਂਦੀ ਹੈ ਜਿੱਥੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਕਾਰਗੁਜ਼ਾਰੀ ਦਾ ਜ਼ਿਲ੍ਹਾ ਪੱਧਰ ਤੱਕ ਵਿਸਥਾਰ ਕੀਤਾ ਜਾਵੇਗਾ। ਇਸ ਕਦਮ ਨਾਲ ਆਮ ਲੋਕਾਂ ਨੂੰ ਆਪਣੇ ਅਧਿਕਾਰਾਂ ਲਈ ਦਫਤਰ ਮਨੁੱਖੀ ਅਧਿਕਾਰ ਕਮਿਸ਼ਨ, ਚੰਡੀਗੜ੍ਹ ਤੱਕ ਜਾਣ ਦੀ ਲੋੜ ਨਹੀਂ ਪਵੇਗੀ, ਸਗੋਂ ਉਹ ਆਪਣੇ ਹੀ ਜ਼ਿਲ੍ਹੇ ਵਿੱਚ ਹੀ ਆਪਣੀਆਂ ਸ਼ਿਕਾਇਤਾਂ ਇਸ ਕੋਰ ਕਮੇਟੀ ਦੇ ਜ਼ਿਲ੍ਹਾ ਦਫ਼ਤਰ ਵਿੱਚ ਦਰਜ ਕਰਵਾ ਸਕਣਗੇ। ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਸਿਰਫ਼ ਕਾਨੂੰਨੀ ਜ਼ਿੰਮੇਵਾਰੀ ਨਹੀਂ, ਸਗੋਂ ਇੱਕ ਸਮਾਜਿਕ ਫਰਜ਼ ਵੀ ਹੈ। ਉਨ੍ਹਾਂ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਬਰਾਬਰੀ, ਇਨਸਾਫ਼ ਅਤੇ ਸਨਮਾਨ ਮਿਲਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਦਾ ਮੁੱਖ ਉਦੇਸ਼ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਸੰਬੰਧਿਤ ਮਾਮਲਿਆਂ ਦਾ ਤੇਜ਼ ਨਿਪਟਾਰਾ ਕਰਨਾ ਹੈ। ਸ਼ੰਟੀ ਨੇ ਇਹ ਵੀ ਕਿਹਾ ਕਿ ਕਮਿਸ਼ਨ ਦੀ ਕਾਰਜਪ੍ਰਣਾਲੀ ਨੂੰ ਹੋਰ ਪਾਰਦਰਸ਼ੀ ਅਤੇ ਲੋਕ-ਕੇਂਦਰਿਤ ਬਣਾਇਆ ਜਾਵੇਗਾ। ਸ਼ਿਕਾਇਤਾਂ ਦੀ ਸੁਣਵਾਈ ਸਮੇਂ ਸਿਰ ਹੋਵੇਗੀ ਅਤੇ ਹਰ ਮਾਮਲੇ ਨੂੰ ਸੰਵੇਦਨਸ਼ੀਲਤਾ ਨਾਲ ਦੇਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਖਾਸ ਤੌਰ 'ਤੇ ਮਹਿਲਾਵਾਂ, ਬੱਚਿਆਂ, ਬਜ਼ੁਰਗਾਂ, ਮਜ਼ਦੂਰਾਂ ਅਤੇ ਸਮਾਜ ਦੇ ਪਿੱਛੜੇ ਵਰਗਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਪੰਜਾਬ ਰਾਜ ਅਤੇ ਚੰਡੀਗੜ੍ਹ (ਯੂ.ਟੀ) ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਸ. ਸ਼ੰਟੀ ਨੇ ਮਨੁੱਖੀ ਅਧਿਕਾਰਾਂ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਾਗਰੂਕਤਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰ ਸਿਰਫ਼ ਕਿਤਾਬਾਂ ਜਾਂ ਕਾਨੂੰਨਾਂ ਤੱਕ ਸੀਮਿਤ ਨਹੀਂ ਰਹਿਣੇ ਚਾਹੀਦੇ, ਸਗੋਂ ਹਰ ਵਿਅਕਤੀ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਇਨ੍ਹਾਂ ਦੀ ਪਾਲਨਾ ਹੋਣੀ ਚਾਹੀਦੀ ਹੈ।. ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਜੇਕਰ ਕਿਤੇ ਵੀ ਮਨੁੱਖੀ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਇਸ ਸਬੰਧੀ ਲਿਖਤੀ ਸ਼ਿਕਾਇਤ ਵਟਸਐਪ ਨੰਬਰ 9855475547 ਜਾਂ https://www.pshrc.net/ ਵੈੱਬਸਾਈਟ ਤੇ ਦਿੱਤੀ ਜਾਵੇ ਜਿਸ ਤੇ ਦੋ ਦਿਨਾਂ ਅੰਦਰ ਯਕੀਨਨ ਕਾਰਵਾਈ ਹੋਵੇਗੀ।



ਇਸ ਮੌਕੇ ਮੌਜੂਦ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਭਵਿੱਖ ਵਿੱਚ ਜ਼ਿਲ੍ਹਾ ਪੱਧਰ 'ਤੇ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਕੋਰ ਕਮੇਟੀਆਂ ਦੇ ਦਫਤਰ ਖੋਲ੍ਹਣ ਨਾਲ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ।ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ . ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਸਾਡਾ ਮਕਸਦ ਇੱਕੋ ਹੀ ਹੈ ਕਿ ਲੋਕਾਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਲਈ ਪ੍ਰੇਰਿਤ ਕਰਨਾ ਹੈ ਕਿਉਂਕਿ ਕਈ ਵਾਰ ਲੋਕਾਂ ਨੂੰ ਆਪਣੇ ਅਧਿਕਾਰਾਂ ਲਈ ਪਰੇਸ਼ਾਨ ਹੋਣਾ ਪੈਂਦਾ ਹੈ।

# ਡਾਂਸ, ਡਰਾਮਾ ਤੇ ਮਿਊਜ਼ਿਕ ਮੁਕਾਬਲਾ ਕਰਵਾਇਆ



ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**

ਆਰਗੇਨਾਈਜ਼ੇਸ਼ਨ, ਪੁਣੇ ਦੁਆਰਾ 10ਵਾਂ ਆਲ ਇੰਡੀਆ (ਨੈਸ਼ਨਲ) ਡਾਂਸ, ਡਰਾਮਾ ਅਤੇ ਮਿਊਜ਼ਿਕ ਮੁਕਾਬਲਾ ਕਰਵਾਇਆ ਗਿਆ। ਇਸ ਸਬੰਧੀ ਪਰਮੋਦ ਵੱਲੋ ਦੱਸਿਆ ਗਿਆ ਕਿ ਇਨ੍ਹਾਂ ਕਰਵਾਏ ਮੁਕਾਬਲਿਆਂ ਵਿੱਚ ਕੁੱਲ 3000 ਬੱਚਿਆਂ ਨੇ ਹਿੱਸਾ ਲਿਆ। ਅਤੇ ਫੋਕ ਕੈਟਾਗਰੀ ਵਿੱਚ 502 ਬੱਚਿਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਭੁੱਟੇ ਭੰਗੜਾ ਅਕੈਡਮੀ, ਸਮਰਾਲਾ (ਪੰਜਾਬ) ਨੇ ਹਿੱਸਾ ਲਿਆ ਅਤੇ ਅਲੱਗ- ਅਲੱਗ ਕੈਟੇਗਰੀ 'ਚੋਂ ਕਈ ਸਥਾਨ ਪ੍ਰਾਪਤ ਕੀਤੇ। ਮਾਈਨਰ ਕੈਟਾਗਰੀ ਵਿੱਚ ਮਨਜੋਤ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ ਸਬ- ਜੂਨੀਅਰ ਕੈਟਾਗਰੀ ਵਿੱਚ ਨਮਨਦੀਪ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਜੂਨੀਅਰ ਕੈਟਾਗਰੀ ਵਿੱਚ ਹਰਗੁਨ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਸੀਨੀਅਰ ਕੈਟਾਗਰੀ ਵਿੱਚ ਮਨਰੀਤ ਸਿੰਘ ਅਤੇ ਜਸਨੂਰ ਸਿੰਘ ਨੇ ਪਹਿਲਾ ਸਥਾਨ, ਸੀਨੀਅਰ ਗਰੁੱਪ (ਭੁੱਟੇ ਭੰਗੜਾ ਅਕੈਡਮੀ ਮਨਰੀਤ, ਜਸਨੂਰ, ਨਮਨ, ਕਰਮਨਵੀਰ, ਦਵਿੰਦਰ, ਓਂਕਾਰ,ਹਰਗੁਨ, ਮਨਜੋਤ ਨੇ ਪਹਿਲਾ ਸਥਾਨ ਹਾਸਲ ਕੀਤਾ। ਅਤੇ 180 ਗੁਰੂ ਵਿੱਚੋ ਮੋਹਿਤ ਭੁੱਟੇ (ਅਕੈਡਮੀ ਕੋਚ )ਨੂੰ ਗੁਰਮਤੀ ਅਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ ਇਸ ਦੌਰਾਨ ਜੇਤੂ ਬੱਚਿਆ ਨੂੰ ਸਮਰਪਣ ਲਾਂਬਾ (ਸੁਪਰ ਡਾਂਸਰ) ਵਲੋਂ ਸਨਮਾਨ ਦਿੱਤਾ ਅਤੇ ਇੰਟਰਨੈਸ਼ਨਲ ਪੱਧਰ ਵਿਅਤਨਾਮ (ਇੰਡੋਨੇਸ਼ੀਆ) ਲਈ ਚੁਣੇ ਗਏ। ਅਕੈਡਮੀ ਦੇ ਓਨਰ ਰਾਕੇਸ਼ ਕੁਮਾਰ ਤੇ ਕੋਚ ਮੋਹਿਤ ਕੁਮਾਰ ਭੁੱਟੇ, ਵਰੁਣ ਕੁਮਾਰ ਭੁੱਟੇ ਵੱਲੋਂ ਸਾਰੇ ਬੱਚਿਆਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਇਨ੍ਹਾਂ ਪ੍ਰਾਪਤੀਆਂ ਲਈ ਬੱਚਿਆਂ ਦੇ ਮਾਪੇ ਰਾਜਵਿੰਦਰ ਸਿੰਘ, ਸੰਦੀਪ ਸਿੰਘ, ਲਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਤੇ ਸਹਿ ਪਰਿਵਾਰ ਨੇ ਅਕੈਡਮੀ ਦੇ ਕੋਚ ਮੋਹਿਤ ਭੁੱਟੇ ਨੂੰ ਜਿੱਤ ਦੀ ਖ਼ੁਸ਼ੀ ਵਿਚ ਮੁਬਾਰਕਾਂ ਦਿੱਤੀਆਂ।




ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦਫ਼ਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਣਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly